**Golden State Realty** | **JASSI GILL** Broker/Owner



Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763



**ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ**

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।
* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:
ਮਿ. ਸਿੰਘ ਫੋਨ: 515-291-1961



COVERED CALIFORNIA | Certified Insurance Agent | Global Green INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann

**Mann Insurance Brokers Inc.**
4123 Dyer St., #230, Union City, CA 94587



Twenty-Fifth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 2; January 11, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਤੁਰੰਤ ਸਵੀਕਾਰ ਹੋਵੇ: ਜਥੇਦਾਰ

### ਜਥੇਦਾਰ ਹਰਪ੍ਰੀਤ ਸਿੰਘ ਦੇ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਜਾਂਚ ਦੀ ਲੋੜ ਤੋਂ ਕੀਤਾ ਇਨਕਾਰ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਸੁਖਬੀਰ ਬਾਦਲ ਸਮੇਤ ਹੋਰਾਂ ਦੇ ਅਸਤੀਫ਼ੇ ਫ਼ੌਰੀ ਤੌਰ 'ਤੇ ਪ੍ਰਵਾਨ ਕਰਨ ਲਈ ਕਿਹਾ ਹੈ।


ਇਸ ਦੇ ਨਾਲ ਹੀ ਉਨ੍ਹਾਂ ਜਥੇਦਾਰ ਹਰਪ੍ਰੀਤ ਸਿੰਘ ਦੇ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਜਾਂਚ ਦੀ ਜ਼ਰੂਰਤ ਤੋਂ ਵੀ ਇਨਕਾਰ ਕੀਤਾ ਹੈ। ਸੋਮਵਾਰ ਨੂੰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਦੇ ਮਾਮਲੇ 'ਚ ਦੋ ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਸੁਣਾਇਆ ਗਿਆ।ਫ਼ੈਸਲਾ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਨੂੰ ਆਨਾ- ਕਾਨੀ ਨਹੀਂ ਕਰਨੀ ਚਾਹੀਦੀ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ 'ਤੇ ਜਥੇਦਾਰ ਨੇ ਕਿਹਾ ਕਿ ਜਿਸ ਦਿਨ ਸ਼੍ਰੋਮਣੀ ਕਮੇਟੀ ਵੱਲੋਂ ਮਾਮਲੇ ਦੀ ਜਾਂਚ ਲਈ ਕਮੇਟੀ ਬਣਾਈ ਗਈ ਸੀ। ਜਥੇਦਾਰ ਹਰਪ੍ਰੀਤ ਸਿੰਘ ਨੇ ਖ਼ੁਦ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਪੰਜ ਪਿਆਰਿਆਂ ਦੀ ਮੌਜੂਦਗੀ 'ਚ ਕਹਿ ਦਿੱਤਾ ਸੀ ਕਿ ਇਹ ਪਾਪ ਮੈਂ ਨਹੀਂ ਕੀਤਾ। ਗਿਆਨੀ ਰਘਬੀਰ ਸਿੰਘ ਨੇ ਵੀ ਕਿਹਾ ਕਿ ਇਸ ਤੋਂ ਬਾਅਦ ਉਹ ਸਮਝਦੇ ਹਨ ਕਿ ਕੋਈ ਵੀ ਪੜਤਾਲ ਕਰਨੀ ਬਾਕੀ ਨਹੀਂ ਰਹਿ ਜਾਂਦੀ। ਉਨ੍ਹਾਂ ਨੇ ਉਸ ਦਿਨ ਵੀ ਕਿਹਾ ਸੀ ਕਿ ਜਥੇਦਾਰਾਂ ਦੀ ਜਾਂਚ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੈ।

ਜਥੇਦਾਰ ਨੇ ਕਿਹਾ ਕਿ ਜਸਪ੍ਰੀਤ ਸਿੰਘ, ਜਿਸ ਨੇ ਨਰਾਇਣ ਸਿੰਘ ਚੌੜਾ ਵੱਲੋਂ ਗੋਲੀ ਚਲਾਉਣ ਮੌਕੇ ਚੌੜਾ ਦੀ ਦਸਤਾਰ ਉਤਾਰੀ ਸੀ, ਦਾ ਮਾਫ਼ੀਨਾਮਾ ਆਇਆ ਹੈ, ਜਿਸ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰ ਕੇ ਕਾਰਵਾਈ ਕੀਤੀ ਜਾਵੇਗੀ।

ਕਿਸਾਨੀ ਮੰਗਾਂ ਲਈ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਦੇ ਮਾਮਲੇ 'ਤੇ ਜਥੇਦਾਰ ਨੇ ਕਿਹਾ ਕਿ ਬੜੇ ਦੁੱਖ ਵਾਲੀ ਗੱਲ ਹੈ ਕਿ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਰੱਖ ਕੇ ਕਿਸਾਨੀ ਹੱਕਾਂ ਲਈ ਲੜ ਰਹੇ ਹਨ ਤੇ ਸਰਕਾਰਾਂ ਗੱਲ ਨਹੀਂ ਸੁਣ ਰਹੀਆਂ। ਉਨ੍ਹਾਂ ਕਿਹਾ ਕਿ ਜਿਹੜੇ ਕਿਸਾਨ ਦੇਸ਼ ਦਾ ਢਿੱਡ ਭਰਦੇ ਹਨ ਜਾਂ ਜਿਹੜੇ ਫ਼ੌਜੀ ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਦੇ ਹਨ, ਜੇ ਇਨ੍ਹਾਂ ਨੂੰ ਹੱਕੀ ਮੰਗਾਂ ਲਈ ਮਰਨ ਵਰਤ ਜਾਂ ਧਰਨੇ ਦੇਣੇ ਪੈਣ, ਇਹ ਦੇਸ਼ ਦੇ ਹਿੱਤ 'ਚ ਨਹੀਂ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਜਲਦ ਤੋਂ ਜਲਦ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਸੁਣ ਕੇ ਹੱਲ ਕੀਤਾ ਜਾਵੇ।

# ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਅਸਤੀਫ਼ਾ



**ਓਟਵਾ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਲਿਬਰਲ ਪਾਰਟੀ ਦੀ ਪ੍ਰਧਾਨਗੀ ਵੀ ਛੱਡ ਦਿੱਤੀ ਹੈ। ਹਾਲਾਂਕਿ ਨਿਯਮਾਂ ਮੁਤਾਬਕ ਉਹ ਉਦੋਂ ਤੱਕ ਪ੍ਰਧਾਨ ਮੰਤਰੀ ਵਜੋਂ ਕੰਮ ਕਰਦੇ ਰਹਿਣਗੇ ਜਦੋਂ ਤੱਕ ਲਿਬਰਲ ਪਾਰਟੀ ਦੇ ਨਵੇਂ ਲੀਡਰ ਦੀ ਚੋਣ ਨਹੀਂ ਹੋ ਜਾਂਦੀ।

ਟਰੂਡੋ ਨੇ ਕੈਨੇਡਾ ਦੀ ਗਵਰਨਰ ਜਨਰਲ ਤੋਂ ਪ੍ਰਵਾਗੀ ਲੈ ਲਈ ਸੀ ਕਿ ਪਾਰਲੀਮੈਂਟ ਦਾ ਕੰਮ 24 ਮਾਰਚ ਤੱਕ ਠੱਪ ਰਹੇਗਾ ਤੇ ਇਸ ਦੌਰਾਨ ਪਾਰਲੀਮੈਂਟ ਦਾ ਕੋਈ ਸੈਸ਼ਨ ਨਹੀਂ ਹੋਵੇਗਾ। ਦੂਜੇ ਪਾਸੇ ਕੈਨੇਡਾ ਦੇ ਗਵਰਨਰ ਜਨਰਲ ਨੇ ਵੀ ਟਰੂਡੋ ਨੂੰ ਪਾਰਲੀਮੈਂਟ ਸੈਸ਼ਨ ਰੱਦ ਕਰਨ ਦੀ 24 ਮਾਰਚ ਤੱਕ ਮਨਜ਼ੂਰੀ ਦੇ ਦਿੱਤੀ ਹ ਭਾਵ 24 ਮਾਰਚ ਤੱਕ ਪਾਰਲੀਮੈਂਟ ਦਾ ਕੋਈ ਸੈਸ਼ਨ ਨਹੀਂ ਹੋਵੇਗਾ ਤੇ ਟਰੂਡੋ ਦੀ ਲਿਬਰਲ ਸਰਕਾਰ ਬਣੀ ਰਹੇਗੀ।ਜ਼ਿਕਰ ਯੋਗ ਹੈ ਕਿ ਲਿਬਰਲਾਂ ਦੀ ਘੱਟ ਰਹੀ ਹਰਮਨ ਪਿਆਰਤਾ ਨੂੰ ਲੈ ਕੇ ਟਰੂਡੋ ਤੇ ਲਗਾਤਾਰ ਅਸਤੀਫ਼ਾ ਦੇਣ ਦਾ ਦਬਾਅ ਵਧ ਰਿਹਾ ਸੀ। ਇਸ ਕਾਰਨ ਟਰੂਡੋ ਨੂੰ ਪਾਰਟੀ ਦੀ ਲੀਡਰਸ਼ਿਪ ਦਾ ਅਹੁਦਾ ਛੱਡਣ ਦਾ ਐਲਾਨ ਕਰਨਾ ਪਿਆ।

ਸੋਮਵਾਰ ਸਵੇਰੇ (ਸਥਾਨਕ ਸਮੇਂ ਮੁਤਾਬਕ) ਪ੍ਰੈੱਸ ਕਾਨਫਰੰਸ ਦੌਰਾਨ ਜਸਟਿਨ ਟਰੂਡੋ ਨੇ ਆਪਣੇ ਅਸਤੀਫ਼ੇ ਦਾ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਪ੍ਰਧਾਨ ਮੰਤਰੀ ਦੇ ਰੂਪ 'ਚ ਹਰੇਕ ਦਿਨ ਸੇਵਾ ਕਰਨਾ ਮਾਣ ਵਾਲੀ ਗੱਲ ਰਹੀ। ਉਨ੍ਹਾਂ ਮਹਾਮਾਰੀ ਦੌਰਾਨ ਸੇਵਾ ਕੀਤੀ, ਮਜ਼ਬੂਤ ਲੋਕਤੰਤਰ ਤੇ ਦੇਸ਼ ਦੇ ਬਿਹਤਰ ਕਾਰੋਬਾਰ ਲਈ ਕੰਮ ਕੀਤਾ। ਕਾਰਜਕਾਲ ਦੌਰਾਨ ਸਾਰਿਆਂ ਦਾ ਭਰਪੂਰ ਸਹਿਯੋਗ ਮਿਲਿਆ। ਉਨ੍ਹਾਂ ਆਪਣੇ ਆਪ ਨੂੰ ਫਾਈਟਰ ਦੱਸਦਿਆਂ ਆਪਣੇ ਕੰਮਾਂ ਦਾ ਵੇਰਵਾ ਵੀ ਦਿੱਤਾ। ਟਰੂਡੋ ਨੇ ਕਿਹਾ ਕਿ ਉਹ 2015 'ਚ ਜਦੋਂ ਪ੍ਰਧਾਨ ਮੰਤਰੀ ਬਣੇ ਉਦੋਂ ਤੋਂ ਕੈਨੇਡਾ ਤੇ ਇਸ ਦੇ ਹਿੱਤਾਂ ਦੀ ਰਾਖੀ ਲਈ ਕੰਮ ਕਰ ਰਹੇ ਹਨ। ਉਨ੍ਹਾਂ ਮੱਧਵਰਗ ਨੂੰ ਮਜ਼ਬੂਤ ਕਰਨ ਲਈ ਕੰਮ ਕਰਨ ਦਾ ਦਾਅਵਾ ਵੀ ਕੀਤਾ। ਇਸ ਦੇ ਨਾਲ ਹੀ ਪਾਰਟੀ ਦੀ ਅੰਦਰੂਨੀ ਲੜਾਈ ਦੇ ਮੁੱਦੇ 'ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਗਲੀਆਂ ਚੋਣਾਂ 'ਚ ਦੇਸ਼ ਕੋਲ ਇਕ ਬਿਹਤਰ ਪਸੰਦ ਹੋਣੀ ਚਾਹੀਦੀ ਹੈ। ਜੇਕਰ ਅਸੀਂ ਅੰਦਰੂਨੀ ਲੜਾਈ ਲੜਦੇ ਰਹਾਂਗੇ ਤਾਂ ਕੈਨੇਡਾ 'ਚ ਬੈਲੇਟ ਪੇਪਰਾਂ 'ਤੇ ਲੋਕਾਂ ਲਈ ਵਧੀਆ ਬਦਲ ਨਹੀਂ ਬਣ ਸਕਾਂਗੇ। ਜ਼ਿਕਰਯੋਗ ਹੈ ਕਿ ਸਾਲ 2013 'ਚ ਟਰੂਡੋ ਪਹਿਲੀ ਵਾਰ ਲਿਬਰਲ ਲੀਡਰ ਚੁਣੇ ਗਏ ਤੇ 2015 'ਚ ਪ੍ਰਧਾਨ ਮੰਤਰੀ ਬਣੇ। ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੇ ਖੁੱਲ੍ਹਦਿਲੇ ਸੁਭਾਅ ਦੀ ਬਹੁਤ ਸ਼ਲਾਘਾ ਕੀਤੀ ਗਈ ਪਰ ਇਸ ਤੋਂ ਬਾਅਦ ਦੇਸ਼ 'ਚ ਮਹਿੰਗਾਈ ਦੇ ਲਗਾਤਾਰ ਵਧਣ ਤੇ ਕੁਝ ਹੋਰ ਕਾਰਨਾਂ ਕਰ ਕੇ ਉਨ੍ਹਾਂ ਦਾ ਲਗਾਤਾਰ ਵਿਰੋਧ ਹੋਣ ਲੱਗਾ।


**GOLDEN STATE REALITY**

"Realtor You Can Trust"
CRE Group Inc

* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773



Sam Chahal MBA
Sohanpreet Singh
Realtor - Lic# 01504071

Contact for Real Estate and Mortgage Needs
P: 916-612-5773
E: Samchahal@hotmail.com





Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloodа Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine | Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



**GLOBAL TRUCK PERMITS**



18 years of experience

Services
- We do Same day IRP Plates
- Truck Permits
- New company
- Truck ELD
- Trucking compliance



Rajinder Singh

159 D'Arcy Pkwy, Lathrop, CA 95330
Phone: 209 636 0880

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 106 Coralflower Ln, San Ramon, CA 94582
2. 305 Toscana Way Hayward CA 94545
3. 247 Dixon rd Milpitas ca 95035
4. 6388 Broadway Ave Newark CA 94560
5. 985 Silver Birch Ln Hayward CA 94544
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 259 N Capitol Ave UNIT 156 San Jose, CA, 95127
13. 3551 Santiago Ave Merced, CA, 95348
14. 15740 Via Castana Morgan Hill CA 95037
15. 3104 Salisbury court CA 94555
16. 475 Hermosa St Lathrop Ca 95330

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

T B F
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com

Singh Tax & Accounting Services LLC.

SINGH AUTO & HOME INSURANCE

Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036



Office Locations

Michigan:
36167 Ford Rd.Westland, MI 48185

Minnesota:
6043 Hudson Rd, Suite#399A
Woodbury, Minnesota 55125

Mohan Singh MST
IRS Enrolled agent, Insurance Agent- Casualty & Property
Notary Public

Email: STS2021@SinghTaxServices.com;
www.SinghTaxServices.com

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# Matrimonials

## ਲੜਕੇ ਦੀ ਲੋੜ ਹੈ

Jat Sikh parents invite matrimonial alliance for their US born daughter 39, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Contact 510-946-5891

2-5

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com

2-05

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ 5'10" ਕੈਨੇਡੀਅਨ ਜੰਮਪਲ ਪਗੜੀਧਾਰੀ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿਚ ਕੰਮ ਕਰ ਰਿਹਾ ਹੈ। ਪਰਿਵਾਰਕ ਅਤੇ USA ਦੀ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈ-ਮੇਲ ਕਰੋ gillco1977@gmail.com

1-04

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133(whatsapp) or Email at: tejveeraroras@gmail.com

1-04

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'4" , residing in Michigan (Canton). Bachelors degree holder and currently working as a Embedded Software Engineer. please call us at : +17343532316

ਅਮਰੀਕਾ ਸਿਟੀਜ਼ਨ ਜੱਟ ਸਿੱਖ, ਆਪਣਾ ਕਾਰੋਬਾਰ ਕਰਦੇ ਉਮਰ 53 ਸਾਲ, 5'11" ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲਈ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਜਾਂ ਕੈਨੇਡਾ ਰਹਿੰਦੀ 40 ਤੋਂ 45 ਸਾਲ (ਬਿਨਾਂ ਪੇਪਰਾਂ ਤੋਂ ਜਾਂ ਪੱਕੀ) ਜੀਵਨ-ਸਾਥਣ ਦੀ ਲੋੜ ਹੈ। ਚਾਹਵਾਨ ਫੋਨ ਨੰਬਰ 414-213-2096 'ਤੇ ਜਾਂ ਈ-ਮੇਲ harminder121270@gamil.com 'ਤੇ ਸੰਪਰਕ ਕਰਨ।

52-03

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਪਾਣੀਆਂ ਦੇ ਦੇਸ਼ ਵਿੱਚ ਪਾਣੀ ਪ੍ਰਦੂਸ਼ਿਤ

## ਕਈ ਰਾਜਾਂ ਦਾ ਪੀਣ ਯੋਗ ਨਹੀਂ-ਸਾਹਮਣੇ ਆਏ ਤੱਥ

**ਚੰਡੀਗੜ੍ਹ:** ਪਾਣੀਆਂ ਦਾ ਦੇਸ਼ ਹੈ। ਗੁਰਬਾਣੀ ਵਿੱਚ ਪਾਣੀ ਨੂੰ ਪਿਤਾ ਕਿਹਾ ਗਿਆ ਹੈ। ਸਿਹਤਮੰਦ ਜੀਵਨ ਦਾ ਆਧਾਰ ਸਾਫ ਸੁਥਰਾ ਪਾਣੀ ਹੀ ਮੰਨਿਆ ਜਾਂਦਾ ਹੈ। ਨਦੀਆਂ ਅਤੇ ਦਰਿਆਵਾਂ ਦੇ ਕੰਢਿਆਂ 'ਤੇ ਹੀ ਮਨੁੱਖੀ ਸੱਭਿਆਤਾਵਾਂ ਵਧੀਆਂ-ਫੁਲੀਆਂ ਤੇ ਪ੍ਰਫੁੱਲਿਤ ਹੁੰਦੀਆਂ ਰਹੀਆਂ ਹਨ। ਜਿਉਂ-ਜਿਉਂ ਜੀਵਨ ਸ਼ੈਲੀ ਬਦਲਦੀ ਗਈ, ਪਾਣੀਆਂ ਦੀ ਗੁਣਵੱਤਾ ਘਟਦੀ ਗਈ। ਤਿਉਂ-ਤਿਉਂ ਮਨੁੱਖ ਦੀ ਸਿਹਤ ਵਿਚ ਵੀ ਹਰ ਪੱਖੋਂ ਤਬਦੀਲੀ ਆਉਂਦੀ ਗਈ। ਪਾਣੀਆਂ ਦੀ ਲੋੜ ਵੀ ਵਧਦੀ ਗਈ ਅਤੇ ਅਨੇਕਾਂ ਕਾਰਨਾ ਕਰਕੇ ਪਾਣੀ ਪ੍ਰਦੂਸਤਿ ਵੀ ਹੋਣੇ ਸ਼ੁਰੂ ਹੋ ਗਏ। ਪਿਛਲੀਆਂ ਸਦੀਆਂ ਵਿਚ ਇਸ ਦਾ ਕਾਰਨ ਦੁਨੀਆ ਭਰ ਵਿਚ ਫੈਲਿਆ ਸਨਅਤੀ ਪਸਾਰਾ ਸੀ। ਸਨਅਤ ਫੈਲਦੀ ਗਈ, ਪ੍ਰਦੂਸ਼ਣ ਵਧਦਾ ਗਿਆ। (ਅਜਿਹੇ ਪ੍ਰਦੂਸ਼ਣ ਨੂੰ ਰੋਕਣ ਲਈ ਯਤਨ (ਵੀ ਕੀਤੇ ਜਾਣ ਲੱਗੇ ਪਰ ਸਨਅਤੀ ਫੈਲਾਅ ਅਤੇ ਜੀਵਨ ਤਰਜ਼ ਬਦਲਦੀ ਜਾਣ ਕਾਰਨ ਇਹ ਯਤਨ ਥੋੜ੍ਹੇ ਪੈਂਦੇ ਗਏ। ਅੱਜ ਵੀ ਇਹ ਯਤਨ ਜਾਰੀ ਹਨ, ਪਰ ਇਨ੍ਹਾਂ ਦੇ ਬਾਵਜੂਦ ਜੇ ਪਾਣੀ ਦੀ ਗੁਣਵੱਤਾ ਘਟਦੀ ਜਾ ਰਹੀ ਹੈ ਤੇ ਇਨ੍ਹਾਂ ਵਿਚਲਾ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ ਤਾਂ ਇਹ ਵੱਡੀ ਚਿੰਤਾ ਵਾਲੀ ਗੱਲ ਹੈ। ਅੱਜ ਅਨੇਕਾਂ ਹੀ ਬਿਮਾਰੀਆਂ ਪਾਣੀ ਦੇ ਪ੍ਰਦੂਸ਼ਣ ਕਰਕੇ ਵਧਦੀਆਂ ਜਾ ਰਹੀਆਂ ਹਨ।



ਕੇਂਦਰੀ ਪ੍ਰਦੂਸ਼ਣ ਜਲ ਬੋਰਡ ਲਗਾਤਾਰ ਇਸ 'ਤੇ ਨਜ਼ਰ ਰੱਖ ਰਿਹਾ ਹੈ। ਸੂਬਿਆਂ ਵਿਚ ਵੀ ਪ੍ਰਦੂਸ਼ਣ ਬੋਰਡ ਬਣੇ ਹੋਏ ਹਨ ਜੋ ਸਮੇਂ-ਸਮੇਂ ਆਪਣੀਆਂ ਰਿਪੋਰਟਾਂ ਪ੍ਰਕਾਸ਼ਤਿ ਕਰਵਾਉਂਦੇ ਰਹਿੰਦੇ ਹਨ। ਇਨ੍ਹਾਂ ਰਿਪੋਰਟਾਂ ਨੂੰ ਪੜ੍ਹ ਕੇ ਵਧੇਰੇ ਚਿੰਤਾ ਹੋਣ ਲੱਗਦੀ ਹੈ। ਪਿਛਲੇ ਦਿਨੀਂ ਧਰਤੀ ਹੇਠਲੇ ਪਾਣੀ ਸੰਬੰਧੀ ਕੇਂਦਰੀ ਜਲ ਬੋਰਡ (ਸੀ.ਜੀ. ਡਬਲਿਊ.ਬੀ.) ਵਲੋਂ ਜੋ ਨਵੀਂ ਰਿਪੋਰਟ ਜਾਰੀ ਕੀਤੀ ਗਈ ਹੈ, ਉਸ ਨੂੰ ਸੰਬੰਧਿਤ ਸਰਕਾਰਾਂ ਵਲੋਂ ਬੇਹੱਦ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ, ਜਿਸ ਮੁਤਾਬਿਕ ਦੇਸ਼ ਦੇ ਬਹੁਤੇ ਸੂਬਿਆਂ ਦਾ ਪਾਣੀ ਪੀਣ ਦੇ ਕਾਬਲ ਨਹੀਂ ਹੈ। ਬੱਚਿਆਂ ਵਿਚ ਬਲੂ ਬੇਬੀ ਸਿੰਡਰੋਮ ਤੋਂ ਇਲਾਵਾ ਮਨੁੱਖ ਨੂੰ ਕੈਂਸਰ, ਚਮੜੀ ਰੋਗਾਂ ਅਤੇ ਗੁਰਦਿਆਂ ਦੀਆਂ ਬਿਮਾਰੀਆਂ ਵਧੇਰੇ ਅਸਰ ਕਰਨ ਲੱਗੀਆਂ ਹਨ। ਵਿਸ਼ਵ ਸਿਹਤ ਸੰਗਠਨ ਵਲੋਂ ਐਲਾਨੇ ਗਏ ਮਾਪਦੰਡਾਂ ਨਾਲੋਂ ਭਾਰਤ ਦੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਬਹੁਤੀਆਂ ਥਾਵਾਂ 'ਤੇ ਕਿਤੇ ਵਧੇਰੀ ਪਾਈ ਗਈ ਹੈ।

ਪੰਜਾਬ ਦੇ ਪਾਣੀਆਂ ਬਾਰੇ ਅਸੀਂ ਅਕਸਰ ਲਿਖਦੇ ਰਹਿੰਦੇ ਹਾਂ। ਕਦੇ ਇਹ ਪਾਣੀ ਜ਼ਿੰਦਗੀ ਦੀ ਧੜਕਣ ਦਾ ਸੁਨੇਹਾ ਦਿੰਦੇ ਸਨ, ਹੁਣ ਇਹ ਪਾਣੀ ਬਿਮਾਰੀਆਂ ਦੀ ਆਮਦ ਦਾ ਸੁਨੇਹਾ ਦੇ ਰਹੇ ਹਨ। ਇੱਥੋਂ ਦੀ ਖੇਤੀ ਲਈ ਵੀ ਲਗਾਤਾਰ ਰਸਾਇਣਿਕ ਖਾਦਾਂ ਦੀ ਵਧੇਰੇ ਵਰਤੋਂ ਕੀਤੇ ਜਾਣ ਨਾਲ ਧਰਤੀ ਹੇਠਲੇ ਪਾਣੀ ਵੀ ਜ਼ਹਿਰੀਲੇ ਹੋਣੇ ਸ਼ੁਰੂ ਹੋ ਗਏ ਹਨ। ਫੈਲਦੀ ਸਨਅਤ ਅਤੇ ਵਧਦੇ ਸ਼ਹਿਰੀਕਰਨ ਨੇ ਇਨ੍ਹਾਂ ਪਾਣੀਆਂ ਨੂੰ ਪ੍ਰਦੂਸਤਿ ਕਰਨ ਵਿਚ ਵੱਡਾ ਹਿੱਸਾ ਪਾਇਆ ਹੈ। ਦਹਾਕਿਆ ਤੋਂ ਸਾਡੀਆਂ ਸਰਕਾਰਾਂ ਇਸ ਪਾਸੇ ਯਤਨ ਜ਼ਰੂਰ ਕਰਦੀਆਂ ਰਹੀਆਂ ਹਨ। ਪਰ ਨਤੀਜਾ ਇਹ ਨਿਕਲਿਆ ਕਿ ਉਹ ਇਸ ਮੁਹਾਜ਼ 'ਤੇ ਬੁਰੀ ਤਰ੍ਹਾਂ ਫੇਲ੍ਹ ਹੋ ਗਈਆਂ ਹਨ। ਇਥੋਂ ਤੱਕ ਕਿ ਲੁਧਿਆਣੇ ਦੇ ਬੁੱਢੇ ਦਰਿਆ ਦੇ ਜ਼ਹਿਰੀਲੇ ਪਾਣੀਆਂ ਦੀ ਗੱਲ ਵੀ ਦਹਾਕਿਆਂ ਤੋਂ ਚੱਲਦੀ ਆ ਰਹੀ ਹੈ ਪਰ ਸਾਡੀਆਂ ਤਤਕਾਲੀ ਸਰਕਾਰਾਂ ਇਸ ਪੱਖੋਂ ਵੀ ਬੁਰੀ ਤਰ੍ਹਾਂ ਪੱਛੜ ਗਈਆਂ ਹਨ। ਪਾਣੀਆਂ ਦੀ ਗੁਣਵੱਤਾ ਬਾਰੇ ਸੁਚੇਤ ਹੋਣ ਦੀ ਲੋੜ ਹੈ।

# ਡੱਲੇਵਾਲ ਦੀ ਹਾਲਤ ਲਗਾਤਾਰ ਗੰਭੀਰ

## ਗੱਲਬਾਤ ਲਈ ਪੁੱਜੀ ਹਾਈ ਪਾਵਰ ਕਮੇਟੀ

**ਖਨੌਰੀ:** ਕਿਸਾਨੀ ਮੰਗਾਂ ਮਨਵਾਉਣ ਲਈ ਮਰਨ ਵਰਤ ਉਪਰ ਬੈਠੇ ਜਗਜੀਤ ਸਿੰਘ ਡੱਲੇਵਾਲ ਦੀ ਹਾਲਤ ਨਾਜ਼ੁਕ ਹੋ ਰਹੀ ਹੈ, ਪਰ ਉਹ ਹਠ ਉਤੇ ਕਾਇਮ ਹਨ। ਖਨੌਰੀ ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡਲੇਵਾਲ ਨਾਲ ਸੋਮਵਾਰ ਨੂੰ ਗਲਿਬਾਤ ਲਈ ਆਈ ਸੁਪਰੀਮ ਕੋਰਟ ਵੱਲੋਂ ਗਠਤ ਹਾਈ ਪਾਵਰ ਕਮੇਟੀ ਨੂੰ ਦੋ ਟੁਕ ਕਹਿ ਦਿੱਤਾ ਕਿ ਸੁਪਰੀਮ ਕੋਰਟ ਵੀ ਕਿਸਾਨਾਂ ਦੀਆ ਮੰਗਾਂ ਤੋਂ ਕਿਨਾਰਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨ ਲਵੇ ਤਾਂ ਉਨ੍ਹਾਂ ਨੂੰ ਕਿਸੇ ਮੈਡੀਕਲ ਟ੍ਰੀਟਮੈਂਟ ਦੀ ਜ਼ਰੂਰਤ ਨਹੀਂ ਪਵੇਗੀ, ਉਹ ਆਪਣਾ ਮਰਨ ਵਰਤ ਆਪ ਹੀ ਖ਼ਤਮ ਕਰ ਦੇਣਗੇ। ਸੇਵਾਮੁਕਤ ਜਸਟਿਸ ਨਵਾਬ ਸਿੰਘ ਦੀ ਅਗਵਾਈ 'ਚ ਹਾਈ ਪਾਵਰ ਕਮੇਟੀ ਕਿਸਾਨ ਨੇਤਾਵਾਂ ਨਾਲ ਮੁਲਾਕਾਤ ਕਰਨ ਸੋਮਵਾਰ ਨੂੰ ਖਨੌਰੀ ਪੁੱਜੀ। ਇਸ ਕਮੇਟੀ 'ਚ ਖੇਤੀਬਾੜੀ ਮਾਹਿਰ ਰਣਜੀਤ ਸਿੰਘ ਘੁੰਮਣ, ਦਵਿੰਦਰ ਸ਼ਰਮਾ, ਸੇਵਾਮੁਕਤ ਡੀਆਈਜੀ ਨਰਿੰਦਰ ਭਾਰਗਵ, ਡੀਆਈਜੀ ਮਨਦੀਪ ਸਿੰਘ ਸਿੱਧੂ ਮੌਜੂਦ ਸਨ। ਓਧਰ ਇਸ ਮੁਲਾਕਾਤ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਕਿਸਾਨਾਂ ਦੇ ਮੁੱਦੇ 'ਤੇ ਸੋਮਵਾਰ ਨੂੰ ਹੋਣ ਵਾਲੀ ਸੁਣਵਾਈ ਵੀ ਟਾਲ ਦਿੱਤੀ ਸੀ।



ਡੱਲੇਵਾਲ ਨਾਲ ਮੁਲਾਕਾਤ ਤੋਂ ਬਾਅਦ ਜਸਟਿਸ ਨਵਾਬ ਸਿੰਘ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਡੱਲੇਵਾਲ ਨੂੰ ਮੈਡੀਕਲ ਟ੍ਰੀਟਮੈਂਟ ਲੈਣ ਦੀ ਬੇਨਤੀ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੀ ਸਿਹਤ ਦਾ ਖਿਆਲ ਰੱਖਣ ਕਿਉਂਕਿ ਦੇਸ਼ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਬਹੁਤ ਜ਼ਿਆਦਾ ਲੋੜ ਹੈ।

ਉਨ੍ਹਾਂ ਦੀ ਬੇਨਤੀ 'ਤੇ ਜਗਜੀਤ ਸਿੰਘ ਡੱਲੇਵਾਲ ਨੇ ਕਮੇਟੀ ਮੈਂਬਰਾਂ ਨੂੰ ਸਪੱਸ਼ਟ ਕਿਹਾ ਕਿ ਮੇਰੇ ਲਈ ਕਿਸਾਨੀ ਪਹਿਲਾਂ ਹੈ, ਸਿਹਤ ਬਾਅਦ 'ਚ। ਦੇਸ਼ 'ਚ ਸੱਤ ਲੱਖ ਕਿਸਾਨ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਚੁੱਕੇ ਹਨ। ਡੱਲੇਵਾਲ ਨੇ ਕਮੇਟੀ ਮੈਂਬਰਾਂ ਨੂੰ ਕਿਹਾ ਕਿ ਜੇਕਰ ਸੁਪਰੀਮ ਕੋਰਟ ਨੂੰ ਮੇਰੀ ਸਿਹਤ ਦਾ ਖਿਆਲ ਹੈ ਤਾਂ ਉਹ ਇਸ ਸਬੰਧੀ ਕੇਂਦਰ ਸਰਕਾਰ ਨੂੰ ਕੋਈ ਦਿਸ਼ਾ ਨਿਰਦੇਸ਼ ਦੇਵੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੀ ਕਿਸਾਨਾਂ ਦੀ ਗੱਲ ਕਰਨ ਲਈ ਤਿਆਰ ਨਹੀਂ ਹੈ।

# ਭਾਰਤ ਦੇ ਉੱਤਰ-ਪੂਰਬੀ ਰਾਜਾਂ ਦੀ ਹਾਲਤ ਨਾਜ਼ੁਕ

## * ਮਨੀਪੁਰ ਦੇ ਮੁੱਖ ਮੰਤਰੀ ਨੇ ਮੁਆਫੀ ਮੰਗੀ * ਅਖ਼ਬਾਰਾਂ ਵਿੱਚ ਛਪੀਆਂ ਰਿਪੋਰਟਾਂ

**ਨਵੀਂ ਦਿੱਲੀ:** ਦੇਸ਼ ਦੇ ਉਤਰ ਪੂਰਬ ਰਾਜਾਂ ਵਿਸ਼ੇਸ਼ ਕਰਕੇ ਮਨੀਪੁਰ ਵਿੱਚ ਅਮਨ ਕਾਨੂੰਨ ਦੀ ਹਾਲਤ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਨਵੇਂ ਵਰ੍ਹੇ ਦੇ ਪਹਿਲੇ ਦਿਨ ਉੱਤਰ ਪੂਰਬੀ ਰਾਜ ਮਨੀਪੁਰ ਦੇ ਮੁੱਖ ਮੰਤਰੀ ਐਨ. ਬਿਰੇਨ ਸਿੰਘ ਨੇ ਆਪਣੇ ਲੋਕਾਂ ਤੋਂ ਮੁਆਫ਼ੀ ਮੰਗਦਿਆਂ ਇਹ ਕਿਹਾ ਹੈ ਕਿ ਪਿਛਲਾ ਸਾਲ ਸੂਬੇ ਜਿ ਲਈ ਬਹੁਤ ਮਾੜਾ ਅਤੇ ਮੰਦਭਾਗਾ ਸੀ, ਜਿਸ ਵਿਚ ਲੋਕਾਂ ਨੇ ਆਪਣੇ ਸੈਂਕੜੇ ਸਨੇਹੀਆਂ ਨੂੰ ਗੁਆ ਦਿੱਤਾ। ਕਈ ਲੋਕਾਂ ਨੂੰ ਆਪਣੇ ਘਰਾਂ ਨੂੰ ਛੱਡਣਾ ਪਿਆ, ਜਿਸ ਲਈ ਉਹ ਹੈ ਮੁਆਫ਼ੀ ਮੰਗਦੇ ਹਨ। ਉੱਤਰ ਪੂਰਬੀ 7 ਰਾਜਾਂ ਵਿਚ ਮਨੀਪੁਰ ਇਕ ਛੋਟਾ ਜਿਹਾ ਪ੍ਰਾਂਤ ਹੈ, ਜੋ ਪਿਛਲੇ ਲੰਮੇ ਸਮੇਂ ਤੋਂ ਅਕਸਰ ਜਾਤੀ ਹਿੰਸਾ ਦਾ ਸ਼ਿਕਾਰ ਰਿਹਾ ਹੈ। ਪਰ ਪਿਛਲੇ ਸਾਲ ਮਈ ਮਹੀਨੇ ਦੇ ਸ਼ੁਰੂ ਤੋਂ ਇਥੇ ਆਪਸੀ ਨਸਲੀ ਝਗੜਿਆਂ ਵਿਚ ਜੋ ਕੁਝ ਹੋਇਆ, ਉਹ ਜਿਥੇ ਬੇਹੱਦ ਭਿਆਨਕ ਸੀ, ਉਥੇ ਉਹ ਮੰਦਭਾਗਾ ਵੀ ਕਿਹਾ ਜਾ ਸਕਦਾ ਹੈ। ਮੁੱਖ ਰੂਪ ਵਿਚ ਇਸ ਰਾਜ ਵਿਚ ਮੈਤੇਈ ਅਤੇ ਕੁਕੀ ਕਬੀਲਿਆਂ ਦੇ ਲੋਕ ਰਹਿੰਦੇ ਹਨ। ਕੁਕੀ ਵਧੇਰੇ ਕਰਕੇ ਪਹਾੜੀ ਇਲਾਕਿਆਂ ਵਿਚ ਵਸੇ ਹੋਏ ਹਨ ਅਤੇ ਮੈਤੇਈ ਮੈਦਾਨੀ ਇਲਾਕਿਆਂ ਵਿਚ। ਮੈਤੇਈ ਲੋਕਾਂ ਦੀ ਬਹੁਗਿਣਤੀ ਹੋਣ ਕਾਰਨ ਇਥੇ ਕਿਸੇ ਵੀ ਬਣਨ ਵਾਲੀ ਸਰਕਾਰ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਵਧੇਰੇ ਰਹਿੰਦੀ ਹੈ। ਪਹਾੜੀ ਇਲਾਕਿਆਂ ਵਿਚ ਰਹਿੰਦੇ ਕੁਕੀ ਮੈਤੇਈ ਲੋਕਾਂ ਤੋਂ ਵਧੇਰੇ ਤੰਗੀ ਤੁਰਸ਼ੀ ਵਿਚ ਰਹਿੰਦੇ ਹਨ।



ਉਨ੍ਹਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਰਾਖਵੇਂਕਰਨ ਦੀਆਂ ਕੁਝ ਸਹੂਲਤਾਂ ਮਿਲੀਆਂ ਹੋਈਆਂ ਹਨ। ਪਿਛਲੇ ਸਾਲ ਉਥੋਂ ਦੀ ਉੱਚ ਅਦਾਲਤ ਨੇ ਮੈਤੇਈ ਲੋਕਾਂ ਲਈ ਵੀ ਅਜਿਹੇ ਰਾਖਵੇਂਕਰਨ ਦਾ ਫੈਸਲਾ ਦਿੱਤਾ ਸੀ, ਜਿਸ ਤੋਂ ਬਾਅਦ ਇਨ੍ਹਾਂ ਦੋਹਾਂ ਕਬੀਲਿਆਂ ਵਿਚ ਆਪਸੀ ਹਿੰਸਕ ਝੜਪਾਂ ਸ਼ੁਰੂ ਹੋ ਗਈਆਂ ਸਨ। ਇਹ ਹਿੰਸਾ ਇੰਨੀ ਜ਼ਿਆਦਾ ਵਧ ਗਈ ਕਿ ਇਸ ਦੌਰਾਨ ਔਰਤਾਂ ਨਾਲ ਜਬਰ-ਜਿਨਾਹ ਹੋਣ ਦੀਆਂ ਖ਼ਬਰਾਂ ਆਈਆਂ, ਬਹੁਤ ਸਾਰੇ ਕਤਲ ਹੋਏ ਅਤੇ ਵੱਡੀ ਗਿਣਤੀ ਵਿਚ ਲੁੱਟਮਾਰ ਅਤੇ ਅੱਗਾਂ ਲਗਾਉਣ ਦੀਆਂ ਖ਼ਬਰਾਂ ਮਿਲੀਆਂ। ਪਹਿਲਾਂ ਤੋਂ ਹੀ ਇਨ੍ਹਾਂ ਰਾਜਾਂ ਵਿਚ ਵਿਦਰੋਹ ਉੱਠਦੇ ਰਹੇ ਹਨ। ਜਿਥੇ ਕੁਕੀ ਬਾਗ਼ੀਆਂ ਨੇ ਆਪਣੇ-ਆਪ ਨੂੰ ਆਜ਼ਾਦ ਕਰਵਾਉਣ ਲਈ ਵੱਡੀ ਮਾਤਰਾ ਵਿਚ ਹਿੰਸਕ ਟੋਲੇ ਬਣਾਏ ਹੋਏ ਹਨ, ਉਥੇ ਮੈਤੇਈ ਬਾਗੀ ਵੀ ਪਿਛਲੇ ਲੰਮੇ ਸਮੇਂ ਤੋਂ ਕੌਮੀ ਆਜ਼ਾਦ ਫਰੰਟ ਬਣਾ ਕੇ ਸੂਬਾ ਅਤੇ ਕੇਂਦਰ ਸਰਕਾਰ ਨਾਲ ਹਥਿਆਰਬੰਦ ਹਿੰਸਕ ਲੜਾਈ ਲੜਦੇ ਰਹੇ ਹਨ। ਇਨ੍ਹਾਂ 'ਚੋਂ ਬਹੁਤਿਆਂ ਨੇ ਆਪਣੀ ਸਰਹੱਦ ਨਾਲ ਲੱਗਦੇ ਮਿਆਂਮਾਰ ਵਿਚ ਸ਼ਰਨ ਲਈ ਹੋਈ ਹੈ। ਆਪਸੀ ਜਾਤੀ ਹਿੰਸਾ ਦੇ ਨਾਲ-ਨਾਲ ਰਾਜ ਨੂੰ ਆਜ਼ਾਦ ਕਰਵਾਉਣ ਲਈ ਇਹ ਵਿਦਰੋਹੀ ਟੋਲੇ ਦਹਾਕਿਆਂ ਤੋਂ ਸੂਬਾ ਅਤੇ ਕੇਂਦਰ ਸਰਕਾਰ ਲਈ ਚੁਣੌਤੀ ਬਣੇ ਰਹੇ ਹਨ। ਵਖ ਵਖ ਅਖ਼ਬਾਰਾਂ ਵਿੱਚ ਛਪੀਆਂ ਤਾਜ਼ਾ ਰਿਪੋਰਟਾਂ ਅਨੁਸਾਰ ਮਨੀਪੁਰ ਵਿਚ ਸਾਰੇ ਉੱਤਰ- ਪੂਰਬੀ ਰਾਜਾਂ ਦੇ ਮੁਕਾਬਲੇ ਵਿਚ 77 ਫ਼ੀਸਦੀ ਹਿੰਸਾ ਦੀਆਂ ਵਾਰਦਾਤਾਂ ਹੋਈਆਂ ਹਨ। ਸਾਲ 2022 ਵਿਚ ਇਨ੍ਹਾਂ ਦੀ ਗਿਣਤੀ 137 ਸੀ। ਸਾਲ 2023 ਵਿਚ ਇਨ੍ਹਾਂ ਦੀ ਗਿਣਤੀ ਵਧ ਕੇ 187 ਹੋ ਗਈ ਅਤੇ ਨਵੰਬਰ 2024 ਤੱਕ ਇਨ੍ਹਾਂ ਦੀ ਗਿਣਤੀ ਵਧ ਕੇ 203 ਹੋ ਗਈ। ਹੁਣ ਤੱਕ ਜਾਤੀ ਹਿੰਸਾ ਵਿਚ ਸੈਂਕੜੇ ਹੀ ਲੋਕ ਮਾਰੇ ਜਾ ਚੁਕੇ ਹਨ ਅਤੇ ਲੱਖਾਂ ਨੇ ਸ਼ਰਨਾਰਥੀ ਕੈਂਪਾਂ ਵਿਚ ਪਨਾਹ ਲਈ ਹੋਈ ਹੈ।

ਮਨੀਪੁਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੈ ਅਤੇ ਬਿਰੇਨ ਸਿੰਘ ਇਥੋਂ ਦੇ ਮੁੱਖ ਮੰਤਰੀ ਹਨ। ਉਹ ਮੈਤੇਈ ਜਾਤੀ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਬਾਰੇ ਇਹ ਵੀ ਪ੍ਰਭਾਵ ਬਣਿਆ ਰਿਹਾ ਹੈ ਕਿ ਉਹ ਮੈਤੇਈ ਫਿਰਕੇ ਦੀ ਪੁਸ਼ਤ-ਪਨਾਹੀ ਕਰਦੇ ਰਹੇ ਹਨ ਪਰ ਹਿੰਸਕ ਵਾਰਦਾਤਾਂ ਦੇ ਲਗਾਤਾਰ ਵਧਦੇ ਜਾਣ ਕਾਰਨ ਕੇਂਦਰ ਸਰਕਾਰ ਨੇ ਇਸ ਸੂਬੇ ਵਿਚ ਆਪਣੇ ਦਖ਼ਲ ਨੂੰ ਵਧਾ ਦਿੱਤਾ ਹੈ ਅਤੇ ਕੇਂਦਰੀ ਸੁਰੱਖਿਆ ਬਲ ਇਥੇ ਹਰ ਤਰ੍ਹਾਂ ਨਾਲ ਫੈਲੀ ਹਿੰਸਾ ਨੂੰ ਦਬਾਉਣ ਲਈ ਪੂਰਾ ਯਤਨ ਕਰਦੇ ਰਹੇ ਹਨ। ਇਸ ਦੇ ਨਾਲ ਹੀ ਇਹ ਮੰਗ ਵੀ ਲਗਾਤਾਰ ਉੱਠਦੀ ਰਹੀ ਹੈ ਕਿ ਮੁੱਖ ਮੰਤਰੀ ਸਥਿਤੀ ਨੂੰ ਸੰਭਾਲਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ, ਇਸ ਲਈ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ, ਦੇਸ਼ ਭਰ ਦੀਆਂ ਵਿਰੋਧੀ ਪਾਰਟੀਆਂ ਨੇ ਵੀ ਕੇਂਦਰ ਸਰਕਾਰ 'ਤੇ ਉਨ੍ਹਾਂ ਤੋਂ ਅਸਤੀਫ਼ਾ ਲੈਣ ਦੀ ਮੰਗ ਨੂੰ ਲੈ ਕੇ ਪੂਰਾ ਜ਼ੋਰ ਪਾਇਆ ਹੋਇਆ ਹੈ, ਪਰ ਹਾਲਾਤ ਕਿਸੇ ਵੀ ਤਰ੍ਹਾਂ ਸੁਧਰਦੇ ਨਜ਼ਰ ਨਹੀਂ ਆ ਰਹੇ, ਸਗੋਂ ਇਹ ਜਾਤੀਵਾਦੀ ਤਣਾਅ ਬੇਹੱਦ ਵਧਿਆ ਨਜ਼ਰ ਆਉਂਦਾ ਹੈ। ਇਸ ਸੂਰਤ ਵਿਚ ਬਾਗ਼ੀ ਸੰਗਠਨ ਹੋਰ ਵੀ ਹਿੰਸਕ ਹੋ ਕੇ ਸਰਗਰਮ ਹੋ ਚੁੱਕੇ ਹਨ।

ਲਗਾਤਾਰ ਅਜਿਹੀ ਮੰਗ ਉੱਠਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਮੁੱਖ ਮੰਤਰੀ ਦਾ ਅਸਤੀਫ਼ਾ ਨਹੀਂ ਲਿਆ, ਸਗੋਂ ਇਸ ਸਾਰੇ ਹਿੰਸਕ ਘਟਨਾਕ੍ਰਮ ਦੌਰਾਨ ਉਹ ਉਸ ਨਾਲ ਖੜ੍ਹੀ ਦਿਖਾਈ ਦਿੰਦੀ ਰਹੀ ਹੈ। ਬਿਨਾਂ ਸ਼ੱਕ ਮਨੀਪੁਰ ਦੇ ਬੇਹੱਦ ਗੰਭੀਰ ਘਟਨਾ ਚੱਕਰ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰੀ ਰੱਖਣ ਸੰਬੰਧੀ ਪ੍ਰਧਾਨ ਮੰਤਰੀ ਦੀ ਨੀਤੀ ਨੂੰ ਸਮਝਣਾ ਬੇਹੱਦ ਮੁਸ਼ਕਿਲ ਹੈ, ਜਿਸ ਨੇ ਕੇਂਦਰ ਸਰਕਾਰ ਨੂੰ ਇਕ ਵਾਰ ਫਿਰ ਸਖ਼ਤ ਆਲੋਚਨਾ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ।

# ਕੇਂਦਰ ਸਰਕਾਰ ਨੂੰ ਮਿਲ ਰਿਹੈ ਕਿਸਾਨ ਸੰਘਰਸ਼ ਦਾ ਲਾਹਾ: ਟਿਕੈਤ

## ਮਹਾਪੰਚਾਇਤ ਵਲੋਂ ਕੇਂਦਰ ਦੀ ਖੇਤੀ ਨੀਤੀ ਦਾ ਖਰੜਾ ਰੱਦ

**ਟੋਹਾਣਾ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਇਥੋਂ ਦੀ ਐਡੀਸ਼ਨਲ ਅਨਾਜ ਮੰਡੀ ਵਿਚ ਹੋਈ ਕਿਸਾਨ ਮਹਾਪੰਚਾਇਤ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਮੰਗਾਂ ਮਨਵਾਉਣ ਲਈ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦਾ ਲਾਹਾ ਕੇਂਦਰ ਨੂੰ ਮਿਲ ਰਿਹਾ ਹੈ ਜਦਕਿ ਪੰਜਾਬ ਸਰਕਾਰ ਅਤੇ ਸਿੱਖਾਂ ਨੂੰ ਇਸ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਖਨੌਰੀ-ਸ਼ੰਭੂ ਬਾਰਡਰ 'ਤੇ ਕਿਸਾਨਾਂ ਦਾ 10 ਮਹੀਨਿਆਂ ਤੋਂ ਚੱਲ ਰਿਹਾ ਸੰਘਰਸ਼ ਚਾਰ-ਪੰਜ ਹੋਰ ਮਹੀਨੇ ਜਾਰੀ ਰਹੇਗਾ। ਟਿਕੈਤ ਨੇ ਕਿਹਾ ਕਿ ਉਨ੍ਹਾਂ ਨਾਲ ਏਕੇ ਲਈ ਐੱਸ.ਕੇ.ਐੱਮ. ਨੇ ਛੇ ਮੈਂਬਰੀ ਕਮੇਟੀ ਬਣਾਈ ਸੀ ਪਰ ਇਹ ਗੱਲਬਾਤ ਸਿਰੇ ਨਾ ਚੜ੍ਹ ਸਕੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਕਿਸਾਨ ਆਪਸ 'ਚ ਹੀ ਉਲਝੇ ਰਹਿਣ ਅਤੇ ਉਨ੍ਹਾਂ ਦੇ ਮੁੱਦਿਆਂ ਦਾ ਕੋਈ ਹੱਲ ਨਾ ਨਿਕਲੇ। ਮਹਾਪੰਚਾਇਤ ਦੌਰਾਨ ਕਿਸਾਨਾਂ ਨੇ ਕੇਂਦਰ ਦੇ ਖੇਤੀ ਮੰਡੀ ਨੀਤੀ ਖਰੜੇ ਨੂੰ ਮੁੱਢੋਂ ਰੱਦ ਕਰ ਦਿੱਤਾ। ਇਕ ਮਤੇ 'ਚ ਕਿਹਾ ਗਿਆ ਕਿ ਸਾਰੀਆਂ ਸਰਕਾਰਾਂ ਨੂੰ ਪੱਤਰ ਲਿਖਣ। ਇਸ ਦੌਰਾਨ ਖਨੌਰੀ ਬਾਰਡਰ 'ਤੇ ਮਰਨ ਵਰਤ ਉਪਰ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਹਮਾਇਤ ਦਿੰਦਿਆਂ ਆਗੂਆਂ ਨੇ ਕੇਂਦਰ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੂੰ ਕੁਝ ਹੋਇਆ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕੇਂਦਰ ਨੂੰ ਡੱਲੇਵਾਲ ਨਾਲ ਗੱਲਬਾਤ ਕਰਕੇ ਕਿਸਾਨੀ ਮੰਗਾਂ ਮੰਨਣ ਲਈ ਜ਼ੋਰ ਪਾਇਆ। ਖਰਾਬ ਮੌਸਮ ਅਤੇ ਠੰਢ ਦੇ ਬਾਵਜੂਦ ਵੱਡੀ ਗਿਣਤੀ 'ਚ ਜੁੜੇ ਕਿਸਾਨਾਂ ਨੂੰ ਰਾਕੇਸ਼ ਟਿਕੈਤ, ਜੋਗਿੰਦਰ ਸਿੰਘ ਉਗਰਾਹਾਂ, ਡਾ ਦਰਸ਼ਨ ਪਾਲ, ਰਾਮਿੰਦਰ ਪਟਿਆਲਾ, ਮਨਜੀਤ ਸਿੰਘ ਧੰਨੇਰ, ਸੁਖਦੇਵ ਜੰਮੂ, ਆਰ. ਵੈਂਕੱਈਆ, ਸਤਿਆਵਾਨ, ਬਲਦੇਵ ਸਿੰਘ ਨਿਹਾਲਗੜ੍ਹ, ਜੋਗਿੰਦਰ ਸਿੰਘ ਨੈਨ, ਰੁਲਦੂ ਸਿੰਘ ਮਾਨਸਾ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜੇ ਹਾਲੇ ਵੀ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਦਿੱਲੀ ਅੰਦੋਲਨ ਲਈ ਖਰੜਾ ਤਿਆਰ ਹੈ।



ਉਨ੍ਹਾਂ ਕਿਹਾ ਕਿ ਮੰਗਾਂ ਮਨਵਾਉਣ ਲਈ ਦਬਾਅ ਬਣਾਇਆ ਜਾਵੇਗਾ। ਉਨ੍ਹਾਂ ਹਰਿਆਣਾ ਸਰਕਾਰ ਵੱਲੋਂ ਐੱਮਐੱਸਪੀ ਦੇਣ ਦੇ ਦਾਅਵੇ ਵੀ ਰੱਦ ਕਰ ਦਿੱਤੇ। ਉਨ੍ਹਾਂ ਯੂਪੀ ਵਿੱਚ ਸੰਗਠਨ ਖੜ੍ਹਾ ਕਰਨ ਲਈ ਵੀ ਮਦਦ ਮੰਗੀ। ਆਪਣੇ ਸੰਬੋਧਨ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਾਅਦਾਖਿਲਾਫ਼ੀ ਕਰ ਰਹੀ ਹੈ ਅਤੇ ਉਹ ਦਿੱਲੀ ਅੰਦੋਲਨ ਖ਼ਤਮ ਕਰਨ ਲਈ ਕੀਤੇ ਸਮਝੌਤੇ ਤੋਂ ਪਿੱਛੇ ਹਟ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅਨਾਜ ਦਾ ਵਪਾਰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੇ ਇਰਾਦੇ ਨਾਲ ਖੇਤੀ ਕਾਨੂੰਨ ਪਿਛਲੇ ਦਰਵਾਜ਼ਿਉਂ ਮੁੜ ਤੋਂ ਲਾਗੂ ਕਰਨ ਜਾ ਰਹੀ ਹੈ। ਉਨ੍ਹਾਂ ਡੱਲੇਵਾਲ ਦੀ ਮੰਗ ਨੂੰ ਮੰਨ ਲੈਣ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਵਾਸਤੇ ਕਿਹਾ। ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ, 'ਡੱਲੇਵਾਲ ਦੇ ਸੰਘਰਸ਼ ਨੂੰ ਸੂਬਾ ਸਰਕਾਰ ਨਾਲ ਕਿਉਂ ਜੋੜਿਆ ਜਾ ਰਿਹਾ ਹੈ ਜਦੋਂ ਕਿ ਮਾਮਲਾ ਸਿੱਧਾ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ। ਜੇ ਡੱਲੇਵਾਲ ਨੂੰ ਕੁਝ ਹੋਇਆ ਤਾਂ ਉਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਕਾਰੋਬਾਰੀਆਂ ਦੇ ਹੱਥਾਂ 'ਚ ਅਨਾਜ ਦਾ ਕੰਟਰੋਲ ਆ ਗਿਆ ਤਾਂ ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਵੀ ਹਾਸ਼ੀਏ 'ਤੇ ਚਲੇ ਜਾਣਗੇ।' ਉਨ੍ਹਾਂ ਕਿਸਾਨਾਂ ਵਿੱਚ ਫੁੱਟ ਨੂੰ ਨਕਾਰਦਿਆਂ ਕਿਹਾ ਕਿ ਕਿਸਾਨਾਂ ਦਾ ਨਿਸ਼ਾਨਾ ਇੱਕੋ-ਇਕ ਹੈ।

ਖਰਾਬ ਮੌਸਮ ਅਤੇ ਸੰਘਣੀ ਧੁੰਦ ਦੇ ਬਾਵਜੂਦ ਮਹਾਪੰਚਾਇਤ 'ਚ ਕਿਸਾਨਾਂ ਦਾ ਵੱਡਾ ਇਕੱਠ ਹੋਇਆ। ਮਹਾਪੰਚਾਇਤ 'ਚ ਔਰਤਾਂ ਪੀਲੀਆਂ ਚੁੰਨੀਆਂ ਲੈ ਕੇ ਪੁੱਜੀਆਂ ਸਨ। ਵੱਖ ਵੱਖ ਜਥੇਬੰਦੀਆਂ ਅਤੇ ਪਿੰਡਾਂ ਵੱਲੋਂ ਲੰਗਰ ਤੇ ਚਾਹ-ਨਾਸ਼ਤੇ ਤੋਂ ਇਲਾਵਾ ਸਾਹਿਤ ਦੇ ਸਟਾਲ ਵੀ ਲਾਏ ਹੋਏ ਸਨ।

# ਗੁਰਦੁਆਰਾ ਭੱਠਾ ਸਾਹਿਬ ਵਿਖੇ ਨਤਮਸਤਕ ਹੋਏ ਮੁੱਖ ਮੰਤਰੀ

**ਰੂਪਨਗਰ :** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਉੱਪਰ ਚੱਲਦਿਆਂ ਨਵੇਂ ਜੋਸ਼, ਲਗਨ, ਸਮਰਪਣ ਅਤੇ ਵਚਨਬੱਧਤਾ ਨਾਲ ਸੂਬੇ ਦੀ ਸੇਵਾ ਕਰਨ ਦਾ ਪ੍ਰਣ ਲਿਆ।




ਸੋਮਵਾਰ ਨੂੰ ਗੁਰਦੁਆਰਾ ਭੱਠਾ ਸਾਹਿਬ ਰੂਪਨਗਰ ਵਿਖੇ ਨਤਮਸਤਕ ਹੋਣ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਲੋਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੀ ਹਾਜ਼ਰ ਸਨ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਮਹਾਨ ਸਿੱਖ ਗੁਰੂ ਨੇ ਸਾਨੂੰ ਰੋ ਜਬਰ-ਜ਼ੁਲਮ ਤੇ ਬੇਇਨਸਾਫ਼ੀ ਵਿਰੁੱਧ ਲੜਨ ਦਾ ਉਪਦੇਸ਼ ਦਿੱਤਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਵਿੱਤਰ ਦਿਹਾੜੇ 'ਤੇ ਸਾਨੂੰ ਸਾਰਿਆਂ ਨੂੰ ਲੋਕਾਂ ਦੀ ਸੇਵਾ ਲਈ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਨਿਭਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਨ ਜੀਵਨ ਅਤੇ ਫ਼ਲਸਫ਼ਾ ਮਾਨਵਤਾ ਨੂੰ ਇਕਜੁਟ ਹੋ ਕੇ ਰਹਿਣ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਂਤੀ, ਮਾਨਵਤਾ, ਪਿਆਰ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਅਜੋਕੇ ਸਮੇਂ ਵਿੱਚ ਹੋਰ ਵੀ ਪ੍ਰਸੰਗਿਕ ਹੋ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾ ਰਹੀ ਹੈ। ਮੁੱਖ ਮੰਤਰੀ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਉਨ੍ਹਾਂ ਇਹ ਵੀ ਅਰਦਾਸ ਕੀਤੀ ਕਿ ਸੂਬੇ ਵਿੱਚ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਆਏ ਦਿਨ ਹੋਰ ਮਜ਼ਬੂਤ ਹੋਣ ਅਤੇ ਪੰਜਾਬ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰੇ।

# ਆਈ.ਈ.ਡੀ. ਧਮਾਕੇ 'ਚ ਅੱਠ ਜਵਾਨ ਸ਼ਹੀਦ

ਬੀਜਾਪੁਰ : ਛੱਤੀਸਗੜ੍ਹ ਦੇ ਬੀਜਾਪੁਰ ਦੇ ਕੁਟਰੂ-ਬੇਦਰੇ ਮਾਰਗ 'ਤੇ ਅੰਬੇਲੀ ਪਿੰਡ ਦੇ ਨਜ਼ਦੀਕ ਨਕਸਲੀਆਂ ਵੱਲੋਂ ਵਿਛਾਏ ਗਈ ਆਈਈਡੀ ਕਾਰਨ ਹੋਏ ਧਮਾਕੇ 'ਚ ਡਿਸਟ੍ਰਿਕਟ ਰਿਜ਼ਰਵ ਗਾਰਡ ਦੇ ਅੱਠ ਜਵਾਨ ਸ਼ਹੀਦ ਹੋ ਗਏ। ਉਨ੍ਹਾਂ ਦੀ ਸਕਾਰਪਿਓ ਦਾ ਡਰਾਈਵਰ ਵੀ ਮਾਰਿਆ ਗਿਆ। ਧਮਾਕਾ ਏਨਾ ਜ਼ਬਰਦਸਤ ਸੀ ਕਿ ਸੁਰੱਖਿਆ ਬਲਾਂ ਦੇ ਵਾਹਨ ਦੇ ਪਰਖੱਚੇ ਉੱਡ ਗਏ। ਜਵਾਨਾਂ ਦੀਆਂ ਲਾਸ਼ਾਂ ਦੇ ਟੁਕੜੇ ਦੂਰ-ਦੂਰ ਜਾ ਡਿੱਗੇ। ਜਿੱਥੇ ਆਈਈਡੀ ਦਾ ਧਮਾਕਾ ਹੋਇਆ। ਉੱਥੇ ਕਈ ਫੁੱਟ ਡੂੰਘਾ ਟੋਇਆ ਪੈ ਗਿਆ। ਕਿਹਾ ਜਾ ਰਿਹਾ ਹੈ ਕਿ ਇਹ ਜਵਾਨ ਦੱਖਣੀ ਅਬੂਝਮਾੜ ਖੇਤਰ 'ਚ ਨਕਸਲੀਆਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਕਾਰਵਾਈ ਤੋਂ ਬਾਅਦ ਪਰਤ ਰਹੇ ਸਨ। ਓਧਰ ਜਵਾਨਾਂ ਦੇ ਜਾਨੀ ਨੁਕਸਾਨ 'ਤੇ ਰਾਸ਼ਟਰਪਤੀ ਚੌਪਦੀ ਮੁਰਮੂ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੁੱਖ ਪ੍ਰਗਟਾਇਆ ਹੈ।

# ਗਾਇਕਾ ਸੁੱਖੀ ਬਰਾੜ ਬਣੀ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਸ਼ਾਸਕ ਦੀ ਸਲਾਹਕਾਰ ਮੈਂਬਰ



**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ)**: ਹਮੇਸ਼ਾ ਹੀ ਚੰਗੇ ਪ੍ਰਸ਼ਾਸਨ ਅਤੇ ਸਾਫ-ਸਫ਼ਾਈ ਪੱਖੋਂ ਚੰਡੀਗੜ੍ਹ ਅੱਵਲ ਸਥਾਨ 'ਤੇ ਰਿਹਾ ਹੈ। ਇਸ ਚੰਗੇ ਪ੍ਰਸ਼ਾਸਨ ਨੂੰ ਬਣਾਉਣ ਅਤੇ ਚਲਾਉਣ ਲਈ ਚੰਗੇ ਮਾਹਿਰਾਂ ਦੀ ਰਾਇ ਜਾਣੀ ਜਾਂਦੀ ਹੈ। ਚੰਡੀਗੜ੍ਹ ਪ੍ਰਸ਼ਾਸਨ ਦੀ ਹੋਂਦ ਨੂੰ ਹੋਰ ਮਜ਼ਬੂਤ ਬਣਾਉਂਦਿਆਂ ਜਿੱਥੇ ਇਸ ਦਾ ਗਠਨ ਮੁੜ ਕੀਤਾ ਗਿਆ ਹੈ, ਜਿਸ ਵਿਚ ਵੱਖ-ਵੱਖ ਖੇਤਰਾਂ ਦੇ ਰਾਜਸੀ ਮਾਹਿਰਾਂ, ਸਿਆਸੀ ਆਗੂਆਂ ਅਤੇ ਨੀਤੀਵਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉੱਥੇ ਹੀ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੀ ਗਾਇਕੀ ਦੇ ਵਿਰਸੇ ਨੂੰ ਸੰਭਾਲਣ ਵਾਲੀ, ਪੰਜਾਬ ਦੀ ਧੀ, ਗਾਇਕਾ ਸੁੱਖੀ ਬਰਾੜ ਨੂੰ ਵੀ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਹੈ। ਗਾਇਕਾ ਸੁੱਖੀ ਬਰਾੜ ਹਮੇਸ਼ਾ ਪੰਜਾਬੀ ਸੱਭਿਆਚਾਰਕ ਵਿਰਸੇ ਨਾਲ ਜੁੜੀ ਰਹੀ ਹੈ। ਜਿਸ ਦੇ ਸਾਫ-ਸੁਥਰੇ ਗੀਤ ਅੱਜ ਲੋਕ ਗੀਤਾਂ ਵਾਂਗ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰ ਰਹੇ ਹਨ। ਉਸ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਸ਼ਾਸਕ ਮੈਂਬਰ ਬਣਨ 'ਤੇ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਸੰਸਥਾਵਾਂ, ਸਿਆਸੀ ਆਗੂਆਂ, ਬੁੱਧੀਜੀਵੀਆਂ ਅਤੇ ਸੰਗੀਤ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਮਿਲ ਰਹੀਆਂ ਹਨ।

# ਕੇ.ਕੇ. ਪੰਮਾ ਦੀ ਮਾਤਾ ਦਾ ਦੇਹਾਂਤ



**ਸ਼ਿਕਾਗੋ:** 'ਸਪਾਈਸ ਆਫ ਟੱਚ' ਵਾਲੇ ਕੇ.ਕੇ. ਪੰਮਾ ਦੇ ਮਾਤਾ ਸ਼ੀਲਾ ਦੇਵੀ ਗੁਰੂ ਦੁਆਰਾ ਬਖਸ਼ੀ ਆਰਜਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 80 ਸਾਲਾਂ ਦੇ ਸਨ। ਉਨ੍ਹਾਂ 28 ਦਸੰਬਰ ਨੂੰ ਆਖਰੀ ਸਾਹ ਲਏ। ਉਹ ਮੂਲ ਰੂਪ ਵਿਚ ਮੁਗੋਵਾਲ, ਪੰਜਾਬ ਦੇ ਰਹਿਣ ਵਾਲੇ ਸਨ। ਉਹ ਆਪਣੇ ਪਿੱਛੇ ਕੇ.ਕੇ. ਪੰਮਾ, ਪਰਮਜੀਤ ਕੌਰ, ਇੰਦਰਜੀਤ, ਧਰਮਵੀਰ, ਜਸਬੀਰ (ਸੋਨੀ) ਨੂੰ ਛੱਡ ਗਏ ਹਨ।

ਉਨ੍ਹਾਂ ਦਾ ਅੰਤਿਮ ਸੰਸਕਾਰ 11 ਜਨਵਰੀ, ਸ਼ਨਿਚਰਵਾਰ ਨੂੰ ਦੁਪਹਿਰ 12:00 ਤੋਂ 2:00 ਵਜੇ ਦਰਮਿਆਨ ਕੰਟਰੀਸਾਈਡ ਫਿਊਨਰਲ ਹੋਮ 950 S ਬਾਰਟਲੇਟ ਆਰ.ਡੀ ਬਾਰਟਲੇਟ IL, 60103 ਵਿਖੇ ਹੋਵੇਗਾ। ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2:00 ਤੋਂ ਸ਼ਾਮ 4:00 ਵਜੇ ਤੱਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।





UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares
Call: 773-338-5603

Homeopathicvibes

Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ



ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮੈਂ ਸਾਰੇ ਦੋਸ਼ ਆਪਣੀ ਝੋਲੀ ਪਾਏ: ਸੁਖਬੀਰ

## *ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਸਫ਼ਲ ਨਹੀਂ ਹੋਵੇਗੀ*

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਤਹਿਤ ਸਾਡੇ 'ਤੇ ਬੇਅਦਬੀ ਸਮੇਤ ਹੋਰ ਦੋਸ਼ ਲਾਏ ਗਏ ਸੀ। ਪੂਰੇ ਵਿਵਾਦ ਨੂੰ ਖਤਮ ਕਰਨ ਲਈ ਮੈਂ ਸਾਰੇ ਦੋਸ਼ਾਂ ਨੂੰ ਆਪਣੀ ਝੋਲੀ 'ਚ ਲੈ ਲਿਆ, ਜਦਕਿ ਅਕਾਲੀ ਦਲ ਕਦੇ ਵੀ ਅਜਿਹੀ ਕਾਰਵਾਈ ਕਰਨ ਬਾਰੇ ਸੋਚ ਵੀ ਨਹੀਂ ਸਕਦਾ, ਜਿਸ ਤਰ੍ਹਾਂ ਦਾ ਦੋਸ਼ ਅਕਾਲੀ ਦਲ 'ਤੇ ਲਾਇਆ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਸੁਖਬੀਰ ਬਾਦਲ ਇੱਥੇ ਮਾਘੀ ਮੇਲੇ 'ਤੇ ਕੀਤੀ ਜਾ ਰਹੀ ਕਾਨਫਰੰਸ ਦੀਆਂ ਤਿਆਰੀਆਂ ਨੂੰ ਲੈ ਕੇ ਵਰਕਰਾਂ ਅਤੇ ਆਗੂਆਂ ਨੂੰ ਲਾਮਬੰਦ ਕਰਨ ਲਈ ਪੁੱਜੇ ਸਨ। ਸੰਸਦ ਮੈਂਬਰ ਅੰਮ੍ਰਿਤਪਾਲ ਦਾ ਨਾਂ ਲਏ ਬਿਨਾਂ ਸੁਖਬੀਰ ਨੇ ਵਿਅੰਗ ਕਰਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ 16 ਸਾਲ ਜੇਲ੍ਹ ਕੱਟੀ ਤੇ ਇੱਥੇ ਇਕ ਸਾਲ ਦੇ ਅੰਦਰ ਹੀ ਚੀਕ ਨਿਕਲ ਗਈ ਹੈ। ਉਨ੍ਹਾਂ ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਤੋਂ ਸਰਬਜੀਤ ਖਾਲਸਾ ਸੰਸਦ ਮੈਂਬਰ ਬਣੇ ਹਨ, ਉਨ੍ਹਾਂ ਨੇ ਇਕ ਵਾਰ ਵੀ ਸਿੱਖਾਂ ਦੇ ਹੱਕਾਂ ਦੀ ਗੱਲ ਨਹੀਂ ਕੀਤੀ। ਕਿਸੇ ਦੇ ਸੁੱਖ-ਦੁੱਖ



'ਚ ਵੀ ਸ਼ਾਮਲ ਨਹੀਂ ਹੁੰਦੇ। ਸੁਖਬੀਰ ਨੇ ਕਿਹਾ ਕਿ ਮਾਘੀ ਮੇਲੇ ਮੌਕੇ ਜੋ ਨਵੀਂ ਪਾਰਟੀ ਬਣਾਈ ਜਾ ਰਹੀ ਹੈ, ਇਹ ਸਭ ਕੁਝ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਨੀਤੀ ਤਹਿਤ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਅਥਾਰਟੀ ਹੈ ਪਰ ਇਹ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਨਹੀਂ ਮੰਨਦੇ। ਇਨ੍ਹਾਂ ਨੇ ਆਪਣੇ ਹੀ ਜਥੇਦਾਰ ਬਣਾ ਰੱਖੇ ਹਨ। ਰਾਜਾ ਵੜਿੰਗ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਵੜਿੰਗ ਨੇ ਵੀ ਪਿਛਲੇ ਦਿਨੀਂ ਜਥੇਦਾਰਾਂ ਖਿਲਾਫ ਬਿਆਨ ਦਿੱਤਾ ਸੀ। ਸੁਖਬੀਰ ਨੇ ਅਕਾਲੀ ਵਰਕਰਾਂ ਨੂੰ ਮਾਘੀ ਮੇਲੇ ਮੌਕੇ ਵੱਡੀ ਗਿਣਤੀ 'ਚ ਸਿਆਸੀ ਕਾਨਫਰੰਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਕਿ ਕਾਨਫਰੰਸ 'ਚ ਪੂਰੇ ਦਿਲ ਨਾਲ ਪਹੁੰਚਣਾ ਹੈ। ਸੁਖਬੀਰ ਨੇ ਕਿਹਾ ਕਿ ਅਕਾਲੀ ਦਲ ਅਜੇ ਖਤਮ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪਹਿਲਾਂ ਆਰਾਮ ਕਰ ਰਿਹਾ ਸੀ। ਪਰ ਹੁਣ ਉਹ ਜਾਗ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਗੁਰੂ ਘਰ ਦੀ ਸੇਵਾ ਕਰਨ ਵਾਲੀ ਪਾਰਟੀ ਹੈ। ਅਕਾਲੀ ਦਲ ਖਿਲਾਫ਼ ਬਿਆਨਬਾਜ਼ੀ 'ਤੇ ਸਿਆਸਤ ਹੋ ਰਹੀ ਹੈ।ਪੰਜਾਬ ਸਰਕਾਰ 'ਤੇ ਬੋਲਦਿਆਂ ਸੁਖਬੀਰ ਨੇ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਅਜਿਹੇ ਬਣ ਗਏ ਹਨ ਕਿ ਗੈਂਗਸਟਰ ਲੋਕਾਂ ਤੋਂ ਫੋਨ 'ਤੇ ਫਿਰੌਤੀ ਮੰਗ ਰਹੇ ਹਨ। ਥਾਣਿਆਂ 'ਤੇ ਧਮਾਕੇ ਹੋ ਰਹੇ ਹਨ। ਪਰ ਇਸ ਸਾਰੀ ਸਥਿਤੀ ਨੂੰ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਠੀਕ ਕਰ ਸਕਦਾ ਹੈ। ਅਕਾਲੀ ਦਲ ਨੂੰ ਪੰਜਾਬ ਦੇ ਲੋਕਾਂ ਦੀ ਚਿੰਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਕਰ ਦਿੱਤੇ ਹਨ। ਇਸ ਮੌਕੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਜ਼ਿਲ੍ਹਾ ਪ੍ਰਧਾਨ ਪ੍ਰੀਤ ਇੰਦਰ ਸਿੰਘ ਸੰਮੇਵਾਲੀ, ਸ਼ਹਿਰੀ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ, ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਹਾਜ਼ਰ ਸਨ।

## ਟਰੰਪ ਦੀ ਸਹੁੰ ਚੁੱਕਣ ਤੋਂ ਪਹਿਲਾਂ ਸਿਆਸੀ ਹੰਗਾਮਾ

ਕੈਨੇਡਾ ਵਿਚ ਪੈਦਾ ਹੋਈ ਇਹ ਸਿਆਸੀ ਉਥਲ-ਪੁਥਲ ਬਹੁਤ ਔਖੇ ਸਮੇਂ ਵਿਚ ਆਈ ਹੈ। 14 ਦਿਨਾਂ ਬਾਅਦ ਡੋਨਾਲਡ ਟਰੰਪ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ। ਉਨ੍ਹਾਂ ਨੇ ਕੈਨੇਡਾ 'ਤੇ ਭਾਰੀ ਟੈਰਿਫ ਲਗਾਉਣ ਦੀ ਖੁੱਲ੍ਹੇਆਮ ਧਮਕੀ ਦਿੱਤੀ ਹੈ। ਜਸਟਿਨ ਟਰੂਡੋ ਨੇ ਟਰੰਪ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਬਦਲੇ ਵਿਚ ਟਰੰਪ ਨੇ ਕੈਨੇਡਾ ਨੂੰ ਅਮਰੀਕਾ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ। ਟਰੰਪ ਨੇ ਕੈਨੇਡਾ ਨੂੰ ਨਸ਼ਿਆਂ ਅਤੇ ਪਰਵਾਸੀਆਂ ਨੂੰ ਰੋਕਣ ਲਈ ਕਿਹਾ ਹੈ। ਅਜਿਹਾ ਨਾ ਹੋਣ 'ਤੇ 25 ਫ਼ੀਸਦੀ ਟੈਰਿਫ ਲਗਾਉਣ ਦੀ ਗੱਲ ਕਹੀ ਗਈ ਹੈ। ਦੱਸਣਯੋਗ ਹੈ ਕਿ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੈਨੇਡੀਅਨ ਵਸਤਾਂ 'ਤੇ 25 ਫ਼ੀਸਦੀ ਟੈਕਸ ਲਗਾਉਣ ਦੀ ਧਮਕੀ ਦੇ ਮੁੱਦੇ 'ਤੇ ਮਤਭੇਦ ਨੂੰ ਲੈ ਕੇ ਟਰੂਡੋ ਸਰਕਾਰ 'ਚ ਉਪ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਪਿਛਲੇ ਮਹੀਨੇ ਅਸਤੀਫ਼ਾ ਦੇ ਦਿੱਤਾ ਸੀ।

### ਹੁਣ 24 ਮਾਰਚ ਤੋਂ ਬਾਅਦ ਹੀ ਆ ਸਕੇਗਾ ਭਰੋਸੇ ਦਾ ਮਤਾ

ਪਾਰਲੀਮੈਂਟ ਦਾ ਸੈਸ਼ਨ ਖ਼ਤਮ ਹੋਣ ਨਾਲ ਹੁਣ 27 ਜਨਵਰੀ ਨੂੰ ਪਾਰਲੀਮੈਂਟ ਦਾ ਇਜਲਾਸ ਨਹੀਂ ਹੋਵੇਗਾ। ਦੂਜੇ ਪਾਸੇ ਵਿਰੋਧੀ ਧਿਰ ਕੰਜ਼ਰਵੇਟਿਵ ਇਸ ਤਾਕ 'ਚ ਹੈ ਕਿ ਪਾਰਲੀਮੈਂਟ 'ਚ ਵਿਸ਼ਵਾਸ ਮਤੇ ਸਬੰਧੀ ਬਿੱਲ ਕਦੋਂ ਲਿਆਂਦਾ ਜਾਵੇ ਤਾਂ ਜੋ ਲਿਬਰਲਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਪਰ ਹੁਣ 24 ਮਾਰਚ ਤੱਕ ਸੈਸ਼ਨ ਨਹੀਂ ਬੁਲਾਇਆ ਜਾ ਸਕਦਾ। ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਸ਼ੁਰੂ ਹੋਣ 'ਤੇ ਹੀ ਵਿਰੋਧੀਆਂ ਨੂੰ ਵਿਸ਼ਵਾਸ ਮਤਾ ਤਿਆਉਣ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਲਿਬਰਲ ਦੀ ਸਾਬਕਾ ਸਹਿਯੋਗੀ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਪ੍ਰਧਾਨ ਜਗਮੀਤ ਸਿੰਘ ਨੇ ਪਹਿਲਾਂ ਹੀ ਕਿਹਾ ਸੀ ਉਹ ਸਰਕਾਰ ਖਿਲਾਫ਼ ਬੇਭਰੋਸਗੀ ਮਤਾ ਲਿਆਉਣਗੇ।

# ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਪੰਜ ਫ਼ਰਵਰੀ ਨੂੰ

## ਨਤੀਜੇ ਅੱਠ ਫ਼ਰਵਰੀ ਨੂੰ ਆਉਣਗੇ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ। ਮੁੱਖ ਚੋਣ ਕਮਿਸ਼ਨ ਨੇ ਦਿੱਲੀ ਵਿੱਚ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਪੂਰੀ ਦਿੱਲੀ ਵਿਚ ਵੋਟਾਂ ਪੰਜ ਫ਼ਰਵਰੀ ਨੂੰ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਅੱਠ ਫ਼ਰਵਰੀ ਨੂੰ ਹੋਵੇਗੀ। ਪਿਛਲੀ ਵਾਰ ਸਾਲ 2020 ਵਿਚ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ। ਆਮ ਆਦਮੀ ਪਾਰਟੀ ਨੂੰ ਇਕ ਵਾਰ ਫਿਰ ਵੱਡੀ ਜਿੱਤ ਪ੍ਰਾਪਤ ਹੋਈ ਸੀ।

ਪਿਛਲੇ 10 ਸਾਲ ਤੋਂ ਇਹ ਪਾਰਟੀ ਦਿੱਲੀ ਦਾ ਪ੍ਰਸ਼ਾਸਨ ਚਲਾ ਰਹੀ ਹੈ। ਅੰਨਾ ਹਜ਼ਾਰੇ ਵਲੋਂ ਦੇਸ਼ ਭਰ ਵਿਚ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਚਲਾਉਣ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੇ ਆਮ ਆਦਮੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ। ਉਸ ਸਮੇਂ ਤੋਂ ਹੀ ਇਸ ਦੀ ਵੱਡੀ ਪੱਧਰ 'ਤੇ ਚਰਚਾ ਹੁੰਦੀ ਰਹੀ ਹੈ। ਦਿੱਲੀ ਵਾਸੀਆਂ ਨੇ ਇਸ ਪਾਰਟੀ ਨੂੰ ਸਮੇਂ-ਸਮੇਂ ਹੋਈਆਂ ਚੋਣਾਂ ਵਿਚ ਜਿੱਤਾ ਕੇ ਇਸ 'ਤੇ ਵਿਸ਼ਵਾਸ ਪ੍ਰਗਟ ਕੀਤਾ ਹੈ। ਇਸ ਤੋਂ ਪਹਿਲਾਂ ਕਾਂਗਰਸ ਦੀ ਅਗਵਾਈ ਵਿਚ ਸ਼ੀਲਾ ਦੀਕਸ਼ਿਤ ਦੀ ਬਣੀ ਸਰਕਾਰ ਨੇ ਇੱਥੇ ਮੁਢਲੇ ਢਾਂਚੇ ਵਿਚ ਵੱਡੀਆਂ ਤਬਦੀਲੀਆਂ ਕਰ ਕੇ ਕਾਂਗਰਸ ਦਾ ਸਿੱਕਾ ਮਨਵਾਇਆ ਸੀ, ਪਰ ਉਸ ਤੋਂ ਬਾਅਦ ਸਿਆਸੀ ਤੌਰ 'ਤੇ ਪਾਰਟੀ ਇਥੇ ਪਛੜ ਗਈ ਸੀ।

ਹੁਣ ਪਿਛਲੇ ਕੁਝ ਮਹੀਨਿਆਂ ਤੋਂ ਦਿੱਲੀ ਵਿਚ ਸਾਰੀਆਂ ਹੀ ਸਿਆਸੀ ਪਾਰਟੀਆਂ ਦੀਆਂ ਚੋਣ ਸਰਗਰਮੀਆਂ ਕਾਫੀ ਵਧ ਗਈਆਂ ਹਨ। ਆਮ ਆਦਮੀ ਪਾਰਟੀ ਦੇ ਨਾਲ-ਨਾਲ ਭਾਜਪਾ ਵੀ ਵਧੇਰੇ ਸਰਗਰਮ ਹੋਈ ਦਿਸਦੀ ਹੈ। ਮਹਾਰਾਸ਼ਟਰ ਅਤੇ ਹਰਿਆਣੇ ਵਿਚ ਹੋਈਆਂ ਚੋਣਾਂ ਵਿਚ ਇਸ ਦੀ ਜਿੱਤ ਨੇ ਇਸ ਦੇ ਹੌਸਲੇ ਹੋਰ ਵੀ ਵਧਾ ਦਿੱਤੇ ਹਨ। ਹੁਣ ਇਹ ਕਿਸੇ ਨਾ ਕਿਸੇ ਤਰ੍ਹਾਂ 'ਆਪ' ਦੇ ਇਸ ਕਿਲ੍ਹੇ ਨੂੰ ਢਾਹੁਣ ਲਈ ਪੂਰਾ ਜ਼ੋਰ ਲਗਾ ਰਹੀ ਹੈ।

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾਉਂਦੇ ਹੋਏ ਇਥੇ 4500 ਕਰੋੜ ਦੇ ਪ੍ਰਾਜੈਕਟਾਂ ਦਾ ਐਲਾਨ ਕੀਤਾ ਹੈ। ਅਸ਼ੋਕ ਵਿਹਾਰ ਦੇ ਇਲਾਕੇ ਵਿਚ ਝੁੱਗੀ ਝੌਂਪੜੀ ਵਾਲਿਆਂ ਨੂੰ 1675 ਫਲੈਟਾਂ ਦੀਆਂ ਚਾਬੀਆਂ ਵੀ ਸੌਂਪੀਆਂ ਗਈਆਂ। ਇਸ ਸਮੇਂ



ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿਚ ਕੇਜਰੀਵਾਲ ਅਤੇ ਦਿੱਲੀ ਸਰਕਾਰ ਦੀ ਆਲੋਚਨਾ ਕੀਤੀ। ਉਸ ਤੋਂ ਅਗਲੇ ਹੀ ਦਿਨ ਭਾਜਪਾ ਵਲੋਂ 29 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ।

ਦਿੱਲੀ ਵਿਧਾਨ ਸਭਾ ਦੀਆਂ 70 ਸੀਟਾਂ ਹਨ।ਆਮ ਆਦਮੀ ਪਾਰਟੀ ਨੇ ਪਹਿਲਾਂ ਹੀ ਇਨ੍ਹਾਂ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਸੀ ਅਤੇ ਕਾਂਗਰਸ ਨੇ ਵੀ ਹੁਣ ਤੱਕ 48 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਜਿਸ ਕਦਰ ਇਨ੍ਹਾਂ ਤਿੰਨਾਂ ਹੀ ਪਾਰਟੀਆਂ ਨੇ ਵੱਖ-ਵੱਖ ਹਲਕਿਆਂ ਵਿਚ ਪ੍ਰਭਾਵਸ਼ਾਲੀ ਰਹੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ, ਉਸ ਤੋਂ ਲੱਗਦਾ ਹੈ ਕਿ ਆਉਂਦੇ ਦਿਨਾਂ ਵਿਚ ਚੋਣ ਦੰਗਲ ਪੂਰੀ ਤਰ੍ਹਾਂ ਭਖ ਜਾਏਗਾ। ਆਮ ਆਦਮੀ ਪਾਰਟੀ ਲਈ ਕੇਂਦਰ ਸਰਕਾਰ ਵਲੋਂ ਪਿਛਲੇ ਲੰਮੇ ਸਮੇਂ ਤੋਂ ਵੱਡੀਆਂ ਮੁਸੀਬਤਾਂ ਖੜੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸ ਦੇ ਵੱਡੇ ਆਗੂਆਂ ਨੂੰ ਵੱਖ-ਵੱਖ ਮੁਕੱਦਮਿਆਂ ਵਿਚ ਲੰਮੇ ਸਮੇਂ ਤੱਕ ਜੇਲ੍ਹਾਂ ਵਿਚ ਰੱਖਿਆ ਗਿਆ ਸੀ।

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸ਼ਰਤਾਂ ਸਹਿਤ ਅਦਾਲਤ ਤੋਂ ਮਿਲੀ ਜ਼ਮਾਨਤ ਕਰਕੇ ਆਪਣੀ ਸਰਕਾਰ ਦੀ ਵਜ਼ੀਰ ਆਤਿਸ਼ੀ ਨੂੰ ਮੁੱਖ ਮੰਤਰੀ ਬਣਾਉਣਾ ਪਿਆ ਸੀ।

ਸਿਹਤ ਮੰਤਰੀ ਸਤਿੰਦਰ ਜੈਨ ਨੂੰ ਲੰਮਾ ਸਮਾਂ ਜੇਲ੍ਹ ਵਿਚ ਕੱਟਣਾ ਪਿਆ ਹੈ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਵੀ ਇਸ ਪ੍ਰਕਿਰਿਆ 'ਚੋਂ ਗੁਜ਼ਰਨਾ ਪਿਆ ਸੀ। ਬਿਨਾਂ ਸ਼ੱਕ ਦਿੱਲੀ ਦੀਆਂ ਇਹ ਚੋਣਾਂ ਤਿੰਨਾਂ ਪਾਰਟੀਆਂ ਲਈ ਹੀ ਵੱਕਾਰ ਦਾ ਸਵਾਲ ਬਣ ਚੁੱਕੀਆਂ ਹਨ। ਇਸੇ ਲਈ ਹੀ ਉਨ੍ਹਾਂ ਦੀਆਂ ਸਰਗਰਮੀਆਂ ਵਿਚ ਚੋਖਾ ਵਾਧਾ ਹੋ ਗਿਆ ਹੈ। ਭਾਜਪਾ ਕੋਈ ਨਾ ਕੋਈ ਮੁੱਦਾ ਬਣਾ ਕੇ ਸਰਕਾਰ ਵਿਰੁੱਧ ਨਿੱਤ ਦਿਨ ਸੜਕਾਂ 'ਤੇ ਉਤਰਦੀ ਰਹੀ ਹੈ।

ਹੁਣ ਕਾਂਗਰਸ ਨੇ ਵੀ ਅਜਿਹੀ ਨੀਤੀ ਅਪਣਾਈ ਹੈ।ਪਿਛਲੇ ਦਿਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਦਿੱਲੀ ਦੇ ਵਿਜੇ ਚੌਕ ਤੋਂ ਰਾਜ ਸਰਕਾਰ ਦੇ ਖ਼ਿਲਾਫ਼ ਮਾਰਚ ਕੱਢਿਆ, ਜਿਸ ਵਿਚ ਦਿੱਲੀ ਦੇ ਵੱਡੇ ਕਾਂਗਰਸੀ ਆਗੂ ਅਜੇ ਮਾਕਨ ਅਤੇ ਦਵਿੰਦਰ ਯਾਦਵ ਵੀ ਸ਼ਾਮਿਲ ਹੋਏ। ਇਹ ਦੋਵੇਂ ਹੀ ਪਾਰਟੀਆਂ ਸਰਕਾਰ ਦੇ 10 ਸਾਲਾਂ ਦੇ ਰਾਜ ਵਿਚ ਰਹੀਆਂ ਕਮੀਆਂ ਨੂੰ ਉਜਾਗਰ ਕਰਨ ਵਿਚ ਲੱਗੀਆਂ ਹੋਈਆਂ ਹਨ। ਰਾਜ ਕਰਦੀ ਆਮ ਆਦਮੀ ਪਾਰਟੀ ਨੂੰ ਜਿਥੇ ਬਚਾਅ ਦੀ ਨੀਤੀ ਧਾਰਨ ਕਰਨੀ ਪੈ ਰਹੀ ਹੈ, ਉੱਥੇ ਇਸ ਨੇ ਇਸ ਅਰਸੇ ਵਿਚ ਆਪਣੇ ਵਲੋਂ ਕੀਤੇ ਗਏ ਕੰਮਾਂ ਨੂੰ ਉਜਾਗਰ ਕਰਨ ਦਾ ਵੀ ਲਗਾਤਾਰ ਯਤਨ ਕੀਤਾ ਹੈ।

ਸਰਕਾਰ ਪਿਛਲੇ ਲੰਮੇ ਸਮੇਂ ਤੋਂ ਅਪਣਾਈਆਂ ਗਈਆਂ ਕਲਿਆਣਕਾਰੀ ਯੋਜਨਾਵਾਂ ਨੂੰ ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਾਰ ਰਹੀ ਹੈ। ਪਿਛਲੇ ਦਿਨੀਂ ਐਲਾਨੀਆਂ ਦੋ ਹੋਰ ਕਲਿਆਣਕਾਰੀ ਯੋਜਨਾਵਾਂ ਦਾ ਵੀ 'ਆਪ' ਵਲੋਂ ਵਿਸਥਾਰ ਪੇਸ਼ ਕੀਤਾ ਜਾ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਪੰਜਾਬ ਸਰਕਾਰ ਵਲੋਂ ਸ਼ਿਕਾਇਤਾਂ ਸੁਣਨ ਲਈ 'ਆਨਲਾਈਨ ਐਨ. ਆਰ. ਆਈ. ਮਿਲਣੀ'

***ਸਮੂਹ ਜ਼ਿਲ੍ਹਿਆਂ ਦੇ ਡੀ.ਸੀਜ਼ ਅਤੇ ਐਸ.ਐਸ.ਪੀਜ਼ ਨੂੰ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਕਿਹਾ***



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਦੇਸ਼ ਭਰ 'ਚ ਆਪਣੀ ਕਿਸਮ ਦੀ ਪਹਿਲੀ ਤੇ ਵਿਲੱਖਣ ਪਹਿਲਕਦਮੀ 'ਆਨਲਾਈਨ ਐਨ.ਆਰ.ਆਈ. ਮਿਲਣੀ' ਦੀ ਸ਼ੁਰੂਆਤ ਕੀਤੀ ਹੈ। ਇਹ ਸੇਵਾ ਸੂਬਾ ਸਰਕਾਰ ਤਹਿਤ ਪ੍ਰਵਾਸੀ ਪੰਜਾਬੀਆਂ ਵੱਲੋਂ ਪ੍ਰਾਪਤ ਵਿਭਿੰਨ ਸ਼ਿਕਾਇਤਾਂ ਦਾ ਛੇਤੀ ਤੇ ਢੁੱਕਵਾਂ ਨਿਪਟਾਰਾ ਕਰ ਰਹੀ ਹੈ ਅਤੇ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਯਤਨ ਲਗਾਤਾਰ ਜਾਰੀ ਰੱਖੇ ਜਾਣਗੇ।

ਇਹ ਪ੍ਰਗਟਾਵਾ ਕਰਦਿਆਂ ਦੇ ਐਨ. ਆਰ. ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅੱਜ ਪ੍ਰਵਾਸੀ ਪੰਜਾਬੀਆਂ ਦੀਆਂ 100 ਤੋਂ ਵੱਧ ਸ਼ਿਕਾਇਤਾਂ ਸੁਣੀਆਂ ਅਤੇ ਸਬੰਧਤ ਸਿਵਲ ਅਤੇ ਪੁਲੀਸ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਨਿਪਟਾਰਾ ਕਰਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਅੱਜ ਪ੍ਰਾਪਤ ਹੋਈਆਂ ਸ਼ਿਕਾਇਤਾਂ ਅਮਰੀਕਾ, ਕਨੇਡਾ, ਇੰਗਲੈਂਡ, ਆਸਟ੍ਰੇਲੀਆ, ਜਰਮਨੀ, ਆਸਟਰੀਆ, ਇਟਲੀ ਅਤੇ ਅਫ਼ਰੀਕਾ ਵਿਖੇ ਵੱਸਦੇ ਪੰਜਾਬੀਆਂ ਨਾਲ ਸੰਬੰਧਤ ਸਨ, ਜੋ ਪ੍ਰਾਪਰਟੀ, ਨਾਜਾਇਜ਼ ਕਬਜ਼ਿਆਂ ਅਤੇ ਵਿਆਹ ਮਾਮਲਿਆਂ ਨਾਲ ਸੰਬੰਧਤ ਸਨ।

ਸਵੇਰੇ 11:00 ਵਜੇ ਕੀਤੀ ਦੂਜੀ ਆਨਲਾਈਨ ਐਨ.ਆਰ.ਆਈ. ਮਿਲਣੀ ਮੌਕੇ ਸ. ਧਾਲੀਵਾਲ ਨੇ ਕਿਹਾ ਕਿ ਇਸ ਵਿਲੱਖਣ ਸੇਵਾ ਰਾਹੀਂ ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦਾ ਲਗਾਤਾਰ ਨਿਪਟਾਰਾ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣਨ ਲਈ ਹਰ ਮਹੀਨੇ ਦੇ ਪਹਿਲੇ ਹਫਤੇ ਆਨਲਾਈਨ ਮਿਲਣੀ ਹੋਇਆ ਕਰੇਗੀ।

ਸ. ਧਾਲੀਵਾਲ ਨੇ ਦੱਸਿਆ ਕਿ ਸਮੂਹ ਜ਼ਿਲ੍ਹਿਆਂ ਦੇ ਡੀ.ਸੀਜ਼ ਅਤੇ ਐਸ.ਐਸ.ਪੀਜ਼ ਨੂੰ ਪ੍ਰਵਾਸੀਆਂ ਪੰਜਾਬੀਆਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਅਧਾਰ 'ਤੇ ਹੱਲ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਕੇ ਪ੍ਰਵਾਸੀਆਂ ਦੇ ਮਸਲੇ ਹੱਲ ਕਰਨ ਲਈ ਹੁਕਮ ਜਾਰੀ ਕੀਤੇ ਗਏ ਹਨ।

ਇਸ ਮੌਕੇ ਏ.ਡੀ.ਜੀ.ਪੀ. ਐਨ.ਆਰ.ਆਈ. ਵਿੰਗ ਪੰਜਾਬ ਸ੍ਰੀ ਪ੍ਰਵੀਨ ਕੁਮਾਰ ਸਿਨਹਾ, ਏ.ਆਈ.ਜੀ. ਸ੍ਰੀ ਅਜਿੰਦਰ ਸਿੰਘ ਤੋਂ ਐਨ.ਆਰ.ਆਈ. ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।




# ਕਾਂਗਰਸ ਵਲੋਂ 'ਜੈ ਬਾਪੂ, ਜੈ ਭੀਮ, ਜੈ ਸੰਵਿਧਾਨ' ਮੁਹਿੰਮ ਸ਼ੁਰੂ

**ਨਵੀਂ ਦਿੱਲੀ:** ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦਾ ਅਪਮਾਨ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫੇ ਲਈ ਦਬਾਅ ਪਾਉਣ ਲਈ ਕਾਂਗਰਸ ਨੇ "ਜੈ ਬਾਪੂ, ਜੈ ਭੀਮ, ਜੈ ਸੰਵਿਧਾਨ" ਮੁਹਿੰਮ ਸ਼ੁਰੂ ਕੀਤੀ ਹੈ। ਕਾਂਗਰਸੀ ਆਗੂ ਪਵਨ ਖੇੜਾ ਨੇ ਕਿਹਾ ਕਿ ਇਸ ਮੁਹਿੰਮ ਤਹਿਤ ਪਾਰਟੀ ਆਗੂ ਹਰ ਜ਼ਿਲ੍ਹੇ ਵਿਚ 'ਚੌਪਾਲਾਂ' ਦਾ ਪ੍ਰਬੰਧ ਕਰਨਗੇ ਅਤੇ ਲੋਕਾਂ ਨੂੰ ਦੱਸਣਗੇ ਕਿ ਕਿਵੇਂ ਭਾਜਪਾ-ਆਰ.ਐਸ.ਐਸ. ਦਹਾਕਿਆਂ 'ਤੇ ਅੰਬੇਡਕਰ ਅਤੇ ਸੰਵਿਧਾਨ ਦਾ ਅਪਮਾਨ ਕਰ ਰਹੇ ਹਨ। ਖੇੜਾ ਨੇ ਕਿਹਾ ਕਿ 3 ਜਨਵਰੀ ਨੂੰ ਸ਼ੁਰੂ ਕੀਤੀ ਗਈ ਇਹ ਮੁਹਿੰਮ 26 ਜਨਵਰੀ ਨੂੰ ਮੱਧ ਪ੍ਰਦੇਸ਼ ਦੇ ਮਹੂ (ਅੰਬੇਡਕਰ ਦੇ ਜਨਮ ਸਥਾਨ) ਵਿਖੇ ਸੰਵਿਧਾਨ ਅਤੇ ਗਣਤੰਤਰ ਦੇ 75 ਸਾਲਾਂ ਦੀ ਯਾਦ 'ਚ ਵਿਸ਼ਾਲ ਰੈਲੀ ਨਾਲ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਅੰਬੇਡਕਰ ਦੀ ਵਿਰਾਸਤ ਅਤੇ ਕਦਰਾਂ-ਕੀਮਤਾਂ ਦੀ ਰਾਖੀ ਲਈ 26 ਜਨਵਰੀ 2025 ਤੋਂ 26 ਜਨਵਰੀ, 2026 ਤੱਕ ਇਕ 'ਸੰਵਿਧਾਨ ਬਚਾਓ ਰਾਸ਼ਟਰੀ ਪਦਯਾਤਰਾ' ਕਰਵਾਈ ਜਾਏਗੀ, ਜੋ ਦੇਸ਼ ਭਰ ਦੇ ਪਿੰਡਾਂ ਅਤੇ ਕਸਬਿਆਂ ਨੂੰ ਏਕਤਾ ਅਤੇ ਸਮਾਜਿਕ ਨਿਆਂ ਦੇ ਸ਼ਕਤੀਸ਼ਾਲੀ ਸੰਦੇਸ਼ ਨਾਲ ਜੋੜੇਗੀ।

ਖੇੜਾ ਨੇ ਕਿਹਾ ਕਿ ਅਸੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਡਾ. ਅੰਬੇਡਕਰ ਵਿਰੁੱਧ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਲਈ ਉਨ੍ਹਾਂ ਨੂੰ ਬਰਖਾਸਤ ਕਰਨ ਦੀ ਆਪਣੀ ਮੰਗ ਨੂੰ ਦੁਹਰਾਉਂਦੇ ਹਾਂ।

# ਚੀਨ ਦੇ ਵਾਇਰਸ ਦੀ ਭਾਰਤ ਵਿਚ ਦਸਤਕ

### ਪੰਜਾਬ ਬੱਚਿਆਂ ਵਿੱਚ ਦਿਸੇ ਬਿਮਾਰੀ ਦੇ ਲੱਛਣ



**ਨਵੀਂ ਦਿੱਲੀ:** ਹਿਊਮਨ ਮੈਟਾਨਿਮੋਵਾਇਰਸ (ਐਚ.ਐਮ.ਪੀ.ਵੀ.) ਨੇ ਭਾਰਤ 'ਚ ਵੀ ਦਸਤਕ ਦੇ ਦਿੱਤੀ ਹੈ। ਦੇਸ਼ 'ਚ ਇਸ ਦੇ ਪੰਜ ਮਾਮਲੇ ਸਾਹਮਣੇ ਆਏ ਹਨ। ਕਰਨਾਟਕ ਤੇ ਤਾਮਿਲਨਾਡੂ 'ਚ ਦੋ-ਦੋ ਤੇ ਗੁਜਰਾਤ 'ਚ ਇਕ ਬੱਚੇ 'ਚ ਐੱਚਐੱਮਪੀਵੀ ਦੀ ਪੁਸ਼ਟੀ ਹੋਈ ਹੈ। ਵੈਸੇ ਕਿਸੇ ਵੀ ਬੱਚੇ ਦਾ ਵਿਦੇਸ਼ ਯਾਤਰਾ ਦਾ ਕੋਈ ਇਤਿਹਾਸ ਨਹੀਂ ਹੈ। ਕਰਨਾਟਕ 'ਚ ਜਿਸ ਬੱਚੇ ਦੀ ਐੱਚਐੱਮਪੀਵੀ ਰਿਪੋਰਟ ਪਾਜ਼ੇਟਿਵ ਆਈ ਸੀ, ਉਹ ਠੀਕ ਹੋ ਕੇ ਘਰ ਵੀ ਜਾ ਚੁੱਕਾ ਹੈ। ਇਸ ਦੌਰਾਨ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈਸੀਐੱਮਆਰ) ਤੇ ਕੇਂਦਰੀ ਸਿਹਤ ਮੰਤਰਾਲੇ ਨੇ ਸਾਫ਼ ਕੀਤਾ ਹੈ ਕਿ ਇਸ ਵਾਇਰਸ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਸਰਕਾਰ ਸਾਹ ਸੰਬੰਧੀ ਬਿਮਾਰੀਆਂ 'ਚ ਕਿਸੇ ਵੀ ਸੰਭਾਵਿਤ ਵਾਧੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਦੱਸਣਯੋਗ ਹੈ ਕਿ ਐੱਚ.ਐਮ.ਪੀ.ਵੀ. ਮੁੱਖ ਰੂਪ ਨਾਲ ਬੱਚਿਆਂ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਸਧਾਰਨ ਸਰਦੀ-ਜ਼ੁਕਾਮ ਵਰਗਾ ਇਨਫੈਕਸ਼ਨ ਹੁੰਦਾ ਹੈ।

ਬੈਂਗਲੁਰੂ ਦੇ ਬੈਪਟਿਸਟ ਹਸਪਤਾਲ 'ਚ ਕੋਪਨਿਊਮੋਨੀਆ ਦੀ ਹਿਸਟਰੀ ਵਾਲੀ ਤਿੰਨ ਮਹੀਨੇ ਦੀ ਇਕ ਬੱਚੀ ਨੂੰ ਦਾਖਲ ਕਰਾਉਣ ਤੋਂ ਬਾਅਦ ਉਸ ਦੇ ਐੱਚਐੱਮਪੀਵੀ ਨਾਲ ਪੀੜਤ ਹੋਣ ਦਾ ਪਤਾ ਲੱਗਾ। ਸਿਹਤ ਮੰਤਰਾਲੇ ਨੇ ਕਿਹਾ ਕਿ ਬੱਚੀ ਨੂੰ ਠੀਕ ਹੋਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਇਸੇ ਹਸਪਤਾਲ 'ਚ ਅੱਠ ਮਹੀਨੇ ਦੇ ਇਕ ਬੱਚੇ ਦਾ ਤਿੰਨ ਜਨਵਰੀ ਨੂੰ ਕਰਾਇਆ ਗਿਆ ਐੱਚਐੱਮਪੀਵੀ ਟੈਸਟ ਪਾਜ਼ੇਟਿਵ ਪਾਇਆ ਗਿਆ। ਉਹ ਵੀ ਹੁਣ ਠੀਕ ਹੋ ਰਿਹਾ ਹੈ। ਸਿਹਤ ਮੰਤਰਾਲੇ ਦੇ ਮੁਤਾਬਕ ਇਹ ਦੋਵੇਂ ਮਾਮਲੇ ਆਈ.ਸੀ.ਐੱਮ.ਆਰ. ਦੀ ਨਿਯਮਤ ਨਿਗਰਾਨੀ ਨਾਲ ਸਾਹਮਣੇ ਆਏ। ਵਾਇਰਸ ਇਨਫੈਕਸ਼ਨ 'ਤੇ ਨਜ਼ਰ ਰੱਖਣ ਲਈ ਨਿਊਮੋਨੀਆ ਦੇ ਕੁਝ ਮਾਮਲਿਆਂ ਦਾ ਲੈਬਾਰਟਰੀ 'ਚ ਸੈਂਪਲ ਭੇਜਿਆ ਜਾਂਦਾ ਹੈ ਤਾਂ ਜੋ ਇਨਫੈਕਸ਼ਨ ਕਰਨ ਵਾਲੇ ਵਾਇਰਸ ਦੀ ਸਹੀ ਪਛਾਣ ਕੀਤੀ ਜਾ ਸਕੇ।

ਚੇਨਈ 'ਚ ਇਕ ਸਿਹਤ ਅਧਿਕਾਰੀ ਨੇ ਕਿਹਾ ਕਿ ਦੋ ਬੱਚਿਆਂ 'ਚ ਹਿਊਮਨ ਮੈਟਾਨਿਮੋਵਾਇਰਸ ਦੀ ਪੁਸ਼ਟੀ ਹੋਈ ਹੈ। ਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਹ ਦੋਵੇਂ ਮਾਮਲੇ ਚੇਨਈ ਸ਼ਹਿਰ ਦੇ ਦੋ ਵੱਖ-ਵੱਖ ਹਸਪਤਾਲਾਂ 'ਚ ਜ਼ੇਰੇ-ਇਲਾਜ ਹਨ। ਓਧਰ, ਗੁਜਰਾਤ ਦੇ ਅਹਿਮਦਾਬਾਦ ਦੇ ਹਸਪਤਾਲ 'ਚ ਦਾਖਲ ਜਿਸ ਬੱਚੇ 'ਚ ਐੱਚਐੱਮਪੀਵੀ ਦੀ ਪੁਸ਼ਟੀ ਹੋਈ ਹੈ, ਉਹ ਰਾਜਸਥਾਨ ਦੇ ਡੂੰਗਰਪੁਰ ਦਾ ਹੈ।

ਇਸ ਦੌਰਾਨ ਰਾਜਸਥਾਨ ਸਰਕਾਰ ਨੇ ਕੋਵਿਡ, ਸਵਾਈਨ ਫਲੂ ਤੇ ਇੰਫਲੂਐਂਜ਼ਾ ਨਾਲ ਪੀੜਤ ਮਰੀਜ਼ਾਂ ਲਈ ਅਲੱਗ ਨਾਲ ਓਪੀਡੀ ਤੇ ਆਈਸੋਲੇਸ਼ਨ ਵਾਰਡ ਦੀ ਵਿਵਸਥਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

# ਇਸ ਸਾਲ ਦਾ 'ਸੂਹੀ ਸਵੇਰ ਮੀਡੀਆ ਪੁਰਸਕਾਰ' ਅਫ਼ਜ਼ਲ ਸਾਹਿਰ ਤੇ ਅਲੀ ਉਸਮਾਨ ਬਾਜਵਾ ਨੂੰ!

**** ਅਫ਼ਜ਼ਲ ਸਾਹਿਰ ਪੰਜਾਬੀ ਜਗਤ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਸ਼ੁਰੂਆਤ ਉਰਦੂ ਸ਼ਾਇਰੀ ਤੋਂ ਕੀਤੀ ਪਰ ਮਾਂ-ਬੋਲੀ ਦੇ ਮੋਹ ਨੇ ਉਸਨੂੰ ਪੰਜਾਬੀ ਦਾ ਹਰਮਨ ਪਿਆਰਾ ਸ਼ਾਇਰ ਬਣਾ ਦਿੱਤਾ। * ਅਲੀ ਉਸਮਾਨ ਬਾਜਵਾ ਨਾਮਵਰ ਨੌਜਵਾਨ ਪੰਜਾਬੀ ਕਹਾਣੀਕਾਰ, ਰੇਡੀਓ/ਟੀ. ਵੀ. ਹੋਸਟ, ਰੰਗਕਰਮੀ,ਅਦਾਕਾਰ ਤੇ ਪੰਜਾਬੀ ਬੋਲੀ ਦਾ ਕਾਰਕੁੰਨ ਹੈ।***





**ਲੁਧਿਆਣਾ:** ਇਸ ਸਾਲ ਦਾ 'ਸੂਹੀ ਸਵੇਰ ਮੀਡੀਆ ਪੁਰਸਕਾਰ' ਲਹਿੰਦੇ ਪੰਜਾਬ ਦੇ ਪ੍ਰਸਿੱਧ ਪੰਜਾਬੀ ਸ਼ਾਇਰ ਅਫ਼ਜ਼ਲ ਸਾਹਿਰ ਅਤੇ ਨੌਜਵਾਨ ਪੰਜਾਬੀ ਕਹਾਣੀਕਾਰ ਤੇ ਪੰਜਾਬੀ ਸੇਵਕ ਅਲੀ ਉਸਮਾਨ ਬਾਜਵਾ ਨੂੰ ਦਿੱਤਾ ਜਾ ਰਿਹਾ ਹੈ। ਦੋਹਾਂ ਸ਼ਖ਼ਸੀਅਤਾਂ ਨੂੰ ਇਹ ਪੁਰਸਕਾਰ ਲਹਿੰਦੇ ਪੰਜਾਬ ਵਿੱਚ ਪੰਜਾਬੀ ਜ਼ੁਬਾਨ ਦੇ ਪ੍ਰਚਾਰ-ਪਰਸਾਰ ਲਈ ਕੀਤੇ ਕੰਮਾਂ ਕਰਕੇ ਦਿੱਤਾ ਜਾ ਰਿਹਾ ਹੈ।

ਅਫ਼ਜ਼ਲ ਸਾਹਿਰ ਪੰਜਾਬੀ ਜਗਤ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਸ਼ੁਰੂਆਤ ਉਰਦੂ ਸ਼ਾਇਰੀ ਤੋਂ ਕੀਤੀ ਪਰ ਮਾਂ-ਬੋਲੀ ਦੇ ਮੋਹ ਨੇ ਉਸਨੂੰ ਪੰਜਾਬੀ ਦਾ ਹਰਮਨ ਪਿਆਰਾ ਸ਼ਾਇਰ ਬਣਾ ਦਿੱਤਾ। ਸ਼ਾਇਰੀ ਤੋਂ ਇਲਾਵਾ ਅੱਸੀਵਿਆਂ ਦੇ ਅਖੀਰ ਵਿਚ ਸ਼ੁਰੂ ਹੋਏ ਲਹਿੰਦੇ ਪੰਜਾਬ ਦੇ ਪਹਿਲੇ ਰੋਜ਼ਾਨਾ ਪੰਜਾਬੀ ਅਖ਼ਬਾਰ 'ਸੱਜਣ' ਲਈ (ਜੋ ਕੁਝ ਸਾਲਾਂ ਬਾਅਦ ਹੀ ਮਾੜੇ ਆਰਥਿਕ ਹਾਲਾਤ ਕਾਰਨ ਬੰਦ ਹੋ ਗਿਆ ਸੀ) ਉਹ ਫ਼ੈਸਲਾਬਾਦ (ਲਾਇਲਪੁਰ) ਤੋਂ ਸਹਿਯੋਗੀ ਪੱਤਰਕਾਰ ਵਜੋਂ ਕੰਮ ਕਰਦਾ ਰਿਹਾ। ਸਾਹਿਤਕ ਪੱਤਰਕਾਰੀ ਵਿਚ ਉਸਦਾ ਵੱਡਾ ਨਾਮ ਹੈ। ਸਟੇਜ ਦਾ ਉਹ ਧਨੀ ਹੈ। ਆਪਣੇ ਪੰਜਾਬੀ ਰੇਡੀਓ ਸ਼ੋਅ 'ਨਾਲ ਸੱਜਣ ਦੇ ਰਹੀਏ ਵੇ' ਰਾਹੀਂ ਉਸਨੇ ਨਾ ਸਿਰਫ਼ ਰੇਡੀਓ ਹੋਸਟ ਵਜੋਂ ਮਾਨਤਾ ਹਾਸਲ ਕੀਤੀ ਸਗੋਂ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਮਾਂ-ਬੋਲੀ ਨਾਲ ਜੋੜਿਆ।

ਲੋਕ-ਪੱਖੀ ਸਰਗਰਮੀਆਂ ਵਿਚ ਉਹ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਉਸਦੀ ਅਗਵਾਈ ਵਿਚ ਪੰਜਾਬੀ ਜ਼ੁਬਾਨ ਤੇ ਅਦਬ ਨਾਲ ਜੁੜੀਆਂ ਕਈ ਸਰਗਰਮੀਆਂ ਹੁੰਦੀਆਂ ਹਨ। ਲਹਿੰਦੇ ਪੰਜਾਬ ਵਿੱਚ ਪੰਜਾਬੀ ਜ਼ੁਬਾਨ ਨੂੰ ਸਰਕਾਰੀ ਮਾਨਤਾ ਨਹੀਂ ਮਿਲੀ ਹੋਈ ਨਾ ਓਥੇ ਸਕੂਲੀ ਪੱਧਰ 'ਤੇ ਪੰਜਾਬੀ ਦੀ ਪੜ੍ਹਾਈ ਦਾ ਕੋਈ ਬੰਦੋਬਸਤ ਹੈ। ਇਸ ਲਈ ਉਥੇ ਪੰਜਾਬੀ ਦਾ ਇਕਬਾਲ ਬੁਲੰਦ ਕਰਨਾ ਕੋਈ ਸੌਖਾ ਕੰਮ ਨਹੀਂ ਪਰ ਅਫ਼ਜ਼ਲ ਸਾਹਿਰ ਕਰ ਰਿਹਾ ਹੈ।

ਅਲੀ ਉਸਮਾਨ ਬਾਜਵਾ ਨਾਮਵਰ ਨੌਜਵਾਨ ਪੰਜਾਬੀ ਕਹਾਣੀਕਾਰ, ਰੇਡੀਓ/ਟੀ. ਵੀ. ਹੋਸਟ, ਰੰਗਕਰਮੀ,ਅਦਾਕਾਰ ਤੇ ਪੰਜਾਬੀ ਬੋਲੀ ਦਾ ਕਾਰਕੁੰਨ ਹੈ। ਅਲੀ ਉਸਮਾਨ ਨੇ ਸ਼ੁਰੂ ਵਿੱਚ ਉਰਦੂ ਵਿਚ ਕਹਾਣੀ ਲਿਖਣੀ ਸ਼ੁਰੂ ਕੀਤੀ। ਜਦੋਂ ਅਹਿਸਾਸ ਹੋਇਆ ਕਿ ਕਹਾਣੀ 'ਉਤਰਦੀ' ਤਾਂ ਪੰਜਾਬੀ ਵਿਚ ਹੈ, ਉਰਦੂ ਵਿਚ ਤਾਂ ਧੱਕੇ ਨਾਲ ਲਿਖਣੀ ਪੈ ਰਹੀ ਹੈ ਤਾਂ ਉਹ ਪੰਜਾਬੀ ਕਹਾਣੀਕਾਰ ਬਣ ਗਿਆ।ਉਸ ਦੀਆਂ ਕਈ ਕਹਾਣੀਆਂ ਚੜ੍ਹਦੇ ਪੰਜਾਬ ਦੇ ਪ੍ਰਸਿੱਧ ਪੰਜਾਬੀ ਰਸਾਲਿਆਂ ਵਿਚ ਛਪ ਚੁੱਕੀਆਂ ਹਨ।

ਅਲੀ ਲਹਿੰਦੇ ਪੰਜਾਬ ਵਿੱਚ ਪੰਜਾਬੀ ਜ਼ੁਬਾਨ ਨਾਲ ਜੁੜੀਆਂ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ। ਜਦੋਂ ਉਥੇ ਪੰਜਾਬੀਆਂ ਦਾ ਵੱਡਾ ਹਿੱਸਾ ਆਪਣੀ ਜ਼ੁਬਾਨ ਤੋਂ ਕਿਨਾਰਾ ਕਰੀ ਬੈਠਾ ਹੈ, ਹੁਕਮਰਾਨਾਂ ਦੀ ਭੂਮਿਕਾ ਵੀ ਨਾਂਹ-ਪੱਖੀ ਹੋਵੇ; ਅਜਿਹੇ ਹਾਲਾਤ ਵਿਚ ਅਲੀ ਉਸਮਾਨ ਬਾਜਵੇ ਵਰਗੇ ਨੌਜਵਾਨ ਪੰਜਾਬੀ ਬੋਲੀ ਦਾ ਦੀਵਾ ਬਾਲ ਕੇ ਵਗਦੀ ਦੇ ਉਲਟ ਚਲਣ ਦਾ ਹਿੰਮਤ ਭਰਿਆ ਕੰਮ ਕਰ ਰਹੇ ਹਨ। ਅਲੀ ਉਸਮਾਨ ਬਾਜਵਾ ਨੂੰ ਇਹ ਪੁਰਸਕਾਰ ਅਜਿਹੇ ਨੌਜਵਾਨਾਂ ਦੇ ਪ੍ਰਤੀਨਿਧ ਵਜੋਂ ਦਿੱਤਾ ਜਾ ਰਿਹਾ ਹੈ, ਜੋ ਆਪਣੀ ਮਾਂ-ਬੋਲੀ ਨੂੰ ਬਣਦਾ ਹੱਕ ਦਵਾਉਣ ਲਈ ਸਿਰਤੋੜ ਯਤਨ ਕਰ ਰਹੇ ਹਨ।

ਮਾਂ-ਬੋਲੀ ਦੇ ਅਜਿਹੇ ਪਿਆਰਿਆਂ ਨੂੰ ਸਨਮਾਨਤ ਕਰ ਕੇ ਅਦਾਰਾ ਆਪਣੇ-ਆਪ ਨੂੰ ਸਨਮਾਨਿਤ ਹੋਇਆ ਮਹਿਸੂਸ ਕਰੇਗਾ।

ਇਹ ਪੁਰਸਕਾਰ ਅਦਾਰਾ 'ਸੂਹੀ ਸਵੇਰ' ਦੇ 1 ਮਾਰਚ ਦੇ ਸਲਾਨਾ ਸਮਾਗਮ ਵਿਚ ਦਿੱਤੇ ਜਾਣਗੇ। ਜਿਸ ਵਿਚ 11-11 ਹਜ਼ਾਰ ਰੁਪਏ ਦੀ ਨਕਦ ਰਾਸ਼ੀ, ਮੋਮੈਂਟੋ ਤੇ ਪੋਰਟਰੇਟ ਸ਼ਾਮਿਲ ਹੋਵੇਗਾ।

# ਮਾਘੀ ਵਾਲੇ ਦਿਨ ਬਣੇਗੀ ਨਵੀਂ ਪੰਥਕ ਪਾਰਟੀ

### ਸਰਬਜੀਤ ਸਿੰਘ ਖ਼ਾਲਸਾ ਨੇ ਕੀਤਾ ਐਲਾਨ



**ਕੋਟਕਪੂਰਾ:** ਗੁਰਦੁਆਰਾ ਪਾਤਸ਼ਾਹੀ ਦਸਵੀਂ ਛਾਉਣੀ ਨਿਹੰਗ ਸਿੰਘਾਂ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਨੇ ਆਖਿਆ ਕਿ ਮੁਕਤਸਰ ਵਿਖੇ ਮਾਘੀ ਦੇ ਮੇਲੇ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ, ਪੰਜਾਬ, ਪੰਜਾਬੀ, ਪੰਜਾਬੀਅਤ, ਪੰਥ, ਸਿੱਖ ਕੌਮ ਅਤੇ ਘੱਟ ਗਿਣਤੀਆਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਨਵੀਂ ਪਾਰਟੀ ਦਾ ਗਠਨ ਵੀ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਦੀ ਪਤਨੀ ਸੰਦੀਪ ਕੌਰ ਸਮੇਤ ਗੁਰਸੇਵਕ ਸਿੰਘ ਜਵਾਹਰਕੇ, ਉਪਜਿੰਦਰ ਸਿੰਘ ਜਿਉਣਵਾਲਾ, ਜਗਜੀਤ ਸਿੰਘ ਰੱਤੀਰੋੜੀ, ਤਾਜਦੀਪ ਸਿੰਘ ਆਦਿ ਸ਼ਖ਼ਸੀਅਤਾਂ ਵੀ ਬਿਰਾਜਮਾਨ ਸਨ।

ਪਹਿਲਾਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਚਾਣਕੀਆ ਨੇ ਮੈਂਬਰ ਪਾਰਲੀਮੈਂਟ ਸਮੇਤ ਕੁਝ ਹੋਰ ਸ਼ਖ਼ਸੀਅਤਾਂ ਦਾ ਸਿਰੋਪਾਓ ਦੀ ਬਖ਼ਸ਼ਿਸ਼ ਨਾਲ ਸਨਮਾਨ ਵੀ ਕੀਤਾ ਗਿਆ। ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਨੇ ਦਾਅਵਾ ਕੀਤਾ ਕਿ ਉਹਨਾਂ ਦੀ ਪਾਰਟੀ ਦੀ ਰਣਨੀਤੀ ਅਤੇ ਕੰਮ ਕਰਨ ਦੇ ਢੰਗ-ਤਰੀਕੇ ਨੂੰ ਪੰਜਾਬ ਦੇ ਵਸਨੀਕ ਪਸੰਦ ਕਰਨਗੇ। ਉਹਨਾਂ ਦੱਸਿਆ ਕਿ ਮਾਘੀ ਮੇਲੇ ਮੌਕੇ 14 ਜਨਵਰੀ ਨੂੰ ਹੋਣ ਵਾਲੀ ਪਾਰਟੀ ਦੀ ਕਾਨਫਰੰਸ ਵਿੱਚ ਪੰਜਾਬ ਭਰ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਤੋਂ ਇਲਾਵਾ ਗੁਆਂਢੀ ਰਾਜਾਂ ਅਤੇ ਵਿਦੇਸ਼ਾਂ ਤੋਂ ਵੀ ਸਿੱਖ ਚਿੰਤਕ, ਪੰਥਕ ਵਿਦਵਾਨ ਅਤੇ ਪੰਥ- ਦਰਦੀ ਭਰਵੀਂ ਸ਼ਮੂਲੀਅਤ ਕਰਨਗੇ। ਉਹਨਾਂ ਦੱਸਿਆ ਕਿ ਲੋਕਾਂ ਨੂੰ ਲਾਮਬੱਧ ਕਰਨ ਲਈ ਅੰਮ੍ਰਿਤਪਾਲ ਸਿੰਘ ਮੈਂਬਰ ਪਾਰਲੀਮੈਂਟ ਦੇ ' ਪਿਤਾ ਤਰਸੇਮ ਸਿੰਘ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਸਮੇਤ ਵੱਖ-ਵੱਖ ਟੀਮਾਂ ਵੱਲੋਂ ਇਸ ਤਰ੍ਹਾਂ ਦੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਖਾਲਸਾ ਨੇ ਕਿਹਾ ਕਿ ਘੱਟ ਗਿਣਤੀਆਂ ਨਾਲ ਵਿਤਕਰੇਬਾਜ਼ੀ ਦਾ ਦੌਰ ਖਤਮ ਕਰਨ ਅਤੇ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਦੇ ਮੁੱਦੇ 'ਤੇ ਨਵੇਂ ਬਣਨ ਵਾਲੇ ਅਕਾਲੀ ਦਲ ਵਿੱਚ ਸਿਰਫ ਕੁਰਬਾਨੀ ਵਾਲੀਆਂ ਅਤੇ ਬੇਦਾਗ ਸ਼ਖ਼ਸੀਅਤਾਂ ਨੂੰ ਹੀ ਸ਼ਾਮਲ ਕੀਤਾ ਜਾਵੇਗਾ।

# ਵਿਕਸਿਤ ਭਾਰਤ ਬਣਾਉਣ 'ਚ ਪਿੰਡ ਅਹਿਮ ਭੂਮਿਕਾ ਨਿਭਾਉਣਗੇ: ਮੋਦੀ

### 'ਗ੍ਰਾਮੀਣ ਭਾਰਤ ਮਹਾਂਉਤਸਵ 2025' ਦਾ ਉਦਘਾਟਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਦੇ ਭਾਰਤ ਮੰਡਪਮ ਵਿਖੇ "ਗ੍ਰਾਮੀਣ ਭਾਰਤ ਮਹਾਉਤਸਵ 2025" ਦਾ ਉਦਘਾਟਨ ਕੀਤਾ।

ਪ੍ਰੋਗਰਾਮ ਦਾ ਥੀਮ 'ਵਿਕਸਿਤ ਭਾਰਤ 2047 ਲਈ ਇਕ ਬਿਹਤਰੀਨ ਗ੍ਰਾਮੀਣ ਭਾਰਤ ਦਾ ਨਿਰਮਾਣ ਰੱਖਿਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਧਿਰਾਂ 'ਤੇ ਜਾਤ ਦੇ ਨਾਂਅ 'ਤੇ ਸਮਾਜ 'ਚ ਜ਼ਹਿਰ ਫੈਲਾਉਣ ਲਈ ਹਮਲਾ ਬੋਲਿਆ ਤੇ ਲੋਕਾਂ ਨੂੰ ਪਿੰਡਾਂ ਦੇ ਸਾਂਝੇ ਸਭਿਆਚਾਰ ਤੇ ਵਿਰਾਸਤ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਅਜਿਹੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਕਿਹਾ। ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ 2014 ਤੋਂ ਪੇਂਡੂ ਵਿਕਾਸ 'ਤੇ ਧਿਆਨ ਕੇਂਦਰਿਤ ਕਰ ਰਹੀ ਹੋ ਤੇ 2047 ਤੱਕ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ 'ਚ ਪਿੰਡ ਅਹਿਮ ਭੂਮਿਕਾ ਨਿਭਾਉਣਗੇ।

ਕਾਂਗਰਸ ਨੇਤਾ ਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਤੇ 'ਇੰਡੀਆ' ਗੱਠਜੋੜ ਦੇ ਹੋਰ ਨੇਤਾਵਾਂ ਦੇ ਹਵਾਲੇ ਨਾਲ ਮੋਦੀ ਨੇ ਕਿਹਾ ਕਿ ਕੁਝ ਲੋਕ ਜਾਤ ਦੇ ਨਾਂਅ 'ਤੇ ਸਮਾਜ 'ਚ ਜ਼ਹਿਰ ਫੈਲਾਉਣ ਤੇ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਸਾਜ਼ਿਸ਼ਾਂ ਨੂੰ ਨਾਕਾਮ ਕਰਨਾ ਹੈ ਤੇ ਆਪਣੇ ਪਿੰਡਾਂ ਦੀ ਸਾਂਝੀ ਵਿਰਾਸਤ ਨੂੰ ਸੰਭਾਲਣਾ ਤੇ ਮਜ਼ਬੂਤ ਕਰਨਾ ਹੈ।



ਪ੍ਰਧਾਨ ਮੰਤਰੀ ਨੇ ਕਿਹਾ ਕਿ 2014 ਤੋਂ ਉਹ ਲਗਾਤਾਰ ਗ੍ਰਾਮੀਣ ਭਾਰਤ ਦੀ ਸੇਵਾ 'ਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪੇਂਡੂ ਭਾਰਤ ਦੇ ਲੋਕਾਂ ਲਈ ਸਨਮਾਨਜਨਕ ਜੀਵਨ ਯਕੀਨੀ ਬਣਾਉਣਾ ਮੇਰੀ ਸਰਕਾਰ ਦੀ ਤਰਜੀਹ ਹੈ।

ਸਰਕਾਰ ਦਾ ਦ੍ਰਿਸ਼ਟੀਕੋਣ ਇਕ ਸਸ਼ਕਤ ਗ੍ਰਾਮੀਣ ਭਾਰਤ ਨੂੰ ਯਕੀਨੀ ਬਣਾਉਣਾ, ਪਿੰਡਾਂ ਦੇ ਲੋਕਾਂ ਲਈ ਭਰਪੂਰ ਮੌਕੇ ਪ੍ਰਦਾਨ ਕਰਨਾ, ਪ੍ਰਵਾਸ ਨੂੰ ਘਟਾਉਣਾ ਤੇ ਪਿੰਡਾਂ ਦੇ ਲੋਕਾਂ ਦੇ ਜੀਵਨ ਨੂੰ ਆਸਾਨ ਬਣਾਉਣਾ ਹੈ। ਪਿੰਡਾਂ 'ਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਦੀਆਂ ਸਕੀਮਾਂ ਬਾਰੇ ਗੱਲ ਕਰਦਿਆਂ ਮੋਦੀ ਨੇ ਕਿਹਾ ਕਿ ਸਵੱਛ ਭਾਰਤ ਮਿਸ਼ਨ ਦੇ ਹਿੱਸੇ ਵਜੋਂ ਪਖਾਨੇ। ਬਣਾਏ ਗਏ ਹਨ ਤੇ ਪੇਂਡੂ ਭਾਰਤ 'ਚ ਕਰੋੜਾਂ ਲੋਕਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਹਿੱਸੇ ਵਜੋਂ ਪੱਕੇ ਘਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜਲ ਜੀਵਨ ਮਿਸ਼ਨ ਰਾਹੀਂ ਸੁਰੱਖਿਅਤ ਤੇ ਸਾਫ਼ ਪੀਣ ਵਾਲਾ ਪਾਣੀ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਵਿਜ਼ਨ ਪਿੰਡਾਂ ਨੂੰ ਵਿਕਾਸ ਅਤੇ ਮੌਕਿਆਂ ਦੇ ਜੀਵੰਤ ਕੇਂਦਰਾਂ ਵਿਚ ਬਦਲ ਕੇ ਪੇਂਡੂ ਭਾਰਤ ਨੂੰ ਸਸ਼ਕਤ ਬਣਾਉਣਾ ਹੈ।

# ਜਾਂਦੇ ਜਾਂਦੇ ਟਰੂਡੋ ਨੇ ਵੀਜ਼ੇ ਜਾਰੀ ਕਰਨ ਦੀ ਰਫ਼ਤਾਰ ਹੋਰ ਘਟਾਈ

**ਟੋਰਾਂਟੋ:** ਆਪਣੇ ਵਿਰੋਧੀਆਂ ਦੇ ਸਖਤ ਦਬਾਅ ਹੇਠ ਚੱਲਦੀ ਰਹੀ ਟਰੂਡੋ ਸਰਕਾਰ ਨੇ ਵੀਜ਼ਾ ਧੋਖਾਧੜੀ ਰੋਕਣ ਲਈ ਅਚਾਨਕ ਸਖਤ ਰੁਖ ਅਖਤਿਆਰ ਕੀਤਾ ਹੋਇਆ ਸੀ। ਜਾਂਦੇ ਜਾਂਦੇ ਟਰੂਡੋ ਨੇ ਇਸ ਸੰਬੰਧ ਵਿੱਚ ਆਪਣੀ ਨੀਤੀ ਵਿੱਚ ਕਈ ਬਦਲਾਅ ਕੀਤੇ। ਇਨ੍ਹਾਂ ਦਾ ਕਨੇਡ ਦੀ ਭਵਿੱਖ ਦੀ ਰਾਜਨੀਤੀ ਉਤੇ ਕੀ ਅਸਰ ਪਵੇਗਾ ਇਹ ਤਾਂ ਸਮਾਂ ਹੀ ਦੱਸੇਗਾ। ਟਰੂਡੋ ਦੀਆਂ ਨੀਤੀਆਂ ਕਾਰਨ ਕੈਨੇਡਾ ਦੀ ਵੀਜ਼ਾ ਜਾਰੀ ਕਰਨ ਦੀ ਦਰ ਘਟ ਗਈ ਹੈ, ਜਿਸ 'ਚ ਪ੍ਰਮੁੱਖ ਤੌਰ 'ਤੇ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਤੋਂ ਨਾਂਹ ਦਰ ਵਧਦੀ ਜਾ ਰਹੀ ਸੀ।

ਭਾਰਤੀ ਅਖਬਾਰਾਂ ਵਿੱਚ ਕਨੇਡਾ ਵਿੱਚਲੇ ਪ੍ਰਤੀਨਿਧੀਆਂ ਦੇ ਹਵਾਲਿਆਂ ਨਾਲ ਛਪੀਆਂ ਖ਼ਬਰਾਂ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਸਰਕਾਰ ਨੇ 2025 ਦੌਰਾਨ ਐਕਸਪ੍ਰੈੱਸ ਐਂਟਰੀ ਸਿਸਟਮ 'ਚੋਂ ਸਕਿੱਲਡ ਵਰਕਰਜ਼ ਨੂੰ 1,24,590 ਵੀਜ਼ੇ ਦੇਣ ਦਾ ਟੀਚਾ ਰੱਖਿਆ , ਜੋ 2024 ਨਾਲੋਂ 13,820 ਵੀਜ਼ੇ ਵੱਧ ਹਨ। ਇਸ ਦੇ ਨਾਲ ਹੀ 2024 ਦੇ ਮੁਕਾਬਲੇ 2025 'ਚ ਕੁੱਲ ਮਿਲਾ ਕੇ 20 ਫੀਸਦੀ ਘੱਟ ਪੱਕੇ ਵੀਜ਼ੇ ਜਾਰੀ ਕੀਤੇ ਜਾਣੇ ਸਨ। 'ਪ੍ਰੋਵਿੰਸ਼ੀਅਲ ਨਾਮੀਨੀ' ਪ੍ਰੋਗਰਾਮ 'ਚ ਵੱਡੀ ਕਟੌਤੀ ਬਾਰੇ ਪਤਾ ਲੱਗ ਰਿਹਾ ਹੈ, ਜਿਸ ਨੂੰ 2024 ਦੇ 1,10,000 ਵੀਜ਼ਿਆਂ ਤੋਂ ਘਟਾ ਕੇ 2025 ਵਾਸਤੇ 55,000 ਕਰ ਦਿੱਤਾ ਗਿਆ ਸੀ।

ਪੰਜਾਬੀ ਦੇ ਇਕ ਪ੍ਰਮੁੱਖ ਅਖਬਾਰ ਨੇ ਪੂਰੇ ਵੇਰਵੇ ਸਹਿਤ ਲਿਖਿਆ ਹੈ ਕਿ ਸਾਲ 2025, 2026 ਅਤੇ 2027 'ਚ ਮਿੱਥੇ ਗਏ ਟੀਚੇ ਅਨੁਸਾਰ 'ਟੈਂਪਰੇਰੀ ਫਾਰਨ ਵਰਕਰ' ਪ੍ਰੋਗਰਾਮ ਤਹਿਤ ਹਰੇਕ ਸਾਲ 82,000 ਤੋਂ ਵੱਧ 'ਵਰਕ ਪਰਮਿਟ' ਜਾਰੀ ਨਹੀਂ ਕੀਤੇ ਜਾਣਗੇ। ਇਸ ਦੇ ਨਾਲ ਹੀ 'ਜਾਬ ਆਫ਼ਰ' ਦੇ ਨਾਂਅ 'ਤੇ ਕੈਨੇਡਾ 'ਚ ਲੋੜਵੰਦ ਵਿਦੇਸ਼ੀਆਂ ਦੀ ਕੀਤੀ ਜਾ ਰਹੀ ਅੰਨ੍ਹੀ ਲੁੱਟ ਰੋਕਣ ਲਈ ਕੈਨੇਡਾ ਸਰਕਾਰ ਦੀ ਨੀਂਦ ਖੁੱਲ੍ਹੀ ਸੀ ਅਤੇ ਮਾਰਚ 2025 ਤੋਂ 'ਲੇਬਰ ਮਾਰਕਿਟ ਇੰਪੈਕਟ ਅਸੈੱਸਮੈਂਟ' (ਐੱਲ. ਐੱਮ. ਆਈ. ਏ.) ਦੇ ਸਾਰੇ ਨੰਬਰ ਕੱਟ ਦੇਣ ਦਾ ਫੈਸਲਾ ਵੀ ਕੀਤਾ ਹੈ। ਇਸ ਕਟੌਤੀ ਤੋਂ 'ਐਕਸਪ੍ਰੈੱਸ ਐਂਟਰੀ' ਦੇ ਨਵੇਂ ਪ੍ਰੋਫਾਈਲ ਅਤੇ ਉਹ ਲੋਕ ਪ੍ਰਭਾਵਿਤ ਹੋਣਗੇ, ਜਿਨ੍ਹਾਂ ਦਾ ਨਾਂਅ ਅਜੇ ਡਰਾਅ 'ਚ ਨਹੀਂ ਨਿਕਲਿਆ ਹੋਵੇਗਾ। ਇਸੇ ਦੌਰਾਨ ਅਗਸਤ 2020 ਤੋਂ ਜਨਤਕ ਨੀਤੀ ਤਹਿਤ 'ਵਿਜ਼ਟਰ ਵੀਜ਼ਾ' ਧਾਰਕਾਂ ਨੂੰ ਕੈਨੇਡਾ 'ਚ ਜਾ ਕੇ 'ਵਰਕ ਪਰਮਿਟ' ਅਪਲਾਈ' ਕਰਨ ਦੀ ਮਿਲੀ ਹੋਈ ਖੁੱਲ੍ਹ ਵੀ 28 ਫਰਵਰੀ, 2025 ਨੂੰ ਬੰਦ ਹੋ ਜਾਵੇਗੀ। ਇਕ ਤਾਜ਼ਾ ਖ਼ਬਰ ਅਨੁਸਾਰ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕੈਨੇਡਾ ਵਾਸੀਆਂ ਦੇ ਵਿਦੇਸ਼ੀ ਮਾਪਿਆਂ/ਨਾਨਕਿਆਂ/ਦਾਦਕਿਆਂ ਵਾਸਤੇ ਪੱਕੀ ਇਮੀਗ੍ਰੇਸ਼ਨ ਹਾਲ ਦੀ ਘੜੀ ਬੰਦ ਕਰਨ ਦਾ ਐਲਾਨ ਕੀਤਾ ਹੈ। ਮਿੱਲਰ ਨੇ ਬੀਤੇ ਕੱਲ੍ਹ ਆਖਿਆ ਕਿ ਪਹਿਲਾਂ ਤੋਂ (2024 ਚ ਲਗਭਗ 35,700) ਪ੍ਰਾਪਤ ਕੀਤੀਆਂ ਜਾ ਚੁੱਕੀਆਂ ਅਰਜ਼ੀਆਂ ਦਾ ਨਿਪਟਾਰਾ ਕਰਨ ਨੂੰ ਪਹਿਲ ਦਿੱਤੀ ਜਾ ਰਹੀ ਹੈ, ਜਿਨ੍ਹਾਂ 'ਚੋਂ 15000 ਅਰਜ਼ੀਆਂ ਪ੍ਰਵਾਨ ਕਰਨ ਦਾ ਟੀਚਾ ਹੈ, ਜਿਸ ਕਰਕੇ ਹੋਰ ਨਵੀਂ ਅਰਜ਼ੀਆਂ ਨਹੀਂ ਲਈਆਂ ਜਾ ਰਹੀਆਂ। 'ਫੈਮਿਲੀ ਕਲਾਸ' ਦੀਆਂ ਇਨ੍ਹਾਂ ਅਰਜ਼ੀਆਂ ਦਾ ਨਿਪਟਾਰਾ ਕਰਨ ਨੂੰ ਆਮ ਤੌਰ 'ਤੇ ਦੋ ਕੁ ਸਾਲਾਂ ਦਾ ਸਮਾਂ ਲੱਗ ਰਿਹਾ ਹੈ। ਇਸੇ ਦੌਰਾਨ ਕੈਨੇਡਾ 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੀ ਲਿਬਰਲ ਪਾਰਟੀ ਅਤੇ ਲੋਕ ਰਾਏ 'ਚ ਬਹੁਤ ਕਮਜ਼ੋਰ ਪੈ ਚੁੱਕੇ ਹਨ ਅਤੇ ਉਨ੍ਹਾਂ ਉਪਰ ਚੁਫੇਰਿਓਂ ਅਸਤੀਫ਼ਾ ਦੇ ਕੇ ਪਾਸੇ ਹੋਣ ਦਾ



ਦਬਾਅ ਵਧਿਆ ਹੋਇਆ ਹਸੀ। ਉਨ੍ਹਾਂ ਦੀ ਪਾਰਟੀ ਦੇ (ਉਂਟਾਰੀਓ, ਕਿਊਬਕ ਤੇ ਪੂਰਬੀ ਸੂਬਿਆਂ ਤੋਂ) ਬਹੁ-ਗਿਣਤੀ ਸੰਸਦ ਮੈਂਬਰ ਟਰੂਡੋ ਨੂੰ ਅਸਤੀਫ਼ਾ ਦੇਣ ਦੀਆਂ ਅਪੀਲਾਂ ਕਰਨ 'ਚ ਸ਼ਾਮਿਲ ਹੋ ਚੁੱਕੇ ਹਨ, ਪਰ ਉਹ ਆਪਣਾ ਅਹੁਦਾ ਛੱਡਣ ਜਾਂ ਸੰਸਦੀ ਚੋਣਾਂ ਕਰਵਾਉਣ ਲਈ ਅਜੇ ਰਾਜ਼ੀ ਨਹੀਂ ਹੋ ਰਹੇ ਅਤੇ ਪ੍ਰਧਾਨ ਮੰਤਰੀ ਬਣੇ ਰਹਿਣ ਲਈ ਬਜ਼ਿੱਦ ਹਨ। ਅਜਿਹੇ 'ਚ ਕੈਨੇਡਾ 'ਚ ਰਾਜਨੀਤਕ ਅਸਥਿਰਤਾ ਵਾਲਾ ਮਾਹੌਲ ਜਾਰੀ ਹੈ, ਜਿਸ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨੁਕਸਾਨ ਹੋ ਰਿਹਾ ਹੈ ਅਤੇ ਅਮਰੀਕਾ ਸਮੇਤ ਆਰਥਿਕ ਤੌਰ 'ਤੇ ਕੁਝ ਹੋਰ ਅਹਿਮ ਪੱਛਮੀ (ਭਾਈਵਾਲ) ਦੇਸ਼ਾਂ ਦੇ ਆਗੂ ਕੈਨੇਡਾ ਸਰਕਾਰ ਨੂੰ ਗੰਭੀਰਤਾ ਨਾਲ ਲੈਣ ਤੋਂ ਆਨਾਕਾਨੀ ਕਰ ਰਹੇ ਹਨ। ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡਾ ਦੀ ਰਾਜਨੀਤੀ ਚ ਅਗਲੇ ਹਫ਼ਤੇ ਅਤੇ ਮਹੀਨੇ ਬੜੇ ਅਹਿਮ ਹੋਣਗੇ, ਜਿਨ੍ਹਾਂ ਦੌਰਾਨ ਕੰਜ਼ਰਵੇਟਿਵ ਪਾਰਟੀ ਵਲੋਂ ਸੰਸਦ 'ਚ ਟਰੂਡੋ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਂਦੇ ਜਾਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਵਿਦੇਸ਼ਾਂ ਤੋਂ ਵੱਖ-ਵੱਖ ਭਾਈਚਾਰਿਆਂ ਦੇ ਵੱਡੀ ਗਿਣਤੀ ਲੋਕ ਕੈਨੇਡਾ 'ਚ ਰਹਿ ਰਹੇ ਹਨ, ਪਰ ਅਕਸਰ ਉਨ੍ਹਾਂ ਵਿਚਕਾਰ ਆਪਸੀ (ਦੇਸੀ) ਕਸ਼ੀਦਗੀ ਦੀਆਂ ਘਟਨਾਵਾਂ ਸੁਰਖੀਆਂ 'ਚ ਰਹਿੰਦੀਆਂ ਹਨ, ਜਿਨ੍ਹਾਂ ਵਿਚ ਯਹੂਦੀ/ਫਿਲਸਤੀਨੀ ਅਤੇ ਹਿੰਦੂ ਅਤੇ ਸਿੱਖਾਂ ਦੇ ਕੁਝ ਧੜੇ, ਸੰਸਥਾਵਾਂ ਅਤੇ ਅਦਾਰੇ ਪ੍ਰਮੁੱਖਤਾ ਨਾਲ ਸ਼ਾਮਿਲ ਹੁੰਦੇ ਹਨ। ਅਜਿਹੇ ਨਫ਼ਰਤੀ ਮਾਹੌਲ ਨੂੰ ਕੈਨੇਡਾ ਦੀ ਸੰਸਦ 'ਚ ਵਿਰੋਧੀ ਧਿਰ ਦੇ ਆਗੂ ਅਤੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਐਵ ਨੇ 'ਕੈਨੇਡਾ ਦੇ ਜ਼ਖਮ' ਦਾ ਨਾਂਅ ਦਿੱਤਾ ਹੈ ਅਤੇ ਕਿਹਾ ਹੈ ਕਿ ਇਸ ਜ਼ਖਮ ਨੂੰ ਭਰਨ ਲਈ ਨਿੱਠ ਕੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਵਿਦੇਸ਼ਾਂ ਤੋਂ ਕੈਨੇਡਾ 'ਚ ਵਾਸਾ ਕਰਨ ਸਮੇਂ ਲੋਕਾਂ ਨੂੰ ਅਪਾਣੇ ਫ਼ਸਾਦ ਨਾਲ ਨਹੀਂ ਲਿਆਉਣੇ ਚਾਹੀਦੇ। ਦਹਾਕਿਆਂ ਅਤੇ ਸਦੀਆਂ ਤੋਂ ਖ਼ਤਮ ਨਾ ਹੋ ਰਹੇ ਫਿਰਕੂ ਝਗੜਿਆਂ ਕਾਰਨ ਆਪਣੇ ਜੱਦੀ ਦੇਸ਼ਾਂ ਤੋਂ ਅਵਾਜ਼ਾਰ ਹੋ ਚੁੱਕੇ ਲੋਕਾਂ ਨੂੰ ਉਹ ਦੇਸ਼ ਛੱਡਣ ਸਮੇਂ ਕੈਨੇਡਾ 'ਚ ਉਥੇ ਦੇ ਝਗੜੇ ਅਤੇ ਨਫ਼ਰਤਾਂ ਦੇ ਕੂੜ-ਕਬਾੜ ਆਪਣੇ ਨਾਲ (ਸਿਰਾਂ ਵਿਚ) ਨਾਲ ਨਹੀਂ ਲਿਆਉਣਾ ਚਾਹੀਦਾ ਤਾਂ ਕਿ ਕੈਨੇਡਾ ਦਾ ਚਿਹਰਾ-ਮੋਹਰਾ ਨਾ ਵਿਗੜੇ। ਪੋਲੀਐਵ ਨੇ ਕਿਹਾ ਵਿਦੇਸ਼ੀ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਦਾ ਕੈਨੇਡਾ 'ਚ ਸਵਾਗਤ ਹੈ, ਪਰ ਵਿਦੇਸ਼ੀ ਲੜਾਈਆਂ ਨੂੰ ਕੈਨੇਡਾ ਤੋਂ ਬਾਹਰ ਰੱਖਣਾ ਅਤਿ ਜ਼ਰੂਰੀ ਹੈ।


ਉਨ੍ਹਾਂ ਆਖਿਆ ਕਿ ਜੇਕਰ ਅਗਲੀਆਂ ਆਮ ਚੋਣਾਂ 'ਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਉਹ ਇਮੀਗ੍ਰੇਸ਼ਨ ਅਤੇ ਵਰਕ ਪਰਮਿਟਾਂ ਦੀ ਗਿਣਤੀ ਘੱਟ ਰੱਖਣਗੇ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਨਾਲ ਕੈਨੇਡਾ 'ਚ ਹੁੰਦੇ ਸ਼ੋਸ਼ਣ ਨੂੰ ਪਹਿਲ ਦੇ ਆਧਾਰ 'ਤੇ ਰੋਕਿਆ ਜਾਵੇਗਾ।

# ਬੱਸ ਹਾਦਸੇ ਵਿਚ ਛੇ ਕਿਸਾਨ ਜ਼ਖ਼ਮੀ



**ਬਰਨਾਲਾ:** ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਬੱਸ ਨੂੰ ਹਾਦਸਾ ਪੇਸ਼ ਆਉਣ ਨਾਲ 6 ਕਿਸਾਨ ਜ਼ਖ਼ਮੀ ਹੋ ਗਏ। ਸਵੇਰੇ ਸੰਘਣੀ ਧੁੰਦ ਕਾਰਨ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਬੱਸ ਬਰਨਾਲਾ ਜੇਲ੍ਹ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ। ਜ਼ਖ਼ਮੀਆਂ ਨੂੰ ਨੇੜਲੇ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਆਗੂਆਂ ਨੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਬੱਸ ਡਲੇਵਾਲ ਤੋਂ ਖਨੌਰੀ ਜਾ ਰਹੀ ਸੀ। ਸਿਵਲ ਹਸਪਤਾਲ ਦੇ ਐੱਸਐੱਮਓ ਡਾ. ਤਪਿੰਦਰਜੋਤ ਜੋਤੀ ਕੌਸ਼ਲ ਨੇ ਦੱਸਿਆ ਕਿ ਸੜਕ ਹਾਦਸਿਆਂ 'ਚ ਸ਼ਾਮਲ 41 ਕਿਸਾਨਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਬਰਨਾਲਾ 'ਚ ਲਿਆਂਦਾ ਗਿਆ, ਜਿਨ੍ਹਾਂ 'ਚੋਂ 6 ਕਿਸਾਨ ਗੰਭੀਰ ਜ਼ਖ਼ਮੀ ਹਨ। ਜਿਨ੍ਹਾਂ ਨੂੰ ਫਰੀਦਕੋਟ, ਪਟਿਆਲਾ ਆਦਿ ਕਈ ਥਾਵਾਂ 'ਤੇ ਰੈਫਰ ਕੀਤਾ ਗਿਆ ਹੈ ਤੇ ਬਾਕੀ ਕਿਸਾਨ ਜਿਨ੍ਹਾਂ ਦੇ ਕਈ ਥਾਈ ਫਰੈਕਚਰ ਹੋਇਆ ਹੈ, ਉਨ੍ਹਾਂ ਦਾ ਇਲਾਜ ਬਰਨਾਲਾ ਦੇ ਹਸਪਤਾਲ 'ਚ ਚੱਲ ਰਿਹਾ ਹੈ ਤੇ ਡਿਪਟੀ ਕਮਿਸ਼ਨਰ ਵਲੋਂ ਇਕ ਵਿਸ਼ੇਸ਼ ਕਮੇਟੀ ਬਣਾ ਕੇ ਸਾਰੇ ਕਿਸਾਨਾਂ ਦਾ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ।

# ਪਿੰਡ ਰਿਆ ਦੇ ਨੌਜਵਾਨ ਦਾ ਅਮਰੀਕਾ 'ਚ ਕਤਲ




**ਖਮਾਣੋਂ:** ਖਮਾਣੋਂ ਤਹਿਸੀਲ ਦੇ ਪਿੰਡ ਰਿਆ ਦੇ ਵਾਸੀ ਨੌਜਵਾਨ ਜਤਿੰਦਰ ਸਿੰਘ ਦਾ ਅਮਰੀਕਾ ਵਿਚ ਉਸ ਦੇ ਰਿਸ਼ਤੇਦਾਰ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦੇਣ ਦੀ ਖ਼ਬਰ ਹੈ। ਜਾਣਕਾਰੀ ਮੁਤਾਬਕ ਪਿੰਡ ਰਿਆ ਦੇ ਕਿਸਾਨ ਪਰਿਵਾਰ ਨਾਲ ਸਬੰਧ ਰੱਖਦਾ ਜਤਿੰਦਰ ਸਿੰਘ (37) ਸੱਤ ਸਾਲ ਪਹਿਲਾਂ ਅਮਰੀਕਾ ਗਿਆ ਸੀ। ਮ੍ਰਿਤਕ ਦੇ ਭਰਾ ਸੰਦੀਪ ਸਿੰਘ ਨੇ ਦੱਸਿਆ ਕਿ ਇਕ ਰਿਸ਼ਤੇਦਾਰ ਨੇ ਹੀ ਕਿਸੇ ਮਾਮੂਲੀ ਗੱਲ ਨੂੰ ਲੈ ਕੇ ਗੋਲੀਆਂ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਜਤਿੰਦਰ ਦਾ ਪਰਿਵਾਰ ਕੁਝ ਮਹੀਨੇ ਪਹਿਲਾਂ ਹੀ ਉਸ ਕੋਲ ਅਮਰੀਕਾ ਗਿਆ ਸੀ।

# ਪੰਜਾਬ ਕਾਂਗਰਸ ਵਲੋਂ ਡਾਕਟਰ ਮਨਮੋਹਨ ਸਿੰਘ ਨੂੰ 'ਪੰਥ ਰਤਨ' ਦੇਣ ਦੀ ਮੰਗ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਅਕਾਲ ਤਖ਼ਤ ਵੱਲੋਂ ਪੰਥ ਰਤਨ ਦੀ ਉਪਾਧੀ ਨਾਲ ਨਿਵਾਜਿਆ ਜਾਵੇ।

ਇਸ ਸਬੰਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਭੇਜਿਆ ਗਿਆ ਹੈ। ਇਹ ਪੱਤਰ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਅੱਜ ਅਕਾਲ ਤਖ਼ਤ ਦੇ ਸਕੱਤਰੇਤ 'ਚ ਸੌਂਪਿਆ ਹੈ। ਸ੍ਰੀ ਸੱਚਰ ਨੇ ਦੱਸਿਆ ਕਿ ਇਹ ਪੱਤਰ ਸਕੱਤਰੇਤ ਵਿੱਚ ਕਰਮਚਾਰੀਆਂ ਨੂੰ ਸੌਂਪ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਦਫ਼ਤਰ ਵਿੱਚ ਮੌਜੂਦ ਨਹੀਂ ਸਨ, ਇਸ ਲਈ ਪੱਤਰ ਕਰਮਚਾਰੀਆਂ ਨੂੰ ਸੌਂਪ ਦਿੱਤਾ ਗਿਆ ਹੈ, ਜੋ ਇਸ ਨੂੰ ਜਥੇਦਾਰ ਸਾਹਿਬ ਨੂੰ ਸੌਂਪ ਦੇਣਗੇ। ਇਸ ਪੱਤਰ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀਆਂ ਪੰਥ ਪ੍ਰਤੀ ਸੇਵਾਵਾਂ ਅਤੇ ਯੋਗਦਾਨ ਨੂੰ ਦੇਖਦੇ ਹੋਏ ਉਨ੍ਹਾਂ ਨੂੰ "ਪੰਥ ਰਤਨ" ਨਾਲ ਨਿਵਾਜਿਆ ਜਾਵੇ।



ਉਨ੍ਹਾਂ ਲਿਖਿਆ ਕਿ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਵੱਜੋਂ ਉਨ੍ਹਾਂ ਦੀ ਸਥਿਤੀ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਲਈ ਮਾਣ ਅਤੇ ਮਾਨਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ '84 ਦੇ ਸਿੱਖ ਵਿਰੋਧੀ ਦੰਗਿਆਂ ਲਈ ਸੰਸਦ ਵਿੱਚ ਮੁਆਫ਼ੀ ਮੰਗੀ ਸੀ ਅਤੇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਤੇ ਮੁੜ ਵਸੇਬੇ ਨੂੰ ਯਕੀਨੀ ਬਣਾਇਆ। ਉਨ੍ਹਾਂ 60 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਦੀ ਸ਼ੁਰੂਆਤ ਕੀਤੀ, ਜਿਸ ਨਾਲ ਪੰਜਾਬ ਦੇ ਅਣਗਿਣਤ ਕਿਸਾਨਾਂ ਨੂੰ ਲਾਭ ਹੋਇਆ। ਉਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਲਈ ਪਾਕਿਸਤਾਨ ਜਾਣ ਵਾਲੇ ਤੀਰਥ- ਮਾਰਗਾਂ ਦੀ ਸਹੂਲਤ ਲਈ ਬਾਰਡਰ ਕਰਾਸਿੰਗ ਦੀ ਸਹੂਲਤ ਤੇ ਬੁਨਿਆਦੀ ਢਾਂਚਾ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਇਆ। ਪੰਜਾਬ ਦੇ ਪੇਂਡੂ ਵਿਕਾਸ ਲਈ ਅਹਿਮ ਫੰਡ ਅਲਾਟ ਕੀਤੇ। ਪੰਜਾਬ ਕਾਂਗਰਸ ਦੇ ਪ੍ਰਧਾਨ ਵੱਲੋਂ ਜਥੇਦਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਡਾਕਟਰ ਮਨਮੋਹਨ ਸਿੰਘ ਨੂੰ ਪੰਥ ਰਤਨ ਦੀ ਉਪਾਧੀ ਦੇਣ ਬਾਰੇ ਲੋੜੀਂਦੀ ਵਿਚਾਰ-ਚਰਚਾ ਜ਼ਰੂਰ ਕਰਨ।

ਵਿਰੋਧੀ ਦੰਗਿਆਂ ਲਈ ਸੰਸਦ ਵਿੱਚ ਮੁਆਫ਼ੀ ਮੰਗੀ ਸੀ ਅਤੇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਤੇ ਮੁੜ ਵਸੇਬੇ ਨੂੰ ਯਕੀਨੀ ਬਣਾਇਆ। ਉਨ੍ਹਾਂ 60 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਦੀ ਸ਼ੁਰੂਆਤ ਕੀਤੀ, ਜਿਸ ਨਾਲ ਪੰਜਾਬ ਦੇ ਅਣਗਿਣਤ ਕਿਸਾਨਾਂ ਨੂੰ ਲਾਭ ਹੋਇਆ। ਉਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਲਈ ਪਾਕਿਸਤਾਨ ਜਾਣ ਵਾਲੇ ਤੀਰਥ- ਮਾਰਗਾਂ ਦੀ ਸਹੂਲਤ ਲਈ ਬਾਰਡਰ ਕਰਾਸਿੰਗ ਦੀ ਸਹੂਲਤ ਤੇ ਬੁਨਿਆਦੀ ਢਾਂਚਾ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਇਆ। ਪੰਜਾਬ ਦੇ ਪੇਂਡੂ ਵਿਕਾਸ ਲਈ ਅਹਿਮ ਫੰਡ ਅਲਾਟ ਕੀਤੇ। ਪੰਜਾਬ ਕਾਂਗਰਸ ਦੇ ਪ੍ਰਧਾਨ ਵੱਲੋਂ ਜਥੇਦਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਡਾਕਟਰ ਮਨਮੋਹਨ ਸਿੰਘ ਨੂੰ ਪੰਥ ਰਤਨ ਦੀ ਉਪਾਧੀ ਦੇਣ ਬਾਰੇ ਲੋੜੀਂਦੀ ਵਿਚਾਰ-ਚਰਚਾ ਜ਼ਰੂਰ ਕਰਨ।

# ਪਰਵਾਸੀ ਭਾਰਤੀਆਂ ਨੇ ਲੋੜਵੰਦ ਕਾਲਜੀਏਟਾਂ ਦੀ ਸਾਢੇ ਦਸ ਲੱਖ ਰੁਪਏ ਫ਼ੀਸ ਭਰੀ



## ਲਗਪਗ 80 ਫ਼ੀਸਦੀ ਵਿਦਿਆਰਥੀ ਮੁਫਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

**ਜੰਡਿਆਲਾ:** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਕੈਨੇਡਾ ਜਾ ਵਸੇ ਪੁਰਾਣੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਦੇ ਗਰੁੱਪ ਨੇ ਚਾਲੂ ਵਿੱਦਿਅਕ ਵਰ੍ਹੇ ਦੌਰਾਨ ਇਸ ਕਾਲਜ ਦੇ ਆਰਥਿਕ ਪੱਖੋਂ ਕਮਜ਼ੋਰ ਵਿੱਦਿਆਰਥੀਆਂ ਦੀਆਂ ਫੀਸਾਂ ਲਈ ਸਾਢੇ ਦਸ ਲੱਖ ਰੁਪਏ ਸਹਾਇਤਾ ਰਾਸ਼ੀ ਦਿੱਤੀ।

ਕਾਲਜ ਦੇ ਪ੍ਰਿੰਸੀਪਲ ਡਾ. ਸੁਖਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਸਹਾਇਤਾ ਗੈਰ-ਸਰਕਾਰੀ ਸੰਸਥਾ ਜੰਡਿਆਲਾ ਲੋਕ ਭਲਾਈ ਮੰਚ ਰਾਹੀਂ ਲੋੜਵੰਦਾਂ ਨੂੰ ਵਿੱਦਿਅਕ ਸਾਲ 2021-22 ਤੋਂ ਦਿੱਤੀ ਜਾ ਰਹੀ ਹੈ।


ਉਨ੍ਹਾਂ ਦੱਸਿਆ ਕਿ ਸਥਾਨਕ ਗੁਰੂ ਗੋਬਿੰਦ ਸਿੰਘ ਸਰਕਾਰੀ ਕਾਲਜ ਤਿੰਨ ਸਾਲ ਬੰਦ ਰਹਿਣ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜ ਵਜੋਂ 'ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ' ਦੇ ਨਾਂ ਨਾਲ ਸਾਲ 2021 ਤੋਂ ਦੁਬਾਰਾ ਸ਼ੁਰੂ ਹੋਇਆ ਹੈ।

ਇਸ ਸਾਲ ਕਾਲਜ ਵਿੱਚ ਦਾਖਲ ਪੜ੍ਹਾਈ ਵਿੱਚ ਹੁਸ਼ਿਆਰ ਪਰ ਆਰਥਿਕ ਪੱਖੋਂ ਕਮਜ਼ੋਰ ਜਨਰਲ ਕੈਟਾਗਰੀ ਦੇ 59 ਵਿਦਿਆਰਥੀਆਂ ਦੀਆਂ ਫੀਸਾਂ ਐੱਨ.ਆਰ.ਆਈਜ਼ ਨੇ ਜਮ੍ਹਾਂ ਕਰਵਾਈਆਂ ਹਨ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀਆਂ ਫੀਸਾਂ ਪੋਸਟ-ਮੈਟ੍ਰਿਕ ਸਕਾਲਰਸ਼ਿਪ ਵਿੱਚੋਂ ਕੱਟੀਆਂ ਜਾਂਦੀਆਂ ਹਨ। ਲਗਪਗ 80 ਫ਼ੀਸਦੀ ਵਿਦਿਆਰਥੀ ਮੁਫਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

ਸਾਲ 2021-22 ਤੋਂ ਹਰ ਸਾਲ ਕੈਨੇਡਾ ਤੋਂ 10 ਲੱਖ ਰੁਪਏ ਦਾਨ ਰਾਸ਼ੀ ਭੇਜੀ ਜਾ ਰਹੀ ਹੈ। ਇਸ ਸਾਲ ਇਸੇ ਕਾਲਜ ਦੇ ਸੇਵਾਮੁਕਤ ਪ੍ਰਿੰਸੀਪਲ ਦਵਿੰਦਰ ਸਿੰਘ ਸੁੰਨੜ ਉਚੇਚੇ ਤੌਰ 'ਤੇ ਕੈਨੇਡਾ ਤੋਂ ਸਹਾਇਤਾ ਰਾਸ਼ੀ ਦੇਣ ਲਈ ਆਏ।

# ਨਾਜਾਇਜ਼ ਮਾਈਨਿੰਗ ਕਰਦੇ ਚਾਰ ਵਿਅਕਤੀ ਗ੍ਰਿਫ਼ਤਾਰ

**ਪਠਾਨਕੋਟ:** ਨਾਜਾਇਜ਼ ਮਾਈਨਿੰਗ ਵਿਰੁੱਧ ਥਾਣਾ ਨਰੋਟ ਜੈਮਲ ਸਿੰਘ ਦੀ ਪੁਲਿਸ ਅਤੇ ਮਾਈਨਿੰਗ ਵਿਭਾਗ ਵੱਲੋਂ ਥਾਣਾ ਇੰਚਾਰਜ ਅੰਗਰੇਜ਼ ਸਿੰਘ ਦੀ ਅਗਵਾਈ ਹੇਠ ਨਰੋਟ ਜੈਮਲ ਸਿੰਘ ਅਧੀਨ ਆਉਂਦੇ ਰਾਵੀ ਦਰਿਆ 'ਤੇ ਸ਼ੁੱਕਰਵਾਰ ਦੇਰ ਰਾਤ ਛਾਪੇਮਾਰੀ ਕਰਕੇ ਨਾਜਾਇਜ਼ ਮਾਈਨਿੰਗ ਵਿਚ ਸ਼ਾਮਲ ਚਾਰ ਵਿਅਕਤੀਆਂ ਨੂੰ ਕਾਬੂ ਕੀਤਾ ਹੈ।



ਜ਼ਿਲ੍ਹਾ ਪੁਲਿਸ ਮੁਖੀ ਦਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਨਰੋਟ ਜੈਮਲ ਸਿੰਘ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਰਾਵੀ ਦਰਿਆ 'ਚ ਨਾਜਾਇਜ਼ ਮਾਈਨਿੰਗ ਕੀਤੀ ਜਾ ਰਹੀ ਹੈ। ਜਦੋਂ ਪੁਲਿਸ ਅਤੇ ਮਾਈਨਿੰਗ ਵਿਭਾਗ ਨੇ ਰਾਵੀ ਦਰਿਆ 'ਤੇ ਛਾਪੇਮਾਰੀ ਕੀਤੀ ਤਾਂ ਉਨ੍ਹਾਂ ਨੂੰ ਜੇਸੀਬੀ ਮਸ਼ੀਨਾਂ ਨਾਲ ਲੋਕ ਨਾਜਾਇਜ਼ ਮਾਈਨਿੰਗ ਕਰਦੇ ਮਿਲੇ ਜਿਸ ਕਾਰਨ ਪੁਲਿਸ ਨੇ ਮੌਕੇ 'ਤੇ ਹੀ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 6 ਟਿੱਪਰ ਅਤੇ ਦੋ ਜੇ.ਸੀ.ਬੀ. ਮਸ਼ੀਨਾਂ ਬਰਾਮਦ ਕੀਤੀਆਂ ਹਨ।

# ਕਿਸਾਨਾਂ ਦਾ ਇਲਾਜ ਸਰਕਾਰੀ ਖਰਚੇ 'ਤੇ ਕਰਾਉਣ ਦੀ ਮੰਗ

**ਬਠਿੰਡਾ:** ਬਠਿੰਡਾ ਦੇ ਏਮਜ਼ 'ਚ ਕਿਸਾਨਾਂ ਨੂੰ ਦਾਖਲ ਕਰਵਾਏ ਜਾਣ ਦੀ ਸੂਚਨਾ ਮਿਲਣ 'ਤੇ ਵੱਖ ਵੱਖ ਜਨਤਕ ਜਥੇਬੰਦੀਆਂ ਦੇ ਆਗੂ ਮੌਕੇ 'ਤੇ ਪੁੱਜੇ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਬੀਕੇਯੂ (ਉਗਰਾਹਾਂ) ਦੇ ਆਗੂ ਹੁਸ਼ਿਆਰ ਸਿੰਘ ਅਤੇ ਗੁਰਜੰਟ ਸਿੰਘ ਚੱਕ ਫ਼ਤਿਹ ਸਿੰਘ ਵਾਲਾ ਦੇ ਦੱਸਿਆ ਕਿ ਗੰਭੀਰ ਜ਼ਖ਼ਮੀਆਂ 'ਚ ਜ਼ਿਲ੍ਹਾ ਬਠਿੰਡਾ ਦੇ ਕਿਸਾਨ ਆਗੂ ਬਸੰਤ ਸਿੰਘ ਕੋਠਾਗੁਰੂ ਤੋਂ ਇਲਾਵਾ ਕਰਮਜੀਤ ਸਿੰਘ, ਜਸਪ੍ਰੀਤ ਕੌਰ, ਕੁਲਜੀਤ ਕੌਰ, ਦਰਸ਼ਨ ਸਿੰਘ, ਸੁਖਦੇਵ ਸਿੰਘ ਅਤੇ ਰਾਜਦੀਪ ਸਿੰਘ ਸ਼ਾਮਿਲ ਹਨ।

ਉਨ੍ਹਾਂ ਦੱਸਿਆ ਕਿ ਹਸਪਤਾਲ ਵਿਚ ਆ ਰਹੀਆਂ ਮੁਸ਼ਕਿਲਾਂ ਬਾਰੇ ਜਥੇਬੰਦਕ ਆਗੂਆਂ ਵੱਲੋਂ ਡਿਪਟੀ ਕਮਿਸ਼ਨਰ ਕੋਲ ਰੋਸ ਜਤਾਏ ਜਾਣ ਮਗਰੋਂ ਐੱਸਡੀਐਮ ਬਠਿੰਡਾ ਬਲਕਰਨ ਸਿੰਘ ਅਤੇ ਨਾਇਬ ਤਹਿਸੀਲਦਾਰ ਸੰਗਤ ਮੰਡੀ ਏਮਜ਼ ਪਹੁੰਚੇ।

ਜ਼ਖਮੀਆਂ ਦਾ ਸਰਕਾਰੀ ਖਰਚੇ 'ਤੇ ਇਲਾਜ ਕਰਾਉਣ ਦੀ ਮੰਗ ਕੀਤੇ ਜਾਣ 'ਤੇ ਐੱਸਡੀਐਮ ਨੇ ਮੌਕੇ 'ਤੇ ਹਾਜ਼ਰ ਰੈੱਡ ਕਰਾਸ ਦੇ ਕਰਮਚਾਰੀਆਂ ਨੂੰ ਦਵਾਈਆਂ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ।

# ਭਾਜਪਾ ਨੇ ਕੇਜਰੀਵਾਲ ਦੇ ਮੁਕਾਬਲੇ ਪਰਵੇਸ਼ ਵਰਮਾ ਨੂੰ ਦਿੱਤੀ ਟਿਕਟ


**ਨਵੀਂ ਦਿੱਲੀ:** ਭਾਜਪਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ 29 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਪਾਰਟੀ ਨੇ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਮੁਕਾਬਲੇ ਸਾਬਕਾ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਸਾਹਿਬ ਸਿੰਘ ਵਰਮਾ ਦੇ ਪੁੱਤਰ ਪਰਵੇਸ਼ ਵਰਮਾ ਨੂੰ ਟਿਕਟ ਦਿੱਤੀ ਹੈ। ਪਾਰਟੀ ਨੇ ਗਾਂਧੀ ਨਗਰ ਸੀਟ ਤੋਂ ਮੌਜੂਦਾ ਵਿਧਾਇਕ ਅਨਿਲ ਵਾਜਪਾਈ ਦੀ ਥਾਂ ਅਰਵਿੰਦਰ ਸਿੰਘ ਲਵਲੀ ਨੂੰ ਟਿਕਟ ਦਿੱਤੀ ਹੈ। ਮਨਜਿੰਦਰ ਸਿੰਘ ਸਿਰਸਾ ਰਾਜੌਰੀ ਗਾਰਡਨ ਸੀਟ ਤੋਂ ਉਮੀਦਵਾਰ ਹੋਣਗੇ।



# ਭਾਰਤ ਦੇ ਪਰਮਾਣੂ ਪ੍ਰੋਗਰਾਮ ਦੇ ਨਿਰਮਾਤਾ ਰਾਜਗੋਪਾਲ ਚਿਦੰਬਰਮ ਦਾ ਦੇਹਾਂਤ

*88 ਸਾਲ ਦੇ ਸਨ ਚਿਦੰਬਰਮ। ਪਰਮਾਣੂ ਊਰਜਾ ਵਿਭਾਗ (ਡੀਏਈ) ਦੇ ਅਧਿਕਾਰੀ ਨੇ ਦੱਸਿਆ ਪਰਮਾਣੂ ਹਥਿਆਰ ਪ੍ਰੋਗਰਾਮ ਨਾਲ ਜੁੜੇ ਰਹੇ ਚਿਦੰਬਰਮ ਨੇ ਮੁੰਬਈ ਦੇ ਜਸਲੋਕ ਹਸਪਤਾਲ 'ਚ ਆਖਰੀ ਸਾਹ ਲਿਆ।*

**ਨਵੀਂ ਦਿੱਲੀ:** ਦੇਸ਼ 'ਚ 1974 ਤੇ 1998 ਦੇ ਪਰਮਾਣੂ ਪ੍ਰੀਖਣਾਂ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਵਿਗਿਆਨੀ ਰਾਜਗੋਪਾਲ ਚਿਦੰਬਰਮ ਦਾ ਲੰਘੀ ਦੇਰ ਰਾਤ ਦੇਹਾਂਤ ਹੋ ਗਿਆ। ਉਹ 88 ਸਾਲ ਦੇ ਸਨ। ਪਰਮਾਣੂ ਊਰਜਾ ਵਿਭਾਗ (ਡੀਏਈ) ਦੇ ਅਧਿਕਾਰੀ ਨੇ ਦੱਸਿਆ ਪਰਮਾਣੂ ਹਥਿਆਰ ਪ੍ਰੋਗਰਾਮ ਨਾਲ ਜੁੜੇ ਰਹੇ ਚਿਦੰਬਰਮ ਨੇ ਮੁੰਬਈ ਦੇ ਜਸਲੋਕ ਹਸਪਤਾਲ 'ਚ ਆਖਰੀ ਸਾਹ ਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਿਦੰਬਰਮ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ, 'ਉਹ ਭਾਰਤ ਦੇ ਪਰਮਾਣੂ ਪ੍ਰੋਗਰਾਮ ਦੇ ਮੁੱਖ ਨਿਰਮਾਤਾਵਾਂ 'ਚੋਂ ਇੱਕ ਸਨ ਅਤੇ ਉਨ੍ਹਾਂ ਭਾਰਤ ਦੀ ਵਿਗਿਆਨਕ ਤੇ ਰਣਨੀਤਕ ਸਮਰਥਾ ਨੂੰ ਮਜ਼ਬੂਤ ਕਰਨ 'ਚ ਅਹਿਮ ਭੂਮਿਕਾ ਨਿਭਾਈ।'



ਵਿਗਿਆਨ ਤੇ ਤਕਨੀਕ ਮੰਤਰੀ ਜਿਤੇਂਦਰ ਸਿੰਘ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀ ਚਿਦੰਬਰਮ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਵਾਹਨਾਂ ਲਈ ਸਟਿੱਕਰ ਦਾ ਦਾਇਰਾ ਵਧਾਉਣ 'ਤੇ ਵਿਚਾਰ ਕਰੇਗਾ ਸੁਪਰੀਮ ਕੋਰਟ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵਾਹਨਾਂ ਲਈ ਹੋਲੋਗ੍ਰਾਮ ਆਧਾਰਿਤ ਰੰਗ ਕੋਡ ਵਾਲੇ ਸਟਿੱਕਰ ਲੋੜ 'ਤੇ ਜ਼ੋਰ ਦਿੰਦਿਆਂ ਰਾਜਾਂ ਤੇ ਯੂਟੀਜ਼ 'ਚ ਲਾਜ਼ਮੀ ਬਣਾਉਣ 'ਤੇ ਵਿਚਾਰ ਕਰ ਰਿਹਾ ਹੈ। ਸਿਖਰਲੀ ਅਦਾਲਤ ਨੇ 2018 'ਚ ਸੜਕੀ ਆਵਾਜਾਈ ਤੇ ਰਾਜਮਾਰਗ ਮੰਤਰਾਲੇ ਦੀ ਤਜਵੀਜ਼ ਸਵੀਕਾਰ ਕਰ ਲਈ ਜਿਸ 'ਚ ਐੱਨ.ਸੀ.ਆਰ. 'ਚ ਪੈਟਰੋਲ ਤੇ ਸੀ.ਐਨ.ਜੀ. ਦੀ ਵਰਤੋਂ ਵਾਲੇ ਵਾਹਨਾਂ 'ਤੇ ਹੋਲੋਗ੍ਰਾਮ ਆਧਾਰਿਤ ਹਲਕੇ ਨੀਲੇ ਰੰਗ ਦੇ ਜਦਕਿ ਡੀਜ਼ਲ ਵਾਲੇ ਵਾਹਨਾਂ 'ਤੇ ਸੰਤਰੀ ਰੰਗ ਦੇ ਸਟਿੱਕਰ ਹੋਣਗੇ।

ਪੰਜਾਬ ਟਾਈਮਜ਼

*11 ਜਨਵਰੀ, ਸ਼ਨਿਚਰਵਾਰ*

# ਟਰੂਡੋ ਦੇ ਅਸਤੀਫ਼ੇ ਦਾ ਅਸਰ

ਕਾਫ਼ੀ ਸਮੇਂ ਤੋਂ ਉਡੀਕਿਆ ਜਾ ਰਿਹਾ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਅਸਤੀਫ਼ਾ ਆਖਰਕਾਰ ਸੋਮਵਾਰ ਨੂੰ ਆ ਹੀ ਗਿਆ। ਪੰਜਾਬ ਦੇ ਲੋਕਾਂ ਨੂੰ ਇਸ ਅਸਤੀਫੇ ਨਾਲ ਨਿਰਾਸ਼ਾ ਹੋਈ ਹੈ। ਉਹ ਇਸ ਕਰਕੇ ਕਿ ਕੈਨੇਡਾ ਦਾ ਪ੍ਰਧਾਨ ਮੰਤਰੀ ਜਿਵੇਂ ਭਾਰਤੀਆਂ ਦਾ ਤੇ ਖਾਸ ਤੌਰ 'ਤੇ ਪੰਜਾਬੀਆਂ ਦਾ, ਅਤੇ ਉਹਦੇ ਤੋਂ ਵੀ ਵੱਧ ਸਿੱਖਾਂ ਨਾਲ ਬਹੁਤ ਨੇੜਲੇ ਲਗਾਓ ਵਾਲਾ ਮਹਿਸੂਸ ਹੁੰਦਾ ਸੀ। ਬੀਤੇ ਨੌਂ ਸਾਲ ਦੇ ਆਪਣੇ ਸ਼ਾਸ਼ਨਕਾਲ ਵਿਚ ਜਸਟਿਨ ਟਰੂਡੋ ਨੇ ਜੋ ਨੀਤੀਆਂ ਬਣਾਈਆਂ ਉਹ ਭਾਰਤੀਆਂ ਤੇ ਖਾਸ ਕਰਕੇ ਪੰਜਾਬੀਆਂ ਲਈ ਕਾਫ਼ੀ ਲਾਹੇਵੰਦ ਰਹੀਆਂ ਹਨ। ਸਿੱਖਾਂ ਨਾਲ ਤਾਂ ਟਰੂਡੋ ਦਾ ਲਗਾਓ ਕੁਝ ਵਧੇਰੇ ਹੀ ਨਜ਼ਰ ਆਉਂਦਾ ਰਿਹਾ ਹੈ। ਉਹ ਕਈ ਵਾਰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਵੀ ਆਇਆ ਜਾਂ ਇਧਰ ਉਧਰ ਕਈ ਵਾਰ ਸਿੱਖ ਦੋਸਤਾਂ ਨਾਲ ਫੋਟੋਆਂ ਵੀ ਖਿਚਵਾਉਂਦਾ ਰਿਹਾ ਹੈ।

ਉਸ ਦੇ ਅਸਤੀਫਾ ਦੇਣ ਦੇ ਕਾਰਨ ਨਿਹਾਰੀਏ ਤਾਂ ਕਈ ਵਿਸਥਾਰ ਸਾਹਮਣੇ ਆਉਂਦੇ ਹਨ। ਉਸ ਦੇ ਅਸਤੀਫਾ ਦੇਣ ਦਾ ਭਾਰਤ ਤੇ ਕੈਨੇਡਾ ਦੇ ਸੰਬੰਧਾਂ 'ਤੇ ਕੀ ਅਸਰ ਪੈਣ ਦੀ ਸੰਭਾਵਨਾ ਹੋ ਸਕਦੀ ਹੈ? ਖਾਸ ਤੌਰ 'ਤੇ ਉੱਥੇ ਵਸਦੇ ਸਾਢੇ ਦਸ ਲੱਖ ਦੇ ਕਰੀਬ ਪੰਜਾਬੀਆਂ ਉਤੇ ਅਤੇ ਸਿੱਖ ਡਾਇਸਪੋਰਾ ਜੋ ਉਥੇ ਰਹਿ ਰਿਹਾ ਹੈ ਉਹ ਕਿਵੇਂ ਮਹਿਸੂਸ ਕਰਦਾ ਹੈ? ਕਿਉਂਕਿ ਸਮਝਿਆ ਜਾਂਦਾ ਹੈ ਕਿ ਪਿਛਲੇ ਸਮੇਂ ਵਿਚ ਜਸਟਿਨ ਟਰੂਡੋ ਦੀਆਂ ਨੀਤੀਆਂ ਕਰਕੇ ਉੱਥੇ ਦੀ ਘਰੇਲੂ ਸਿਆਸਤ ਦਾ ਉਸ ਉਤੇ ਜੋ ਦਬਾਅ ਸੀ ਹੁਣ ਉਹ ਦਬਾਅ ਉਸ ਲਈ ਝੱਲਣਾ ਮੁਸ਼ਕਿਲ ਹੋ ਗਿਆ ਸੀ। ਸਥਾਨਕ ਵਸੋਂ ਨੂੰ ਉਸ ਬਾਰੇ ਸ਼ਿਕਾਇਤ ਸੀ ਉਸ ਦੀਆਂ ਨੀਤੀਆਂ ਨੇ ਬਿਨਾਂ ਮਤਲਬ ਕੈਨੇਡਾ ਵਿਚ ਜ਼ਿਆਦਾ ਬੰਦੇ ਲਿਆਉਣ ਦੇ ਰਾਹ ਖੋਲ੍ਹੇ, ਜਿਸ ਕਰਕੇ ਕੈਨੇਡਾ ਵਿਚ ਮਹਿੰਗਾਈ ਹੋ ਰਹੀ ਹੈ, ਵਪਾਰ ਵਿਚ ਦਿੱਕਤ ਆ ਰਹੀ ਹੈ। ਇਨ੍ਹਾਂ ਸਮੱਸਿਆਵਾਂ ਦੇ ਦਬਾਅ ਕਾਰਨ ਹੀ ਪਹਿਲਾਂ ਉਨ੍ਹਾਂ ਦੇ ਵਿੱਤ ਮੰਤਰੀ ਵਲੋਂ ਅਸਤੀਫਾ ਦਿੱਤਾ ਜਾ ਚੁੱਕਾ ਸੀ। ਇੱਕ ਹੋਰ ਪਾਰਟੀ, ਜਿਸ ਦਾ ਸੰਬੰਧ ਪੰਜਾਬ ਨਾਲ ਤੇ ਸਿੱਖਾਂ ਨਾਲ ਹੈ ਅਤੇ ਜਿਸ ਦਾ ਨਾਮ ਐਨ.ਡੀ.ਪੀ. ਹੈ, ਉਸ ਦੇ ਮੁਖੀ ਸਰਦਾਰ ਜਗਮੀਤ ਸਿੰਘ ਨੇ ਵੀ ਟਰੂਡੋ ਸਰਕਾਰ ਤੋਂ ਆਪਣੀ ਹਿਮਾਇਤ ਵਾਪਸ ਲੈ ਲਈ ਸੀ। ਉਨ੍ਹਾਂ ਨੇ ਟਰੂਡੋ ਸਰਕਾਰ ਵਿਰੁੱਧ 25 ਜਨਵਰੀ ਨੂੰ, ਨੋ ਕੌਨਫੀਡੈਂਸ ਮੋਸ਼ਨ ਲਿਆਉਣ ਦਾ ਐਲਾਨ ਵੀ ਕੀਤਾ ਹੋਇਆ ਸੀ। ਜਸਟਿਨ ਟਰੂਡੋ ਦੀ ਸਰਕਾਰ ਦਾ ਉਸ ਤੋਂ ਪਹਿਲਾਂ ਹੀ ਅਸਤੀਫ਼ਾ ਆ ਗਿਆ।

ਇਹਦੇ ਨਾਲ ਹੀ ਇਹ ਵੀ ਸਪੱਸ਼ਟ ਹੈ ਕਿ ਟਰੂਡੋ ਨੂੰ ਨਾ ਕੇਵਲ ਕੈਨੇਡਾ ਵਿਚ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਆਪਣੇ ਗਵਾਂਢੀ, ਸਭ ਤੋਂ ਤਾਕਤਵਰ ਮੁਲਕ ਅਮਰੀਕਾ ਵਲੋਂ ਵੀ ਚੰਗੀਆਂ ਖਬਰਾਂ ਨਹੀਂ ਆ ਰਹੀਆਂ। ਅਮਰੀਕਾ ਵਿਚ ਆਉਣ ਵਾਲੀ 20 ਜਨਵਰੀ ਨੂੰ ਬਣਨ ਵਾਲੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਵਾਂ ਸ਼ਗੂਫਾ ਛੱਡ ਦਿੱਤਾ ਹੈ। ਵੈਸੇ ਤਾਂ ਉਹ ਟਰੂਡੋ ਬਾਰੇ ਪਿਛਲੇ ਸਮੇਂ ਦੌਰਾਨ ਵੀ ਲਗਾਤਾਰ ਬੋਲਦੇ ਆ ਰਹੇ ਨੇ। ਉਹ ਟਰੂਡੋ ਨੂੰ ਕਈ ਗੱਲਾਂ ਕਹਿੰਦੇ ਰਹੇ ਹਨ। ਹੁਣ ਤਾਂ ਉਹ ਇੱਥੋਂ ਤੱਕ ਕਹਿ ਗਏ ਕਿ ਕਿਉਂ ਨਾ ਕੈਨੇਡਾ ਅਮਰੀਕਾ ਦਾ 51ਵਾਂ ਸੂਬਾ ਬਣਾ ਦਿੱਤਾ ਜਾਵੇ। ਨਾਲ ਹੀ ਉਸ ਨੇ ਇਹ ਵੀ ਕਹਿ ਦਿੱਤਾ ਕਿ ਜਸਟਿਨ ਟਰੂਡੋ ਚੰਗੇ ਗਵਰਨਰ ਸਾਬਿਤ ਹੋ ਸਕਦੇ ਹਨ। ਯਾਨਿ ਕਿ ਟਰੂਡੋ ਨੂੰ ਕੈਨੇਡਾ ਦਾ ਰਾਜਪਾਲ ਲਾ ਦਿਆਂਗੇ। ਟਰੰਪ ਦਾ ਕਹਿਣਾ ਹੈ ਕਿ ਕੈਨੇਡਾ ਅਮਰੀਕਾ ਨਾਲ ਰਹੇਗਾ ਤਾਂ ਚੀਨ ਤੋਂ ਵੀ ਸੁਰੱਖਿਅਤ ਰਹੇਗਾ।

ਇਸ ਤੋਂ ਵੀ ਅੱਗੇ ਵਧਦੇ ਹੋਏ ਟਰੰਪ ਨੇ ਕਿਹਾ ਕਿ ਤੁਹਾਡੀ ਅਗਵਾਈ ਵਿਚ ਅਮਰੀਕਾ ਦਾ ਸ਼ੋਸ਼ਣ ਹੋ ਰਿਹਾ ਹੈ। ਅਮਰੀਕਾ ਦਾ ਬਿਜ਼ਨਸ ਤਬਾਹ ਹੋ ਰਿਹਾ ਹੈ। ਇਹਦਾ ਮਤਲਬ ਡਰ ਕਿਤੇ ਟਰੰਪ ਦੇ ਅੰਦਰ ਵੀ ਹੈ ਤੇ ਉਹ ਕਹਿੰਦਾ ਹੈ ਕਿ ਜੇ ਤੁਸੀਂ ਨਾ ਮੰਨੇ ਤਾਂ ਜਿੰਨਾ ਵੀ ਮਾਲ ਕੈਨੇਡਾ-ਅਮਰੀਕਾ ਵਿਚ ਇੰਪੋਰਟ ਕਰਦਾ ਭਾਵ ਜਿੰਨਾ ਕੈਨੇਡਾ ਰਾਹੀਂ ਅਮਰੀਕਾ ਨੂੰ ਕੋਈ ਸਾਜ਼ੋ-ਸਾਮਾਨ ਜਾਂਦਾ ਉਹਦੇ 'ਤੇ 25% ਟੈਕਸ ਵਧਾ ਦਿਆਂਗੇ। ਮਤਲਬ ਫਿਰ ਕੀ ਹੋਏਗਾ ਕਿ ਜੇ 25% ਵਾਧੂ ਟੈਕਸ ਲੱਗ ਜਾਏਗਾ, ਤਾਂ ਕੈਨੇਡਾ ਦਾ ਮਾਲ ਇਧਰ ਦੀ ਜਾਣ ਦੀ ਬਜਾਇ ਕਿਤੋਂ ਹੋਰ ਪਾਸੇ ਤੋਂ ਜਾਊਗਾ। ਮਤਲਬ ਸਪੱਸ਼ਟ ਹੈ ਕਿ ਅਮਰੀਕਾ ਕੈਨੇਡਾ ਨੂੰ ਬਿਜ਼ਨਸ ਪੱਖੋਂ ਵੀ ਨੁਕਸਾਨ ਪਹੁੰਚਾਏਗਾ। ਇਹ ਗੱਲਾਂ ਆਪਣੇ ਆਪਣੇ ਦੇਸ਼ਾਂ ਦੀਆਂ ਹਨ, ਇੱਕ ਦੂਜੇ ਦੇ ਵਪਾਰ ਦੀਆਂ ਹਨ। ਇਹਦੇ ਨਾਲ ਵੀ ਦੋ ਚਾਰ ਹੋਣਾ ਪਵੇਗਾ। ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਲਈ ਇਹ ਸਭ ਵੱਡੀਆਂ ਵੰਗਾਰਾਂ ਹਨ। ਜੋ ਲਗਾਤਾਰ ਮੂੰਹ ਅੱਡੀ ਖੜ੍ਹੀਆਂ ਹਨ। ਇਹ ਵੰਗਾਰਾਂ ਨਾ ਕੈਨੇਡਾ ਦੇ ਮੂਲ ਵਾਸੀਆਂ ਨੂੰ ਚੈਨ ਦੀ ਨੀਂਦ ਸੌਣ ਦਿੰਦੀਆਂ ਹਨ ਅਤੇ ਨਾ ਪ੍ਰਵਾਸੀਆਂ ਨੂੰ ਅਮਨ ਚੈਨ ਨਾਲ ਉਸ ਧਰਤੀ 'ਤੇ ਵਿਚਰਨ ਦਿੰਦੀਆਂ ਹਨ।

ਇਨ੍ਹਾਂ ਵੰਗਾਰਾਂ ਦੀ ਇਕ ਹੋਰ ਪਰਤ ਵੀ ਹੈ। ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਮਾਮਲਾ। ਸੰਨ 2023 ਤੋਂ ਚੱਲ ਰਿਹਾ ਇਹ ਮਾਮਲਾ 2024 ਵਿਚ ਆ ਕੇ ਦੁਬਾਰਾ ਭਖਦਾ ਹੈ। ਜਦੋਂ ਡਿਪਲੋਮੈਟ ਕੱਢ ਦਿੱਤੇ ਜਾਂਦੇ ਹਨ। ਅੱਧੀ ਦਰਜਨ ਡਿਪਲੋਮੈਟ ਕੈਨੇਡਾ ਕੱਢ ਦਿੰਦਾ ਹੈ। ਅੱਧੀ ਦਰਜਨ ਭਾਰਤ ਕੱਢ ਦਿੰਦਾ ਹੈ। ਵੀਜ਼ਾ ਸ਼ਰਤਾਂ ਸਖਤ ਹੋ ਜਾਂਦੀਆਂ ਹਨ। ਹੁਣ ਜਿੰਨੇ ਬੱਚੇ ਪੀ.ਆਰ. ਲਈ ਜਾ ਰਹੇ ਹਨ। ਪੀ.ਆਰ. ਦੇ ਨਿਯਮ ਸਖਤ ਹੋ ਗਏ ਹਨ। ਜਿਹੜੇ ਬਚਿਆਂ ਦੇ ਮਾਂ-ਬਾਪ ਜਾਂਦੇ ਸੀ, ਬੱਚਿਆਂ ਦੇ ਕੋਲ ਕਿਸੇ ਨਾ ਕਿਸੇ ਤਰੀਕੇ ਨਾਲ, ਉਨ੍ਹਾਂ ਦੇ ਜਾਣ 'ਤੇ ਰੋਕਾਂ ਵਧ ਗਈਆਂ ਹਨ। ਨਿਯਮ ਬਦਲ ਦਿੱਤੇ ਗਏ ਹਨ। ਇਥੋਂ ਤੱਕ ਕਿ ਲਗਭਗ 30% ਵੀਜ਼ੇ ਰੱਦ ਹੋ ਗਏ ਹਨ। ਪਹਿਲਾਂ ਦੇ ਮੁਕਾਬਲੇ ਜਿਹੜੇ ਬੱਚੇ ਜਾ ਰਹੇ ਸਨ, ਹੁਣ ਇੱਕ ਨਵੀਂ ਸਮੱਸਿਆ ਹੋਰ ਵੀ ਹੈ ਕਿ ਜਿਹੜੇ ਬੱਚੇ ਪਹਿਲਾਂ ਗਏ ਹੋਏ ਹਨ, ਉਹ ਕਿਸੇ ਨਾ ਕਿਸੇ ਤਰੀਕੇ ਨਾਲ ਉੱਥੇ ਰਹਿਣਾ ਚਾਹੁੰਦੇ ਹਨ ਪੀ.ਆਰ. ਲੈਣਾ ਚਾਹੁੰਦੇ ਹਨ ਉਨ੍ਹਾਂ ਦੇ ਵਰਕ ਪਰਮਿਟ ਵੀ ਲਗਭਗ ਖਤਮ ਹੋ ਗਏ ਹਨ। ਜਿਹੜਾ ਪੜ੍ਹਾਈ ਕਰਨ ਲਈ ਪਹਿਲਾਂ ਜਾਂਦੇ ਹਨ, ਕੁਝ ਸਾਲ ਲਈ। ਵਰਕ ਪਰਮਿਟ ਤਿੰਨ ਚਾਰ ਸਾਲ ਦੇ ਮਿਲੇ ਸਨ, ਉਹ ਵੀ ਖਤਮ ਹੋ ਰਹੇ ਹਨ। ਖਤਰਨਾਕ ਪਹਿਲੂ ਇਹ ਹੈ ਕਿ ਉਨ੍ਹਾਂ 'ਚੋਂ 13 ਹਜ਼ਾਰ ਦੇ ਕਰੀਬ ਬੱਚੇ ਸਿਆਸੀ ਸ਼ਰਨ ਵਾਸਤੇ ਅਪਲਾਈ ਕਰਦੇ ਹਨ। ਜਦੋਂ ਹੁਣ ਹੋਰ ਕੋਈ ਤਰੀਕਾ ਨਾ ਵਰਤ ਕੇ ਉਨ੍ਹਾਂ ਨੂੰ ਕਹਿਣਾ ਪੈ ਰਿਹਾ ਹੈ ਕਿ ਭਾਰਤ ਵਿਚ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਉਥੋਂ ਦੇ ਵਕੀਲ ਕੀ ਕਰਦੇ ਹਨ ? ਜਿਹੜੇ ਪੈਸੇ ਵੀ ਵਾਧੂ ਖਾਂਦੇ ਹਨ ਅਤੇ ਉਹ ਕਹਿੰਦੇ ਹਨ ਕਿ ਉੱਥੇ ਪ੍ਰੋਟੈਸਟ ਕਰੋ ਕਿਰਪਾਨਾਂ ਵੀ ਖਿੱਚੋ। ਉਸ ਤਰ੍ਹਾਂ ਦੀਆਂ ਕਰਵਾਈਆਂ ਕਰੋ ਜਿਹੜੀਆਂ ਕਰਵਾਈਆਂ 'ਤੇ ਭਾਰਤ ਇਤਰਾਜ਼ ਕਰਦਾ ਹੋਵੇ। ਇਨ੍ਹਾਂ ਸਭ ਕਰਵਾਈਆਂ ਦੀਆਂ ਫੋਟੋਆਂ ਛਪਣੀਆਂ ਚਾਹੀਦੀਆਂ ਹਨ। ਉਹ ਫੋਟੋਆਂ ਤੁਹਾਡੇ ਕੇਸਾਂ ਦੇ ਨਾਲ ਲੱਗਣਗੀਆਂ ਜਿਹਦੇ ਕਰਕੇ ਇਹ ਹਿੰਸਕ ਪ੍ਰਦਰਸ਼ਨ ਹੁੰਦੇ ਹਨ। ਇਸ ਸਾਰੇ ਮਾਮਲੇ ਵਿਚ ਭਾਰਤ ਨੇ ਬੇਹੱਦ ਇਤਰਾਜ਼ ਕੀਤਾ ਸੀ। ਕਿ ਤੁਸੀਂ ਕੈਨੇਡਾ ਦੀ ਧਰਤੀ 'ਤੇ ਸਾਡੇ ਖ਼ਿਲਾਫ ਸਾਜ਼ਿਸ਼ ਕਰਾ ਰਹੇ ਹੋ, ਹਾਲਾਂਕਿ ਇਹ ਡਿਬੇਟ ਚੱਲਦੀ ਹੈ। ਭਾਰਤ ਦਾ ਆਪਣਾ ਪੱਖ ਹੈ। ਕੈਨੇਡਾ ਦਾ ਆਪਣਾ ਪੱਖ ਹੈ। ਵੈਸੇ ਇਹ ਦੋ ਅਲੱਗ ਅਲੱਗ ਨਜ਼ਰੀਏ ਤੋਂ ਚੱਲ ਰਹੀਆਂ ਲੋਕਤੰਤਰ ਪ੍ਰਣਾਲੀਆਂ ਦਾ ਭਵਿੱਖ ਕੀ ਹੋਵੇਗਾ? ਇਹ ਵੇਖਣ ਵਾਲੀ ਗੱਲ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤੱਕੜੀ ਤੋਂ ਢੋਲ ਤੱਕ!*

***ਛੱਜ ਬੰਨ੍ਹਿਆਂ ਸਿਰ 'ਤੇ 'ਪ੍ਰਧਾਨਗੀ' ਦਾ, ਸੁਣ ਅਸਤੀਫਾ ਮਨ ਜਾਂਦਾ ਏ ਡੋਲ ਮੀਆਂ।***
***ਕਰ ਲਈ ਪਾਲਣਾ ਕੋਰਟ ਦੇ ਹੁਕਮ ਵਾ.ਲੀ, ਬਾਦਲ ਦਲ ਦਾ ਬਦਲਿਆ 'ਖੋਲ' ਮੀਆਂ।***
***ਸਿੱਖ ਹਰਿਆਣਵੀ ਤਖਤ ਦੇ ਆਕੀਆਂ ਦਾ, ਲਗਦਾ ਕਰਨਗੇ 'ਬਿਸਤਰਾ ਗੋਲ' ਮੀਆਂ।***
***ਭੁਲ੍ਹ ਗਈ ਦਾ.ਲ ਬੇਸ਼ਰਮਾਂ ਦੀ ਲੋਕ ਹੱਸੇ, ਕਹਿੰਦੇ ਖਾਂਦੇ ਹੀ ਇੰਜ ਹਾਂ 'ਡੋਲ੍ਹ' ਮੀਆਂ।***
***ਬਣ ਬਣ 'ਚਤਰ' ਬਹਾਨੇ ਹਨ ਰੋਜ਼ ਘੜਦੇ, ਬਿਨਾਂ 'ਕੁਫਰ' ਤੋਂ ਹੈ ਨਹੀਂ ਕੁੱਝ ਕੋ.ਲ ਮੀਆਂ।***
***ਪਾਇਆ ਭੋਗ ਪੰਜਾਬ ਵਿਚ 'ਤੱਕੜੀ' ਦਾ, ਜਾ ਹਰਿਆਣੇ 'ਚ ਫੜ ਲਿਆ 'ਢੋਲ' ਮੀਆਂ।***

# UPS-ਮੋਦੀ ਸਰਕਾਰ ਦਾ ਨਵਾਂ ਭਰਮਾਊ-ਜਾਲ

## ਕਾਰਪੋਰੇਟੀ 'ਸੁਧਾਰਾਂ' ਦਾ ਨਵਾਂ 'ਪੈਕੇਜ'

ਯਸ਼ ਪਾਲ ਵਰਗ ਚੇਤਨਾ

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਅਪ੍ਰੈਲ, 2023 'ਚ ਬਣਾਈ ਗਈ 'ਪੈਨਸ਼ਨ ਰਿਵਿਊ ਕਮੇਟੀ' ਦੀ ਪਟਾਰੀ 'ਚੋਂ ਉਹੀ ਸੱਪ ਨਿਕਲਿਆ ਹੈ ਜਿਸ ਦਾ ਅੰਦਾਜ਼ਾ/ ਖਦਸ਼ਾ ਸੀ। ਭਾਵੇਂ ਅਜੇ, ਨਾ ਤਾਂ 'ਰਿਵਿਊ ਕਮੇਟੀ' ਦੀ ਕੋਈ ਰਿਪੋਰਟ ਛਪੀ ਹੈ ਤੇ ਨਾ ਹੀ ਕੋਈ 'ਨੋਟੀਫੀਕੇਸ਼ਨ' ਜਾਰੀ ਹੋਇਆ ਹੈ ਫਿਰ ਵੀ ਜੋ ਸਰਕਾਰੀ ਐਲਾਨ/ਬਿਆਨ ਆਏ ਹਨ ਉਨ੍ਹਾਂ ਦੇ ਆਧਾਰ 'ਤੇ ਹੀ, NPS (ਸਮੂਹ ਮੁਲਾਜਮਾਂ ਵੱਲੋਂ ਰੱਦ ਕੀਤੀ) ਦਾ ਹੀ ਮੂੰਹ-ਮੱਥਾ ਸੁਆਰ ਕੇ ਤਿਆਰ ਕੀਤੀ ਗਈ ਫੰ (ਯੂਨਾਈਟਿਡ ਪੈਨਸ਼ਨ ਪ੍ਰਣਾਲੀ) ਦੀ ਚੀਰ-ਫਾੜ ਕੀਤੀ ਜਾਵੇਗੀ। ਇੱਕ ਬਿਆਨ ਤਾਂ 'ਪੈਨਸ਼ਨ ਰਿਵਿਊ ਕਮੇਟੀ' ਦੇ ਚੇਅਰਮੈਨ ਦਾ ਉਸੇ ਦਿਨ ਹੀ ਲੱਗਿਆ ਸੀ ਜਿਸ ਦੀ ਪੁਣ-ਛਾਣ ਅੱਗੇ ਕੀਤੀ ਜਾਵੇਗੀ।ਦੂਜਾ ਬਿਆਨ ਉਸ ਤੋਂ ਅਗਲੇ ਦਿਨ UPS ਬਾਰੇ ਕੇਂਦਰੀ ਵਿਤ ਮੰਤਰੀ ਸ੍ਰੀਮਤੀ ਸੀਥਾਰਮਨ ਦਾ ਲੱਗਿਆ ਹੈ ਜਿਸ ਤੋਂ ਇਸ ਪਿੱਛੇ ਕੰਮ ਕਰਦੀ ਮੋਦੀ ਸਰਕਾਰ ਦੀ ਨੀਤ ਤੇ ਮੰਨਸ਼ਾ ਸਮਝੀ ਜਾ ਸਕਦੀ ਹੈ। ਸੀਥਾਰਮਨ ਨੇ ਕਿਹਾ ਕਿ,``UPS is not a U-turn or rollback, it's a new package" ਮਤਲਬ ਨਾ ਹੀ UPS ਰਾਹੀਂ ਪਿੱਛੇ ਮੁੜੇ ਹਾਂ ਤੇ ਨਾ ਹੀ ਕੋਈ ਮੋੜ ਕੱਟਿਆ ਹੈ,ਅਸੀਂ ਤਾਂ ਕਾਰਪੋਰੇਟੀ- ਸੁਧਾਰਾਂ ਦੀ ਨੀਤੀ ਦੇ ਰਸਤੇ 'ਤੇ ਸਿੱਧੇ ਹੀ ਚੱਲ ਰਹੇ ਹਾਂ। ਉਨ੍ਹਾਂ ਅੱਗੇ ਹੋਰ ਇਹ ਵੀ ਕਿਹਾ ਕਿ "ਪਿੱਛੇ ਮੁੜਨ ਦਾ ਮਤਲਬ ਤਾਂ ਮੁੜ OPS ਨੂੰ ਲਾਗੂ ਕਰਨਾ ਹੁੰਦਾ। ਇਹ ਅਸੀਂ ਕੀਤਾ ਨਹੀਂ। ਅਸੀਂ ਤਾਂ ਫੰ ਨੂੰ ਹੀ ਕੁਝ ਕੁ ਸੰਵਾਰਿਆ ਹੈ..." ਭਾਵ NPS ਦਾ ਹੀ ਮੂੰਹ-ਮੱਥਾ ਸੁਆਰ ਕੇ,ਉਸੇ ਨੂੰ ਹੀ UPS ਦੇ ਇੱਕ 'ਨਵੇਂ ਪੈਕੇਜ' 'ਚ ਪਰੋਸਿਆ ਹੈ।

### ਪੈਨਸ਼ਨ ਰਿਵਿਊ ਕਮੇਟੀ ਪਿਛੋਕੜ ਤੇ ਹਕੀਕਤ

ਪਿਛਲੀਆਂ ਕੁੱਝ ਵਿਧਾਨ ਸਭਾਵਾਂ ਦੀਆਂ ਚੋਣਾਂ 'ਚ ਲੱਗੇ ਕੁੱਝ ਕੁ ਹਲਕੇ ਝਟਕਿਆਂ ਤੋਂ ਤਬਕੀ ਅਤੇ NPS ਨੂੰ ਰੱਦ ਕਰਨ ਤੇ OPS ਬਹਾਲ ਕਰਨ ਦੀ ਮੰਗ ਨੂੰ ਲੈਕੇ ਕੇਂਦਰ-ਰਾਜ ਸਰਕਾਰਾਂ ਦੇ ਲਗਭਗ ਇੱਕ ਕਰੋੜ ਕਰਚਾਰੀਆਂ ਦੇ ਚੱਲ ਰਹੇ ਸੰਘਰਸ਼ ਦੇ ਦਬਾਅ ਹੇਠ ਆਈ ਮੋਦੀ ਸਰਕਾਰ ਨੂੰ, 2024 ਦੀ ਪਾਰਲੀਮੈਂਟ ਚੋਣ-ਰਣਨੀਤੀ ਤਹਿਤ ਹੀ ਇਸ 'ਪੈਨਸ਼ਨ ਰਿਵਿਊ ਕਮੇਟੀ' ਬਣਾਉਣ ਦਾ 'ਕੌੜਾ ਅੱਕ ਚੱਬਣਾ' ਪਿਆ ਸੀ। ਪਰੰਤੂ ਇਸ 'ਰਿਵਿਊ ਕਮੇਟੀ' ਦੀਆਂ ਹਵਾਲਾ ਸ਼ਰਤਾਂ 'ਚ ਇਹ ਦਰਜ ਸੀ ਕਿ ਫੰ ਰਾਹੀਂ ਲਾਗੂ ਕੀਤੇ ਗਏ 'ਪੈਨਸ਼ਨ ਸੁਧਾਰਾਂ' ਦੀ ਸੂਈ ਨੂੰ ਪਿੱਛੇ ਨਹੀਂ ਮੋੜਣਾ। ਮਤਲਬ, ਸੰਸਾਰ ਬੈਂਕ/ ਮੁੱਦਰਾ ਕੋਸ਼/ ਵਿਸ਼ਵ ਵਪਾਰ ਸੰਗਠਨ ਦੀ ਤਿੱਕੜੀ ਵੱਲੋਂ ਨਿਰਦੇਸ਼ਤ ਕਾਰਪੋਰੇਟੀ ਆਰਥਿਕ ਸੁਧਾਰਾਂ ਦੀ ਕੜੀ 'ਚ ਹੀ ਕੀਤੇ ਗਏ, ਬਿਨਾਂ ਫੰਡ ਜਮ੍ਹਾਂ ਕਰਾਏ ਦਿੱਤੀ ਜਾ ਰਹੀ ਗਰੰਟੀਸ਼ੁਦਾ ਪੈਨਸ਼ਨ ਬੰਦ ਕਰਨ ਵਾਲੇ 'ਪੈਨਸ਼ਨ ਸੁਧਾਰਾਂ' ਨੂੰ ਆਂਚ ਨਾ ਆਏ। ਪਾਰਲੀਮੈਂਟ ਦੀਆਂ ਚੋਣਾਂ ਇਸ 'ਪੈਨਸ਼ਨ ਰਿਵਿਊ ਕਮੇਟੀ' ਦੇ ਲਾਰੇ 'ਚ ਹੀ ਲੰਘਾਉਣੀਆਂ ਸਨ। ਇਸ ਸਮੇਂ ਦੌਰਾਨ ਖ਼ੁਦ ਪ੍ਰਧਾਨ ਮੰਤਰੀ ਮੋਦੀ ਤੇ ਉਸ ਦੇ ਵੱਡੇ-ਛੋਟੇ ਅਹਿਲਕਾਰਾਂ ਵੱਲੋਂ OPS ਖਿਲਾਫ਼, ਉਸ ਦੀ ਮੰਗ ਕਰ ਰਹੇ ਕਰਮਚਾਰੀਆਂ ਖ਼ਿਲਾਫ਼ ਅਤੇ ਇਸ ਨੂੰ ਲਾਗੂ ਕਰਨ ਦੀ ਗੱਲ ਕਰਨ ਵਾਲੇ ਰਾਜਾਂ ਦੇ ਖ਼ਿਲਾਫ਼ ਕੂੜ/ਭੰਡੀ ਪ੍ਰਚਾਰ ਦੀ ਪੂਰੀ ਮੁਹਿੰਮ ਚਲਾਈ ਗਈ। OPS ਦੀ ਬਹਾਲੀ ਦਾ ਮਤਲਬ, ਕੇਂਦਰ/ਰਾਜ ਸਰਕਾਰ ਦੇ ਅਰਥਚਾਰੇ ਦਾ ਦਿਵਾਲਾ ਕੱਢਣਾ, ਕੰਮਚੋਰਾਂ (ਮੁਲਾਜ਼ਮਾਂ) ਨੂੰ ਇਨਾਮ ਦੇਣਾ, ਗਰੀਬਾਂ ਤੋਂ ਖੋਹਕੇ ਅਮੀਰਾਂ ਨੂੰ ਦੇਣਾ, ਨਵੀਂ ਪੀੜ੍ਹੀ ਦੇ ਟੈਕਸਾਂ ਨਾਲ ਪੁਰਾਣੀ ਪੀੜ੍ਹੀ ਨੂੰ 'ਸੁਵਿਧਾ' ਦੇਣੀ, 'ਅੰਮ੍ਰਿਤਕਾਲ ਪੀੜ੍ਹੀ ਨਾਲ ਧ੍ਰੋਹ ਕਮਾਉਣਾ, 'ਰੇਵੜੀ ਕਲਚਰ ਨੂੰ ਬੜ੍ਹਾਵਾ ਦੇਣਾ, ਆਤਮਘਾਤੀ ਕਦਮ, ਕੀ-ਕੁੱਝ ਨਹੀਂ ਕਿਹਾ ਗਿਆ! ਤਤਕਾਲੀ ਪ੍ਰਧਾਨ ਮੰਤਰੀ ਮੋਦੀ ਤਾਂ ਇੱਥੋਂ ਤੱਕ ਵੀ ਕਹਿਣ ਤੱਕ ਗਏ OPS ਬਹਾਲੀ ਵਰਗੀ, ਮੁਲਕ ਦੇ ਅਰਥਚਾਰੇ ਨੂੰ ਤਬਾਹ ਕਰਨ ਵਾਲੀ 'Shortcut politics' 'ਚ ਗਲਤਾਨ ਪਾਰਟੀਆਂ, ਟੈਕਸ-ਦਾਤਿਆਂ ਦੀਆਂ ਸਭ ਤੋਂ ਵੱਡੀਆਂ ਦੁਸ਼ਮਣ ਹਨ।''ਪਰੰਤੂ ਇਨ੍ਹਾਂ ਚੋਣਾਂ 'ਚ ਮੋਦੀ ਸਰਕਾਰ ਨੂੰ ਲੱਗੇ ਵੱਡੇ ਝਟਕੇ ਨੇ ਸਗੋਂ ਹੋਰ ਝੰਜੋੜ ਦਿੱਤਾ।ਤੇ ਸਿਰ 'ਤੇ ਖੜ੍ਹੀਆਂ 4-5 ਰਾਜਾਂ ਦੀਆਂ ਚੋਣਾਂ ਦੇ ਮੱਦੇ-ਨਜ਼ਰ, 'ਪੈਨਸ਼ਨ ਰਿਵਿਊ ਕਮੇਟੀ' ਨੂੰ ਮੋਦੀ ਸਰਕਾਰ ਵੱਲੋਂ 'ਫੰ ਤੇ OPS ਦੋਵਾਂ ਦੇ 'ਸੰਤੁਲਨ' ਵਾਲੀ ਰਿਪੋਰਟ ਫੌਰੀ ਜਾਰੀ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ, ਜਿਸਦੇ ਸੋਹਲੇ ਗਾ ਕੇ ਪ੍ਰਚਾਰ ਕੀਤਾ ਜਾ ਸਕੇ ਜਦਕਿ NPS ਦੇ ਹੱਕ 'ਚ ਕਹਿਣ ਨੂੰ ਤਾਂ ਸਰਕਾਰ ਦੇ ਹੱਥ-ਪੱਲੇ ਕੁੱਝ ਵੀ ਨਹੀਂ ਸੀ ਤੇ 0PS ਦੇ ਖ਼ਿਲਾਫ਼ ਕੀਤਾ ਗਿਆ ਪ੍ਰਚਾਰ ਨਿਹਫਲ ਰਿਹਾ ਸੀ। ਇਸ ਸਿਆਸੀ ਮਾਹੌਲ 'ਚ, ਉਕਤ 'ਸੰਤੁਲਨ' ਦੇ ਨਾਂ ਹੇਠ NPS ਤੇ OPS ਦਾ ਇੱਕ ਮਿਲਗੋਭਾ UPS ਤਿਆਰ ਕੀਤਾ ਗਿਆ ਹੈ ਜਿਹੜਾ ਅਜੇ 01ਅਪ੍ਰੈਲ 2025 ਤੋਂ ਲਾਗੂ ਹੋਵੇਗਾ। ਇਸ UPS ਦੇ ਸਭਨਾਂ ਪਹਿਲੂਆਂ 'ਤੇ ਬਰੀਕੀ ਨਾਲ ਵਿਸਥਾਰਤ ਟਿੱਪਣੀ ਉਦੋਂ ਹੀ ਸੰਭਵ ਹੋਵੇਗੀ ਜਦੋਂ 'ਪੈਨਸ਼ਨ ਰਿਵਿਊ ਕਮੇਟੀ' ਦੀ ਰਿਪੋਰਟ ਅਤੇ ਫੰ ਦਾ ਅਧਿਕਾਰਤ ਨੋਟੀਫਿਕੇਸ਼ਨ ਕੇਂਦਰ ਸਰਕਾਰ ਵੱਲੋਂ ਜਾਰੀ ਕੀਤਾ ਜਾਵੇਗਾ ਜਿਹੜਾ ਕਿ ਸ਼ਾਇਦ ਰਾਜਾਂ ਦੀਆਂ ਚੋਣਾਂ ਤੋਂ ਮਗਰੋਂ ਹੀ ਆਵੇ। 'ਪੈਨਸ਼ਨ ਰਿਵਿਊ ਕਮੇਟੀ' ਨੇ ਹੋਰ ਕਿਸ ਕਿਸ ਨਾਲ ਮੀਟਿੰਗ ਕੀਤੀ, ਇਸ ਦੀ ਪੂਰੀ ਜਾਣਕਾਰੀ ਤਾਂ ਇਸ ਕਮੇਟੀ ਦੀ ਰਿਪੋਰਟ ਬਾਹਰ ਆਉਣ 'ਤੇ ਮਿਲੇਗੀ ਪਰ ਮੀਡੀਆ 'ਚ ਲੱਗੀਆਂ ਖ਼ਬਰਾਂ ਮੁਤਾਬਿਕ OPS ਦਾ ਕੱਟੜ ਵਿਰੋਧ ਕਰਨ ਵਾਲੀਆਂ ਸੰਸਥਾਵਾਂ, 'ਸੰਸਾਰ ਬੈਂਕ' ਤੇ ਆਰ.ਬੀ.ਆਈ ਨਾਲ ਵੀ ਮੀਟਿੰਗਾਂ ਕੀਤੀਆਂ ਸੀ।

ਹਾਂ, ਜੋ ਕੁੱਝ ਹੁਣ ਤੱਕ ਸਰਕਾਰੀ ਤੌਰ 'ਤੇ ਦੱਸਿਆ ਗਿਆ ਹੈ ਅਤੇ ਅਖ਼ਬਾਰਾਂ/ ਮੀਡੀਆ ਰਾਹੀਂ ਆ ਰਿਹਾ ਹੈ ਉਸ ਦੇ ਆਧਾਰ 'ਤੇ ਸੰਖੇਪ ਚਰਚਾ/ ਟਿੱਪਣੀ ਕੀਤੀ ਜਾ ਸਕਦੀ ਹੈ। ਇਸ ਦੇ ਦੋ ਪਹਿਲੂ ਬਣਦੇ ਹਨ। ਇੱਕ ਇਹ ਕਿ ਇਹ ਨਵੀਂ ਮਿਲਗੋਭਾ ਪੈਨਸ਼ਨ ਪ੍ਰਣਾਲੀ ਪਹਿਲੀਆਂ ਚੱਲ ਰਹੀਆਂ OPS ਤੇ NPS ਪ੍ਰਣਾਲੀਆਂ ਨਾਲੋਂ ਇਸ ਪੱਖੋਂ ਕਿਵੇਂ ਵੱਖਰੀ ਹੈ ਕਿ ਕਰਮਚਾਰੀ ਨੂੰ ਸੇਵਾ ਮੁਕਤੀ ਮੌਕੇ ਕੀ ਮਿਲੇਗਾ, ਕਿੰਨਾ ਮਿਲੇਗਾ ਤੇ ਕਿਵੇਂ ਮਿਲੇਗਾ। ਕਰਮਚਾਰੀ ਨੂੰ ਉਨ੍ਹਾਂ ਪਹਿਲੀਆਂ ਪ੍ਰਣਾਲੀਆਂ ਨਾਲੋਂ ਕੀ ਨਫ਼ਾ-ਨੁਕਸਾਨ ਹੋਵੇਗਾ।ਇਸ ਦੀ ਗਿਣਤੀ ਮਿਣਤੀ ਮੀਡੀਆ 'ਚ ਇੱਧਰੋਂ-ਉਧਰੋਂ ਆ ਹੀ ਰਹੀ ਹੈ, ਇਸ ਬਾਰੇ ਵੀ ਚਰਚਾ ਕਰਾਂਗੇ ਪਰੰਤੂ ਇਸ ਦਾ ਦੂਜਾ ਪਹਿਲੂ ਵਧੇਰੇ ਅਹਿਮੀਅਤ ਰਖਦਾ ਹੈ ਕਿ ਇਹ ਨਵੀਂ UPS ਪ੍ਰਣਾਲੀ ਦਾ ਸਿਧਾਂਤਕ ਆਧਾਰ ਕੀ ਹੈ ਅਤੇ ਪਹਿਲੀਆਂ OPS ਤੇ NPS ਦਾ ਕੀ ਹੈ।ਇਸ ਪਹਿਲੂ ਤੋਂ ਫੰ ਇਨ੍ਹਾਂ ਦਾ ਮਿਲਗੋਭਾ ਕਿਵੇਂ ਹੈ ਅਤੇ ਕੇਂਦਰ ਸਰਕਾਰ ਇਸ ਤੋਂ ਕਿਵੇਂ ਲਾਹਾ ਖੱਟੇਗੀ ਤੇ ਇਸ ਨੂੰ ਕਿਵੇਂ ਭੁਗਤਾਏਗੀ।

01 ਜਨਵਰੀ, 2004 ਤੋਂ ਪਹਿਲਾਂ ਚੱਲ ਰਹੀ 1972 ਦੇ ਕਾਨੂੰਨ ਵਾਲੀ OPS, ਜਿਸ ਦੀ ਬਹਾਲੀ ਲਈ ਕੇਂਦਰ/ਰਾਜਾਂ ਦੇ ਕਰਮਚਾਰੀ ਸੰਘਰਸ਼ਸ਼ੀਲ ਹਨ,ਦੇ ਦੋ ਮੁੱਖ ਸਿਧਾਂਤਕ ਆਧਾਰ ਹਨ। ਪਹਿਲਾ,ਇਸ ਅੰਦਰ ਸੇਵਾ ਮੁਕਤੀ ਮੌਕੇ ਕਰਮਚਾਰੀ ਨੂੰ ਗਰੰਟੀਸ਼ੁਦਾ(ੳਸਸੁਰਏਦ) ਨਿਸਚਿਤ ਪੈਨਸ਼ਨ ਮਿਲਦੀ ਹੈ।ਦੂਜਾ, ਇਹ ਪ੍ਰਣਾਲੀ ਜਮ੍ਹਾਂ-ਰਹਿਤ (Unfunded/ Uncontributory) ਹੈ, ਕਰਮਚਾਰੀ ਨੂੰ ਆਪਣੀ ਪੈਨਸ਼ਨ ਦੇ ਇਵਜ਼ 'ਚ ਕੋਈ ਪੈਸਾ ਜਮ੍ਹਾਂ ਨਹੀਂ ਕਰਵਾਉਣਾ ਪੈਂਦਾ। ਸਗੋਂ ਜੋ ਪ੍ਰਾਵੀਡੈਂਟ ਫੰਡ (PF) ਕੱਟਿਆ ਜਾਂਦਾ ਹੈ ਉਹ ਸਾਰੇ ਦਾ ਸਾਰਾ ਸੇਵਾ ਮੁਕਤੀ ਮੌਕੇ ਨਿਸਚਿਤ ਵਿਆਜ ਸਮੇਤ ਕਰਮਚਾਰੀ ਨੂੰ ਦਿੱਤਾ ਜਾਂਦਾ ਹੈ।ਉਸ ਦੀ ਲੰਮਾ ਸਮਾਂ ਕੀਤੀ ਸੇਵਾ ਦੇ ਇਵਜ਼ 'ਚ ਸਮਾਜਿਕ ਸੁਰੱਖਿਆ ਵੱਜੋਂ ਸਰਕਾਰ ਇੱਕ ਨਿਸਚਿਤ ਪੈਨਸ਼ਨ ਰਾਸ਼ੀ ਤੇ ਹੋਰ ਰਾਹਤਾਂ ਦੇਣ ਲਈ ਵੀ ਪਾਬੰਦ ਹੈ।

01ਜਨਵਰੀ,2004 ਤੋਂ ਲਾਗੂ NPS ਅੰਦਰ ਇਹ ਦੋਵੇਂ ਸਿਧਾਂਤਕ ਆਧਾਰ ਗਾਇਬ ਹਨ। ਪੈਨਸ਼ਨ ਵੀ ਗਰੰਟੀਸ਼ੁਦਾ ਨਹੀਂ ਹੈ,ਸਗੋਂ ਆਪਣੀ ਪੈਨਸ਼ਨ ਲੈਣ ਲਈ ਆਪਣੀ ਕੁੱਲ ਤਨਖ਼ਾਹ ਦੀ 10 ਫੀ ਸਦੀ ਰਾਸ਼ੀ ਜਮ੍ਹਾਂ ਕਰਵਾਉਣੀ ਪੈਂਦੀ ਹੈ। ਭਾਵ, ਇਹ ਪ੍ਰਣਾਲੀ ਪੂਰੀ ਤਰ੍ਹਾਂ ਜਮ੍ਹਾਂ (Funded/contrbutory) ਪ੍ਰਣਾਲੀ ਹੈ। ਕੁੱਝ ਹਿੱਸਾ ਸਰਕਾਰ ਵੀ ਪਾਉਂਦੀ ਹੈ ਪਰੰਤੂ ਕੁੱਲ ਜਮ੍ਹਾਂ ਰਾਸ਼ੀ ਸ਼ੇਅਰ ਬਾਜ਼ਾਰ 'ਚ ਲੱਗੀ ਹੋਣ ਕਾਰਨ ਬਾਜ਼ਾਰ ਦੇ ਉਤਰਾ-ਚੜ੍ਹਾਅ 'ਤੇ ਨਿਰਭਰ ਹੈ।

### UPS ਮਿਲਗੋਭਾ ਕਿਵੇਂ ਬਣੀ? ਇਸਦਾ ਸਿਧਾਂਤਕ ਆਧਾਰ ਕੀ ਹੈ?

ਮੋਦੀ ਸਰਕਾਰ ਦੀ ਕੀ ਮੰਨਸ਼ਾ ਹੈ ਫੰ ਲਿਆਉਣ ਦੀ,ਇਸਨੂੰ ਸਮਝਣ ਲਈ 'ਪੈਨਸ਼ਨ ਰਿਵਿਊ ਕਮੇਟੀ' ਦੇ ਚੇਅਰਮੈਨ ਟੀ.ਵੀ. ਸੋਮਨਾਥਨ (ਹੁਣ ਕੇਂਦਰੀ ਕੈਬਨਿਟ ਸੈਕਟਰੀ) ਦੇ ਉਸੇ ਦਿਨ ਜਾਰੀ ਕੀਤੇ ਗਏ ਬਿਆਨ ਨੂੰ ਵਾਚਣਾ ਹੀ ਕਾਫ਼ੀ ਹੋਵੇਗਾ ਜਿਸ ਦਿਨ ਕੇਂਦਰੀ ਮੰਤਰੀ ਮੰਡਲ ਵੱਲੋਂ UPS ਦਾ ਐਲਾਨ ਕੀਤਾ ਗਿਆ ਸੀ। ਇਸ ਬਿਆਨ ਦਾ ਸਾਰ ਤੱਤ ਇਹ ਬਣਦਾ ਹੈ ਕਿ ਕਾਰਪੋਰੇਟੀ 'ਪੈਨਸ਼ਨ ਸੁਧਾਰਾਂ' ਤਹਿਤ NPS ਰਾਹੀਂ ਕੀਤੀ ਗਈ ਤਬਦੀਲੀ ਦੇ ਮੂਲ ਲੱਛਣ (ਜੋ ਸਰਕਾਰ ਲਈ ਹੀ ਉੱਤਮ ਹਨ) UPS ਅੰਦਰ ਵੀ ਹਨ,ਇਹ ਪੂਰੀ ਤਰ੍ਹਾਂ ਚੋਨਟਰਬਿਟਏਰੇ ਤੇ ੁਨਦਏਦ ਹੈ। ਸਰਕਾਰ ਕਰਮਚਾਰੀਆਂ ਨੂੰ ਜੋ ਗਰੰਟੀਸ਼ੁਦਾ ਨਿਸ਼ਚਿਤ ਪੈਨਸ਼ਨ(ਜੋ ਕਰਮਚਾਰੀ ਲਈ ਉੱਤਮ ਹੈ) UPS ਤਹਿਤ ਦੇਵੇਗੀ, ਉਹ ਕਰਮਚਾਰੀਆਂ ਦੀ ਆਪਣੀ ਤਨਖ਼ਾਹ ਦੇ 10 % ਅੰਸ਼ਦਾਨ ਵਿੱਚੋਂ ਹੀ ਦੇਵੇਗੀ, ਆਪਣੇ ਪੱਲਿਉਂ ਨਹੀਂ। ਸਰਕਾਰ ਵੱਲੋਂ ਪਾਏ 14% ਜਾਂ 18% ਅੰਸ਼ਦਾਨ ਦਾ, ਮਿਲਣ ਵਾਲੀ ਨਿਸਚਿਤ ਪੈਨਸ਼ਨ ਨਾਲ ਕੋਈ ਲੈਣਾ-ਦੇਣਾ ਨਹੀਂ ਬਣਦਾ।ਸਗੋਂ NPS 'ਚ ਸੇਵਾ ਮੁਕਤੀ ਦੇ ਮੌਕੇ ਬਣਦਾ ਭੁਗਤਾਨ ਕੀਤਾ ਜਾਂਦਾ ਹੈ। ਜਿੱਥੋਂ ਤੱਕ UPS ਤਹਿਤ, ਗ੍ਰੈਚੂਟੀ, ਪਰਿਵਾਰਕ ਪੈਨਸ਼ਨ ਦੇਣ ਦਾ ਸੁਆਲ ਹੈ, ਇਹ ਰਾਹਤਾਂ ਭਾਵੇਂ ਫੰ ਦੇ ਮੁਢਲੇ ਕਾਨੂੰਨ 'ਚ ਦਰਜ ਨਹੀਂ ਸਨ ਪਰੰਤੂ ਕਰਮਚਾਰੀਆਂ ਦੇ ਸੰਘਰਸ਼ ਦੇ ਦਬਾਅ ਸਦਕਾ ਕਾਨੂੰਨ ਦੀ ਸੋਧ ਰਾਹੀਂ ਪਹਿਲਾਂ ਹੀ NPS ਵਾਲੇ ਕਰਮਚਾਰੀਆਂ 'ਤੇ ਲਾਗੂ ਹੋ ਚੁੱਕੀਆਂ ਹਨ। ਕਰਮਚਾਰੀ ਲਈ ਉੱਤਮ, OPS ਅੰਦਰ ਮਹਿੰਗਾਈ ਰਾਹਤ ਤੋਂ ਬਿਨਾਂ, ਬੁਢਾਪਾ ਭੱਤਾ, ਐਲ ਟੀ.ਸੀ, ਮੈਡੀਕਲ ਭੱਤਾ, ਪੈਨਸ਼ਨ ਕਮਿਊਟੇਸ਼ਨ ਅਤੇ ਸੇਵਾ ਨਿਭਾਅ ਰਹੇ ਕਰਮਚਾਰੀਆਂ ਵਾਂਗ ਪੈਨਸ਼ਨ 'ਰੀਵੀਜ਼ਨ' ਵਰਗੀਆਂ ਰਾਹਤਾਂ/ਸਹੂਲਤਾਂ ਵੀ ਹਨ ਜਿਨ੍ਹਾਂ ਬਾਰੇ UPS ਦੇ ਕੀਤੇ ਐਲਾਨ 'ਚ ਮੋਦੀ ਸਰਕਾਰ ਚੁੱਪ ਹੈ। ਜਿੱਥੋਂ ਤੱਕ ਫੰ ਅੰਦਰ ਗ੍ਰੈਚੂਟੀ ਤੋਂ ਇਲਾਵਾ, ਸੇਵਾ-ਮੁਕਤੀ ਮੌਕੇ ਉੱਕੀ-ਪੁੱਕੀ ਹਾਸ਼ੀ ਦੇਣ ਦੀ ਜੋ ਗੱਲ ਕੀਤੀ ਗਈ ਹੈ ਉਹ ਨਿਰੋਲ ਅੱਖਾਂ ਪੂੰਝਣ ਵਾਲੀ ਹੀ ਹੈ। ਦਿੱਤੇ ਗਏ ਫਾਰਮੂਲੇ ਮੁਤਾਬਿਕ 30 ਸਾਲ ਦੀ ਕੁੱਲ ਸਰਵਿਸ ਵਾਲੇ ਕਰਮਚਾਰੀ ਨੂੰ ਆਪਣੀ ਤਨਖ਼ਾਹ 'ਚੋਂ 360 ਮਹੀਨਿਆਂ ਦੇ ਪਾਏ ਅੰਸ਼ਦਾਨ ਵਿੱਚੋਂ ਸਿਰਫ਼ 6 ਮਹੀਨਿਆਂ ਦੀ ਤਨਖ਼ਾਹ ਰਾਸ਼ੀ ਹੀ ।

### ਸੰਸਾਰ ਬੈਂਕ-ਮੁਦਰਾ ਕੋਸ਼ ਕੋਰ ਨੀਤੀ ਏਜੰਡਾ

ਸਪੱਸ਼ਟ ਹੀ ਹੈ ਕਿ ਮੋਦੀ ਸਰਕਾਰ ਵੱਲੋਂ, 'ਪੈਨਸ਼ਨ ਰਿਵਿਊ ਕਮੇਟੀ' ਦੀ ਰਿਪੋਰਟ ਦੇ ਨਾਂ ਹੇਠ UPS ਰਾਹੀਂ, ਸਾਮਰਾਜੀ ਵਿਤੀ ਸੰਸਥਾਵਾਂ ਦੀ ਤਿੱਕੜੀ ਵੱਲੋਂ ਨਿਰਦੇਸ਼ਤ 'ਕਾਰਪੋਰੇਟੀ ਕੋਰ ਏਜੰਡੇ' ਨੂੰ ਆਂਚ ਨਹੀਂ ਆਉਣ ਦਿੱਤੀ। ਕਲਿਆਣਕਾਰੀ ਰਾਜ ਦੇ ਸੰਕਲਪ ਤੋਂ ਕਿਨਾਰਾ ਕਰ ਲਿਆ ਹੈ। ਇਸ ਸੰਦਰਭ 'ਚ ਚੇਤੇ ਰਹੇ ਕਿ ਜਦ ਸਾਲ 2001'ਚ, ਕੇਂਦਰ ਦੀ ਵਾਜਪਾਈ ਦੀ ਅਗਵਾਈ ਵਾਲੀ ਬੀਜੇਪੀ ਸਰਕਾਰ ਸਮੇਂ ਪਾਰਲੀਮੈਂਟ ਦੇ ਬਜਟ ਸੈਸ਼ਨ ਦੌਰਾਨ ਤਤਕਾਲੀ ਵਿਤ ਮੰਤਰੀ ਯਸ਼ਵੰਤ ਸਿਨਹਾ ਵੱਲੋਂ 'ਨਵੇਂ ਪੈਨਸ਼ਨ ਪ੍ਰੋਗਰਾਮ' ਦਾ ਐਲਾਨ ਕੀਤਾ ਸੀ (ਜੋ ਕਿ 01,2004 ਤੋਂ ਟੂਛਦੇ ਨਾਂ ਹੇਠ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਸਮੇਂ ਲਾਗੂ ਹੋਇਆ), ਉਸੇ ਸਮੇਂ ਹੀ 'ਕੌਮਾਂਤਰੀ ਮੁੱਦਰਾ ਕੋਸ਼' ਵੱਲੋਂ ਇੱਕ ਦਸਤਾਵੇਜ਼ ਜਾਰੀ ਕੀਤਾ ਗਿਆ ਸੀ ਜਿਸ ਅੰਦਰ ਭਾਰਤ ਸਰਕਾਰ ਨੂੰ, ਨਿਸਚਿਤ ਲਾਭ (Defined Benefit) ਵਾਲੀ ਪ੍ਰਣਾਲੀ ਸੰਬੰਧੀ ਸੁਝਾਅ ਰੂਪੀ ਇਹ ਹਦਾਇਤ ਦਰਜ ਸੀ ਕਿ "ਇਨ੍ਹਾਂ ਪ੍ਰੋਗਰਾਮਾਂ/ਸਕੀਮਾਂ ਅੰਦਰ ਸਰਕਾਰ ਦੋ ਭੂਮਿਕਾਵਾਂ ਨਿਭਾਉਂਦੀ ਹੈ,ਇੱਕ 'ਨਿਯੁਕਤੀ ਕਰਤਾ' ਦੀ ਅਤੇ ਦੂਜੀ 'ਲਾਭ/ਅਦਾਇਗੀ ਗਰੰਟੀ ਕਰਤਾ' ਦੀ।

ਇਸ ਸੰਦਰਭ 'ਚ ਸਰਕਾਰ ਦੇ ਸਮਾਜਿਕ ਤੇ ਰਾਜਨੀਤਕ ਉਦੇਸ਼, ਉਸਦੇ ਵਿਤੀ ਉਦੇਸ਼ਾਂ ਨਾਲ ਅਕਸਰ ਹੀ ਟਕਰਾਅ ਵਿੱਚ ਆ ਜਾਂਦੇ ਹਨ। ਜਿਸ ਨਾਲ 'ਨਿਸਚਿਤ ਲਾਭ' ਵਾਲੀ ਪੈਨਸ਼ਨ ਯੋਜਨਾ ਨੂੰ ਜਾਰੀ ਰੱਖਣਾ ਇੱਕ ਜੋਖ਼ਮ ਭਰਿਆ ਕਾਰਜ ਬਣ ਜਾਂਦਾ ਹੈ।"ਜਿਸ ਦਾ ਸਿੱਧਾ ਮਤਲਬ ਇਹ ਬਣਦਾ ਹੈ ਕਿ ਜੇ ਸੇਵਾ ਮੁਕਤੀ ਮੌਕੇ 'ਨਿਸਚਿਤ ਲਾਭ (Defined benefit) ਵਾਲੀ ਪੈਨਸ਼ਨ ਦੇਣੀ ਹੈ ਤਾਂ 'ਨਿਸਚਿਤ ਅੰਸ਼ਦਾਨ (Defined contribution) ਤੋਂ ਬਿਨਾਂ ਨਹੀਂ ਦੇਣੀ ਬਣਦੀ। ਤੇ UPS ਦਾ 'ਨਵਾਂ ਪੈਕੇਜ' ਇਹੋ ਹੀ ਹੈ ਜਿਸ ਦੇ ਸੋਹਲੇ ਖੁਦ ਪ੍ਰਧਾਨ ਮੰਤਰੀ ਮੋਦੀ ਵੱਲੋਂ, 'ਕਰਮਚਾਰੀਆਂ ਦੀ ਧਗਿਨਟਿ ਦੇ ਨਾਂ 'ਤੇ, ਗਾਉਣ ਦਾ ਮੁੱਢ ਬੰਨ੍ਹ ਦਿੱਤਾ ਹੈ।

-ਮੋਬਾ: 9814535005

# ਧਾਰਮਿਕ ਆਯੋਜਨ ਜਾਂ ਨਫ਼ਰਤ ਦੀ ਸਿਆਸਤ ਦੇ ਮੰਚ?

***ਭਾਜਪਾ ਦੇ ਲਗਾਤਾਰ ਤੀਜੀ ਵਾਰ ਮੁਲਕ ਦੀ ਸੱਤਾ 'ਚ ਆਉਣ ਨਾਲ ਘੱਟ-ਗਿਣਤੀਆਂ ਦਾ ਭਵਿੱਖ ਹੋਰ ਜ਼ਿਆਦਾ ਅਨਿਸ਼ਚਿਤ ਹੋ ਗਿਆ ਹੈ। ਸੱਤਾਧਾਰੀ ਧਿਰ ਦੀ ਰਾਜਨੀਤੀ ਮੁਸਲਿਮ ਵਿਰੋਧੀ ਨਫ਼ਰਤ ਅਤੇ ਹਿੰਸਾ ਦੁਆਲੇ ਘੁੰਮਦੀ ਦੇਖੀ ਜਾ ਸਕਦੀ ਹੈ। ਇਸੇ ਤਰ੍ਹਾਂ ਦੀ ਇਕ ਨਫ਼ਰਤ ਫੈਲਾਉਣ ਵਾਲੀ ਮੁਹਿੰਮ ਪਿਛਲੇ ਦਿਨੀਂ ਦੇਖਣ 'ਚ ਆਈ। ਅਜਿਹੀ ਨਫ਼ਰਤ ਦੇ ਪ੍ਰਚਾਰ ਸਮੇਂ ਭਾਰਤ ਦੀ ਪੁਲਿਸ ਤੇ ਪ੍ਰਸ਼ਾਸਨ ਬੇਹਰਕਤ ਨਜ਼ਰ ਆਉਂਦੇ ਹਨ। ਇਨ੍ਹਾਂ ਵੱਖ-ਵੱਖ ਪਰਤਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। - ਸੰਪਾਦਕ***

2024 'ਚ ਸੰਘ ਬਰਗੇਡ ਦੇ ਤੀਜੀ ਵਾਰ ਸੱਤਾ ਵਿਚ ਆਉਣ 'ਚ ਫਿਰਕੂ ਪਾਲਾਬੰਦੀ ਦੀ ਸਿਆਸਤ ਵੱਲੋਂ ਖ਼ਾਸ ਭੂਮਿਕਾ ਨਿਭਾਉਣਾ ਜੱਗ ਜ਼ਾਹਿਰ ਹਕੀਕਤ ਹੈ। ਦਸ ਸਾਲਾਂ 'ਚ ਭਗਵਾਂ ਹਕੂਮਤ ਦੀਆਂ ਖੁੱਲ੍ਹੇਆਮ ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਦੇ ਬਾਵਜੂਦ ਭਾਜਪਾ ਦੇ ਚਾਣਕਿਆ ਹਿੰਦੂਆਂ ਨੂੰ ਧਰਮ ਦੇ ਨਾਮ 'ਤੇ ਵਰਗਲਾਉਣ ਅਤੇ ਅਵਾਮ ਦੀ ਵਧ ਰਹੀ ਆਰਥਿਕ ਬਦਹਾਲੀ ਅਤੇ ਨਾਬਰਾਬਰੀ ਤੋਂ ਧਿਆਨ ਹਟਾਉਣ 'ਚ ਕਾਮਯਾਬ ਹੋ ਗਏ। ਪਹਿਲਾਂ ਜਿੰਨੀਆਂ ਬਹੁਗਿਣਤੀ ਸੀਟਾਂ ਨਾ ਜਿੱਤ ਸਕਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਸੀ ਕਿ ਇਸ ਵਾਰ ਮੋਦੀ-ਅਮਿਤ ਸ਼ਾਹ ਵਜ਼ਾਰਤ ਲੋਕ ਸਭਾ 'ਚ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਅੱਗੇ ਵਧਾਉਣ ਦੀ ਦਿਸ਼ਾ 'ਚ ਪਹਿਲਾਂ ਵਰਗੇ ਧੱਕੜ

ਬੂਟਾ ਸਿੰਘ ਮਹਿਮੂਦਪੁਰ

ਫ਼ੈਸਲੇ ਨਹੀਂ ਲੈ ਸਕੇਗੀ। ਇਹ ਰਾਜਨੀਤਕ ਜਾਇਜ਼ਾ ਗ਼ਲਤ ਸਿੱਧ ਹੋਇਆ ਕਿਉਂਕਿ ਆਰਐੱਸਐੱਸ-ਭਾਜਪਾ ਆਪਣੇ ਹਿੰਦੂ ਰਾਸ਼ਟਰ ਦੇ ਰਾਜਨੀਤਕ ਪ੍ਰੋਜੈਕਟ ਨੂੰ ਅੱਗੇ ਵਧਾਉਣ ਤੋਂ ਭੋਰਾ ਵੀ ਪਿੱਛੇ ਨਹੀਂ ਹਟੇ ਹਨ। ਆਪਣੀ ਜਕੜ ਨੂੰ ਹੋਰ ਮਜ਼ਬੂਤ ਕਰਨ ਲਈ ਸੰਘ ਦੇ ਵੱਖ-ਵੱਖ ਵਿੰਗ ਹੋਰ ਵੀ ਤੇਜ਼ੀ ਨਾਲ ਨਫ਼ਰਤ ਫੈਲਾਉਂਦੇ ਦੇਖੇ ਜਾ ਸਕਦੇ ਹਨ। ਇਸੇ ਦੀ ਕੜੀ ਵਜੋਂ, ਦਸੰਬਰ 2024 'ਚ ਵਿਸ਼ਵ ਹਿੰਦੂ ਪਰਿਸ਼ਦ ਅਤੇ ਬਜਰੰਗ ਦਲ ਵੱਲੋਂ ਪੂਰੇ ਭਾਰਤ ਵਿਚ 'ਸ਼ੌਰੀਆ ਦਿਵਸ' ਯਾਤਰਾਵਾਂ ਜਥੇਬੰਦ ਕੀਤੀਆਂ ਗਈਆਂ। ਬਿਹਾਰ, ਹਰਿਆਣਾ, ਓੜੀਸਾ, ਅਸਾਮ, ਗੋਆ, ਰਾਜਸਥਾਨ ਅਤੇ ਮਹਾਰਾਸ਼ਟਰ 'ਚ ਅਜਿਹੀ ਇਕ-ਇਕ ਯਾਤਰਾ ਆਯੋਜਤ ਕੀਤੀ ਗਈ ਜਦਕਿ ਮੱਧ ਪ੍ਰਦੇਸ਼ 'ਚ ਛੇ, ਉਤਰਾਖੰਡ 'ਚ ਤਿੰਨ ਅਤੇ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਨੌਂ ਸ਼ੌਰੀਆ ਯਾਤਰਾਵਾਂ ਕੱਢੀਆਂ ਗਈਆਂ।

ਫਿਰਕੂ ਸਦਭਾਵਨਾ ਲਈ ਸਰਗਰਮ ਕਾਰਕੁਨਾਂ ਦੇ ਗਰੁੱਪ 'ਸਬਰੰਗ ਇੰਡੀਆ' ਨੇ ਇਨ੍ਹਾਂ ਯਾਤਰਾਵਾਂ ਦੇ ਵੇਰਵੇ ਇਕੱਠੇ ਕਰ ਕੇ ਜੋ ਰਿਪੋਰਟ ਤਿਆਰ ਕੀਤੀ ਹੈ ਉਸ ਉੱਪਰ ਸਰਸਰੀ ਨਜ਼ਰ ਮਾਰਿਆਂ ਸਾਫ਼ ਪਤਾ ਲੱਗਦਾ ਹੈ ਕਿ ਇਹ ਯਾਤਰਾਵਾਂ ਧਾਰਮਿਕ ਫਿਰਕਿਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਹਿੰਦੂਆਂ ਦਰਮਿਆਨ ਬੇਵਿਸ਼ਵਾਸੀ ਪੈਦਾ ਕਰ ਕੇ ਟਕਰਾਅ ਖੜ੍ਹੇ ਕਰਨ, ਸਦੀਆਂ ਤੋਂ ਚਲੀ ਆ ਰਹੀ ਫਿਰਕੂ ਸਦਭਾਵਨਾ ਨੂੰ ਸੱਟ ਮਾਰ ਕੇ ਫਿਰਕੂ ਵੈਰ ਪਵਾਉਣ ਅਤੇ ਮੁਸਲਮਾਨਾਂ ਦੀ ਵਤਨਪ੍ਰਸਤੀ ਉੱਪਰ ਸ਼ੱਕ ਖੜ੍ਹੇ ਕਰ ਕੇ ਉਨ੍ਹਾਂ ਨੂੰ ਬਹੁਗਿਣਤੀ ਨਾਲੋਂ ਅਲੱਗ-ਥਲੱਗ ਕਰਨ ਵੱਲ ਸੇਧਤ ਸਨ। ਅਜਿਹੇ ਆਯੋਜਨਾਂ ਰਾਹੀਂ ਇਤਿਹਾਸਕ ਘਟਨਾਵਾਂ ਨੂੰ ਤੋੜ-ਮਰੋੜ ਕੇ ਇਕ ਖ਼ਾਸ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਮੁਸਲਮਾਨ ਤਾਂ ਬੇਹੱਦ ਧੋਖੇਬਾਜ਼, ਦੇਸ਼ਧ੍ਰੋਹੀ, ਜਮਾਂਦਰੂ ਤੌਰ 'ਤੇ ਹਿੰਸਕ, ਸਾਜ਼ਿਸ਼ੀ ਅਤੇ ਸ਼ੈਤਾਨ ਧਾਰਮਿਕ ਫਿਰਕਾ ਹੈ ਜਿਸ ਉੱਪਰ ਬਿਲਕੁਲ ਯਕੀਨ ਨਹੀਂ ਕੀਤਾ ਜਾ ਸਕਦਾ। ਕਿ ਹਿੰਦੂ ਸ਼ਾਂਤ ਸੁਭਾਅ ਦੇ, ਦੇਸ਼ਪ੍ਰੇਮੀ ਅਤੇ ਨਿਰਛਲ ਹਨ। ਕਿ ਸਾਰੇ ਪੁਆੜੇ ਦੀ ਜੜ੍ਹ ਮੁਸਲਮਾਨ ਹਨ ਅਤੇ ਹਿੰਦੂਆਂ ਨੂੰ ਉਨ੍ਹਾਂ ਦੀਆਂ ਸਾਜ਼ਿਸ਼ਾਂ ਤੋਂ ਚੁਕੰਨੇ ਰਹਿਣਾ ਚਾਹੀਦਾ ਹੈ।

ਇਸ ਬਿਰਤਾਂਤ ਨੂੰ ਹਿੰਦੂ ਫਿਰਕੇ ਦੇ ਮਨਾਂ 'ਚ ਕੁੱਟ-ਕੁੱਟ ਕੇ ਭਰਨ ਲਈ ਵੱਖ-ਵੱਖ ਥਾਵਾਂ ਉੱਪਰ ਮੁਸਲਮਾਨਾਂ ਦੇ ਖ਼ਿਲਾਫ਼ ਲਗਭਗ ਇੱਕੋ ਤਰਜ਼ ਦਾ ਹਿੰਸਕ ਅਤੇ ਫਿਰਕੂ ਪ੍ਰਚਾਰ ਯਾਤਰਾ ਮੁਹਿੰਮ ਦੀ ਖ਼ਾਸੀਅਤ ਰਿਹਾ। ਬਾਬਰੀ ਮਸਜਿਦ ਨੂੰ ਤੋੜਨ ਦੇ ਸ਼ਰਮਨਾਕ ਕਾਂਡ ਨੂੰ ਹਿੰਦੂਆਂ ਦੀ 'ਬਹਾਦਰੀ' ਦੀ ਮਿਸਾਲ ਬਣਾ ਕੇ ਗੁਣਗਾਣ ਕੀਤਾ ਗਿਆ। ਭਾਸ਼ਣ ਸਿਰਫ਼ ਇਸ ਗੁਣਗਾਣ ਤੱਕ ਸੀਮਤ ਨਹੀਂ ਸਨ, ਇਹ ਐਲਾਨ ਵੀ ਦੁਹਰਾਏ ਗਏ ਕਿ ਇਹ ਤਾਂ ਸਿਰਫ਼ 'ਝਾਂਕੀ' ਹੈ, ਮਥੁਰਾ, ਕਾਸ਼ੀ ਆਦਿ ਅਜੇ ਬਾਕੀ ਹਨ। ਮੰਦਸੌਰ, ਇੰਦੌਰ ਅਤੇ ਸੀਤਾਮਊ ਵਰਗੇ ਸ਼ਹਿਰਾਂ 'ਚ ਕੀਤੇ ਇਕੱਠਾਂ 'ਚ ਸ਼ਾਮਲ ਹਜੂਮ ਨੇ ਬਾਬਰੀ ਮਸਜਿਦ ਨੂੰ ਤੋੜਨ ਦੀ ਜੈ-ਜੈਕਾਰ ਕੀਤੀ ਅਤੇ ਕਾਸ਼ੀ ਤੇ ਮਥੁਰਾ ਦੀਆਂ ਮਸਜਿਦਾਂ ਵਰਗੇ ਹੋਰ ਧਾਰਮਿਕ ਸਥਾਨਾਂ ਉੱਪਰ ਵੀ ਇਸੇ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਦੇ ਸੱਦੇ ਦਿੱਤੇ। ਇਸ ਬਿਰਤਾਂਤ ਅਨੁਸਾਰ ਬਾਬਰੀ ਮਸਜਿਦ ਤੋੜਨ ਦਾ ਮੁਜਰਮਾਨਾ ਕਾਰਾ ਧਾਰਮਿਕ ਕਾਰਜ ਹੈ ਅਤੇ ਹਿੰਦੂਆਂ ਨੇ ਅਜਿਹਾ ਕਰਕੇ ਆਪਣਾ ਖੁੱਸਿਆ ਗੌਰਵ ਮੁੜ ਹਾਸਲ ਕੀਤਾ ਹੈ।

ਭਾਸ਼ਣਾਂ 'ਚ ਕਿਹਾ ਗਿਆ ਕਿ ਮੁਸਲਮਾਨ ਹਿੰਦੂ ਫਿਰਕੇ ਦੀ ਹੋਂਦ ਲਈ ਖਤਰਾ ਹਨ ਕਿਉਂਕਿ ਉਹ 'ਲਵ ਜਹਾਦ', 'ਭੂਮੀ ਜਹਾਦ', 'ਖੇਲ ਜਹਾਦ' ਆਦਿ ਵੀ ਵੱਡੀ ਸਾਜ਼ਿਸ਼ 'ਚ ਲੱਗੇ ਹੋਏ ਹਨ। ਹਿੰਦੂਤਵੀ ਬੁਲਾਰਿਆਂ ਨੇ ਮੁਸਲਮਾਨਾਂ ਨੂੰ ਹਮਲਾਵਰਾਂ ਦੇ ਰੂਪ 'ਚ ਪੇਸ਼ ਕੀਤਾ ਅਤੇ ਉਨ੍ਹਾਂ ਪ੍ਰਤੀ 'ਸਲੀਪਰ ਸੈੱਲ', 'ਜਹਾਦੀ ਆਬਾਦੀ' ਜਾਂ 'ਆਤੰਕਵਾਦੀ' ਵਰਗੇ ਸ਼ਬਦ ਵਰਤ ਕੇ ਉਨ੍ਹਾਂ ਨੂੰ ਦੇਸ਼ਧ੍ਰੋਹੀ ਤਾਕਤ ਬਣਾ ਕੇ ਪੇਸ਼ ਕੀਤਾ ਗਿਆ। ਕੁਝ ਥਾਵਾਂ 'ਤੇ ਤਾਂ ਭਾਸ਼ਣ ਦੇਣ ਵਾਲਿਆਂ ਵੱਲੋਂ ਭਾਰਤ 'ਚੋਂ ਮੁਸਲਮਾਨਾਂ ਨੂੰ ਕੱਢਣ ਲਈ ਹਿੰਸਕ ਸੱਦੇ ਵੀ ਦਿੱਤੇ ਗਏ। ਕਈ ਬੁਲਾਰਿਆਂ ਨੇ ਹਿੰਦੂਆਂ ਨੂੰ ਸ਼ਰੇਆਮ ਹਿੰਸਾ ਲਈ ਉਕਸਾਇਆ ਅਤੇ ਹਿੰਦੂਆਂ ਨੂੰ ਹਥਿਆਰ ਚੁੱਕਣ ਅਤੇ ਕਥਿਤ ਮੁਸਲਮਾਨ ਖ਼ਤਰੇ ਵਿਰੁੱਧ ਧਰਮ ਦੀ ਰੱਖਿਆ ਕਰਨ ਦੇ ਸੱਦੇ ਦਿੱਤੇ। ਰੈਲੀਆਂ 'ਚ ਬੁਲਾਰੇ ਸ਼ਰੇਆਮ ਹਿੰਸਾ ਨੂੰ ਪ੍ਰੋਮੋਟ ਕਰਦੇ ਅਤੇ ਸ਼ਾਮਲ ਹਜੂਮ ਤਲਵਾਰਾਂ, ਤ੍ਰਿਸ਼ੂਲ ਅਤੇ ਹੋਰ ਹਥਿਆਰ ਲਹਿਰਾਉਂਦੇ ਦੇਖੇ ਗਏ। ਗੋਆ ਦੇ ਕਰਚੇਰੇਮ ਅਤੇ ਉੱਤਰ ਪ੍ਰਦੇਸ਼ ਦੇ ਮਥੁਰਾ ਵਿਚ ਬੁਲਾਰਿਆਂ ਨੇ ਮੁਸਲਮਾਨਾਂ ਵਿਰੁੱਧ ਹਿੰਸਕ ਬਦਲਾ ਲੈਣ ਦੇ ਸੱਦੇ ਦਿੱਤੇ ਜਦਕਿ ਉਤਰਾਖੰਡ ਦੇ ਰੁਦਰਪੁਰ 'ਚ ਇਕ ਆਗੂ ਨੇ ਮੁਸਲਮਾਨ ਬਹੁਗਿਣਤੀ ਖੇਤਰਾਂ ਨੂੰ 'ਸਲੀਪਰ ਸੈੱਲ' ਦੱਸਿਆ ਜਿਨ੍ਹਾਂ ਨੂੰ ਖਤਮ ਕਰਨਾ ਹੀ ਹਿੰਦੂਆਂ ਦੇ ਹਿਤ 'ਚ ਹੈ। ਧਾਮਪੁਰ ਅਤੇ ਸੀਤਾਪੁਰ ਦੇ ਇਕੱਠਾਂ 'ਚ ਮੁਸਲਮਾਨਾਂ ਦਾ ਕਤਲੇਆਮ ਕਰਨ ਦੇ ਸੱਦੇ ਦਿੱਤੇ ਗਏ। ਇਹ ਸਭ ਹਿੰਦੂ ਭਾਈਚਾਰੇ ਦੀ ਇਹ ਸੋਚ ਬਣਾਉਣ ਲਈ ਹੈ ਕਿ ਮੁਸਲਮਾਨਾਂ, ਈਸਾਈਆਂ ਵਿਰੁੱਧ ਧਰਮ ਦੇ ਨਾਮ 'ਤੇ ਹਿੰਸਾ ਜਾਇਜ਼ ਹੈ ਕਿਉਂਕਿ ਇਹ ਹਿੰਦੂ ਧਰਮ ਦੀ ਰੱਖਿਆ ਲਈ ਹੈ।

ਮੁਸਲਮਾਨ ਵਿਰੋਧੀ ਭਾਸ਼ਣਾਂ 'ਚ ਇਕ ਉੱਘੜਵੀਂ ਚੀਜ਼ ਸਾਜ਼ਿਸ਼ ਸਿਧਾਂਤਾਂ ਦਾ ਪ੍ਰਚਾਰ ਹੈ। ਸੰਘੀ ਆਗੂ 'ਲਵ ਜਹਾਦ' ਦੇ ਝੂਠੇ ਬਿਰਤਾਂਤ ਰਾਹੀਂ ਇਹ ਦਾਅਵਾ ਕਰਦੇ ਹਨ ਕਿ ਮੁਸਲਮਾਨ ਮਰਦ ਗਿਣ-ਮਿੱਥ ਕੇ ਹਿੰਦੂ ਔਰਤਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਬਜਰੰਗ ਦਲ, ਵਿਸ਼ਵ ਹਿੰਦੂ ਪਰਿਸ਼ਦ ਆਦਿ ਦੇ ਕਾਰਕੁਨ ਇਸ ਬਹਾਨੇ ਮੁਸਲਮਾਨ ਨੌਜਵਾਨਾਂ ਦੀ ਕੁੱਟ-ਮਾਰ ਕਰਦੇ ਅਤੇ ਇਕੱਠੇ ਘੁੰਮਦੇ ਮੁੰਡੇ-ਕੁੜੀਆਂ ਨੂੰ ਪ੍ਰੇਸ਼ਾਨ ਕਰਦੇ ਵੀ ਦੇਖੇ ਜਾ ਸਕਦੇ ਹਨ। ਕੁਝ ਭਾਜਪਾ ਸਰਕਾਰਾਂ ਨੇ ਤਾਂ 'ਲਵ ਜਹਾਦ' ਨਾਲ ਨਜਿੱਠਣ ਲਈ ਪੁਲਿਸ ਦੇ 'ਰੋਮੀਓ ਸੁਕਐਡ' ਵੀ ਬਣਾਏ ਹੋਏ ਹਨ। ਇਹ ਡਰ ਵੀ ਲਗਾਤਾਰ ਫੈਲਾਇਆ ਜਾ ਰਿਹਾ ਹੈ ਕਿ ਮੁਸਲਮਾਨ ਮੁਲਕ ਦੀ 'ਵਸੋਂ ਬਣਤਰ ਬਦਲਣ' ਦੀ ਸਾਜ਼ਿਸ਼ ਤਹਿਤ ਵੱਧ ਬੱਚੇ ਜੰਮ ਰਹੇ ਹਨ ਅਤੇ ਇਸ ਨਾਲ ਹਿੰਦੂਆਂ ਦਾ ਭਵਿੱਖ ਖ਼ਤਰੇ 'ਚ ਹੈ। ਇਹ ਵੀ ਕਿ ਜੇ ਹਿੰਦੂਆਂ ਨੇ ਵੱਧ ਬੱਚੇ ਜੰਮ ਕੇ ਇਸ ਨੂੰ ਨਾ ਰੋਕਿਆ ਤਾਂ ਮੁਸਲਮਾਨ ਹਿੰਦੂਆਂ ਨਾਲੋਂ ਆਪਣੀ ਵਸੋਂ ਵਧਾ ਕੇ ਭਾਰਤ ਦੇ ਰਾਜ-ਭਾਗ ਉੱਪਰ ਕਾਬਜ਼ ਹੋ ਜਾਣਗੇ। ਇਹ ਸਿੱਧੇ ਤੌਰ 'ਤੇ ਹਿੰਦੂਆਂ 'ਚ ਡਰ ਅਤੇ ਸ਼ੱਕ ਪੈਦਾ ਕਰਕੇ ਬੇਵਿਸ਼ਵਾਸੀ ਅਤੇ ਦੁਸ਼ਮਣੀ ਪੈਦਾ ਕਰਨ ਦੀ ਕੋਸ਼ਿਸ਼ ਹੈ।

ਲੰਮੇ ਸਮੇਂ ਤੋਂ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਹਿੰਦੂਆਂ ਨੂੰ ਇਹ ਜਚਾਉਣ ਦੀ ਮੁਹਿੰਮ ਚਲਾ ਰਹੀਆਂ ਹਨ ਕਿ ਦੋਨੋਂ ਫਿਰਕੇ ਮੌਲਿਕ ਰੂਪ 'ਚ ਬੇਮੇਲ ਹੋਣ ਕਰਕੇ ਹਿੰਦੂ-ਮੁਸਲਿਮ ਇਕੱਠੇ ਨਹੀਂ ਰਹਿ ਸਕਦੇ। (ਪਿਛਲੇ ਸਮੇਂ 'ਚ ਮੁਸਲਮਾਨਾਂ ਨੂੰ ਹਿੰਦੂ ਇਲਾਕੇ 'ਚ ਮਕਾਨ ਵਗੈਰਾ ਖ਼ਰੀਦਣ ਤੋਂ ਰੋਕਣ ਦੀਆਂ ਰਿਪੋਰਟਾਂ ਵੀ ਆਈਆਂ ਹਨ ਅਤੇ ਮੁਸਲਮਾਨ ਬਹੁਗਿਣਤੀ ਇਲਾਕਿਆਂ ਨੂੰ 'ਮਿੰਨੀ ਪਾਕਿਸਤਾਨ' ਕਹਿ ਕੇ ਭੰਡਿਆ ਜਾਂਦਾ ਹੈ।) ਇਸੇ ਤਹਿਤ ਸੀਤਾਪੁਰ 'ਚ ਇਕ ਬੁਲਾਰੇ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ 'ਆਦਿ-ਜੁਗਾਦਿ ਤੋਂ ਵਿਰੋਧੀ' ਅਤੇ 'ਦੋ ਵੱਖ-ਵੱਖ ਸੱਭਿਅਤਾਵਾਂ' ਦੇ ਨੁਮਾਇੰਦਿਆਂ ਦੇ ਰੂਪ 'ਚ ਪੇਸ਼ ਕੀਤਾ। ਇਹ 'ਅਸੀਂ ਬਨਾਮ ਉਹ' ਦੀ ਧਾਰਨਾ ਬਣਾਉਣ ਦੀ ਸੋਚੀ-ਸਮਝੀ ਚਾਲ ਹੈ ਜਿਸ ਨੂੰ ਭਾਰਤੀ ਸਮਾਜ ਦੀ ਨਸਲੀ-ਸੱਭਿਆਚਾਰਕ ਵੰਨ-ਸੁਵੰਨਤਾ ਦੀ ਸਹਿਹੋਂਦ ਨੂੰ ਰੱਦ ਕਰਕੇ ਇਕਹਿਰੇ 'ਹਿੰਦੂ ਰਾਸ਼ਟਰ' ਨੂੰ ਸਹੀ ਠਹਿਰਾਉਣ ਲਈ ਵਰਤਿਆ ਜਾ ਰਿਹਾ ਹੈ। ਅਜਿਹੇ ਭਾਸ਼ਣਾਂ ਦੇ ਵਿਆਪਕ ਬਿਰਤਾਂਤ ਦੇ ਕੇਂਦਰ 'ਚ ਹਿੰਦੂਆਂ ਨੂੰ ਸਰਵਉੱਚ ਮੰਨਣ ਦੀ ਹਿੰਦੂਤਵ ਦੀ ਰਾਜਨੀਤਕ



ਵਿਚਾਰਧਾਰਾ ਹੈ ਜੋ ਭਾਰਤ ਨੂੰ ਸਿਰਫ਼ ਹਿੰਦੂ ਰਾਸ਼ਟਰ ਦੇ ਰੂਪ 'ਚ ਪਰਿਭਾਸ਼ਿਤ ਕਰਨਾ ਚਾਹੁੰਦੀ ਹੈ। ਇਸ ਵਿਚਾਰਧਾਰਾ ਦੀ ਵਰਤੋਂ ਮੁਸਲਮਾਨਾਂ ਦਾ ਬਾਈਕਾਟ ਕਰਨ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ ਨੂੰ ਸਹੀ ਠਹਿਰਾਉਣ ਲਈ ਕੀਤੀ ਜਾਂਦੀ ਹੈ, ਜਿਸ ਵਿਚ ਮੁਸਲਮਾਨ ਕਾਰੋਬਾਰਾਂ ਦੇ ਆਰਥਿਕ ਬਾਈਕਾਟ ਦੇ ਸੱਦੇ ਵੀ ਦਿੱਤੇ ਜਾਂਦੇ ਹਨ ਜਿਵੇਂ ਕਿ ਰਾਜਸਥਾਨ ਦੇ ਬੁਲੰਦਾ ਵਿਚ ਦੇਖਿਆ ਗਿਆ। ਭਾਸ਼ਣਾਂ ਵਿਚ ਮੁਸਲਮਾਨਾਂ ਨੂੰ 'ਬਾਹਰਲੇ' ਦੱਸਿਆ ਗਿਆ ਜਿਨ੍ਹਾਂ ਨੂੰ ਜਾਂ ਤਾਂ ਧਰਮ ਬਦਲ ਲੈਣਾ ਚਾਹੀਦਾ ਹੈ ਜਾਂ ਦੇਸ਼ ਛੱਡ ਦੇਣਾ ਚਾਹੀਦਾ ਹੈ। ਇਸ ਜ਼ਹਿਰੀਲੀ ਮੁਹਿੰਮ ਨਾਲ ਘੱਟ-ਗਿਣਤੀ ਮੁਸਲਮਾਨ ਫਿਰਕੇ ਨੂੰ ਖ਼ਾਸ ਤੌਰ 'ਤੇ ਅਲੱਗ-ਥਲੱਗ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਕਰਾਇਆ ਜਾ ਰਿਹਾ ਹੈ ਕਿ ਉਹ ਦੋਇਮ ਦਰਜੇ ਦੇ ਨਾਗਰਿਕ ਹਨ ਅਤੇ ਉਨ੍ਹਾਂ ਦਾ ਭਵਿੱਖ ਬਹੁਗਿਣਤੀ ਫਿਰਕੇ ਦੇ ਰਹਿਮ 'ਤੇ ਨਿਰਭਰ ਹੈ। ਇਸ ਲਈ ਉਨ੍ਹਾਂ ਨੂੰ ਕੱਟੜ ਬਹੁਗਿਣਤੀਵਾਦੀ ਹਜੂਮ ਦੀਆਂ ਮਨਮਾਨੀਆਂ ਨੂੰ ਨਿਰਵਿਰੋਧ ਕਬੂਲ ਕਰ ਲੈਣਾ ਚਾਹੀਦਾ ਹੈ।

ਇਨ੍ਹਾਂ ਵੇਰਵਿਆਂ ਤੋਂ ਇਸ ਤੌਖਲੇ ਦੀ ਪੁਸ਼ਟੀ ਹੁੰਦੀ ਹੈ ਕਿ ਭਗਵਾ ਹਕੂਮਤ ਹੇਠ ਭਾਰਤੀ ਸਿਆਸਤ ਅਤੇ ਸਮਾਜ ਅੰਦਰ ਹਿੰਦੂਤਵਵਾਦੀ ਵਿਚਾਰਧਾਰਾ ਦਾ ਰਸੂਖ਼ ਅਤੇ ਦਬਦਬਾ ਕਿੰਨਾ ਵਧ ਚੁੱਕਾ ਹੈ। ਸੰਘ ਪਰਿਵਾਰ ਦੀਆਂ ਜਥੇਬੰਦੀਆਂ ਮੁਸਲਮਾਨ ਘੱਟਗਿਣਤੀ ਵਿਰੁੱਧ ਵੱਧ ਤੋਂ ਵੱਧ ਜ਼ਹਿਰੀਲਾ ਮਾਹੌਲ ਬਣਾ ਕੇ ਉਨ੍ਹਾਂ ਨੂੰ ਬਹੁਗਿਣਤੀ ਹਿੰਦੂ ਫਿਰਕੇ ਤੋਂ ਅਲੱਗ-ਥਲੱਗ ਕਰਨ ਅਤੇ ਉਨ੍ਹਾਂ ਦੇ ਬਾਈਕਾਟ ਦੇ ਹਾਲਾਤ ਬਣਾਉਣ ਲਈ ਯਤਨਸ਼ੀਲ ਹਨ। ਪੁਰਾਤਨ ਜ਼ਮਾਨੇ ਦੇ ਮੁਸਲਮਾਨ ਧਾੜਵੀਆਂ/ਹੁਕਮਰਾਨਾਂ ਦੇ ਜ਼ੁਲਮਾਂ ਦੀਆਂ ਕਹਾਣੀਆਂ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ ਤਾਂ ਜੋ ਗ਼ੈਰਮੁਸਲਮਾਨ ਵਸੋਂ 'ਚ ਮੁਸਲਮਾਨਾਂ ਨੂੰ 'ਬਾਹਰਲੇ' ਸਮਝਣ ਦੀ ਹਿੰਦੂਤਵਵਾਦੀ ਰਾਜਨੀਤਕ ਵਿਚਾਰਧਾਰਾ ਸਥਾਪਤ ਹੋ ਜਾਵੇ, ਪੂਰੇ ਫਿਰਕੇ ਪ੍ਰਤੀ ਬੇਵਿਸ਼ਵਾਸੀ ਤੇ ਨਫ਼ਰਤ ਉੱਭਰੇ ਅਤੇ ਫਿਰ ਉਸ ਮਾਹੌਲ 'ਚ ਉਨ੍ਹਾਂ ਵਿਰੁੱਧ ਬਹੁਗਿਣਤੀਵਾਦੀ ਹਿੰਸਾ ਨੂੰ ਉਕਸਾਉਣਾ ਸੌਖਾ ਹੋ ਜਾਵੇ। ਅਜਿਹਾ ਮਾਹੌਲ ਬਣਦਾ ਨਜ਼ਰ ਆ ਰਿਹਾ ਹੈ ਜਿੱਥੇ ਘੱਟਗਿਣਤੀਆਂ ਵਿਰੁੱਧ ਨਫ਼ਰਤ ਅਤੇ ਹਿੰਸਾ ਤੇਜ਼ੀ ਨਾਲ ਆਮ ਹੁੰਦੀ ਜਾਂਦੀ ਹੈ।

ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਸਿਰਫ਼ ਸੰਘ ਪਰਿਵਾਰ ਦੀਆਂ ਹੋਰ ਜਥੇਬੰਦੀਆਂ ਦੇ ਆਗੂ ਹੀ ਜ਼ਹਿਰੀਲੇ ਭਾਸ਼ਣ ਨਹੀਂ ਦਿੰਦੇ, ਜਿਨ੍ਹਾਂ ਨੂੰ ਅਕਸਰ ਹੀ ਸੰਘ ਤੇ ਭਾਜਪਾ 'ਹਾਸ਼ੀਏ ਉੱਪਰਲੇ ਅਨਸਰ' ਕਹਿ ਕੇ ਜਵਾਬਦੇਹੀ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਸਗੋਂ 'ਚੁਣੇ ਹੋਏ' ਵਿਧਾਇਕਾਂ/ਸਾਂਸਦਾਂ ਸਮੇਤ ਸੱਤਾਧਾਰੀ ਭਾਜਪਾ ਦੇ ਆਗੂ ਵੀ ਕਈ ਸਮਾਗਮਾਂ 'ਚ ਸਰਗਰਮ ਭੂਮਿਕਾ ਨਿਭਾਉਂਦੇ ਹਨ। 'ਸ਼ੌਰੀਆ' ਯਾਤਰਾਵਾਂ ਦੀ ਮੁਹਿੰਮ 'ਚ ਅਜਿਹਾ ਜ਼ਹਿਰੀਲਾ ਅਤੇ ਹਿੰਸਕ ਪ੍ਰਚਾਰ ਕਰਨ ਵਾਲਿਆਂ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਆਗੂਆਂ ਦੇ ਨਾਲ ਚੁਣੇ ਹੋਏ ਵਿਧਾਇਕਾਂ ਸਹਿਤ ਸੱਤਾਧਾਰੀ ਧਿਰ ਦੇ ਆਗੂ ਵੀ ਸਨ ਜੋ ਆਪਣੇ ਭਾਸ਼ਣਾਂ 'ਚ ਮੁਸਲਮਾਨਾਂ ਦੀਆਂ ਪੁਰਾਤਨ ਅਤੀਤ ਦੀਆਂ ਕਥਿਤ ਜ਼ਿਆਦਤੀਆਂ ਨੂੰ ਉਭਾਰ ਕੇ ਪੇਸ਼ ਕਰਦੇ ਰਹੇ, ਮੁਸਲਿਮ 'ਸਾਜ਼ਿਸ਼ ਸਿਧਾਂਤਾਂ' ਦਾ ਨਿਰਅਧਾਰ ਡਰ ਫੈਲਾਉਂਦੇ ਰਹੇ ਅਤੇ ਭੀੜ ਨੂੰ ਹਥਿਆਰ ਚੁੱਕਣ ਲਈ ਵੀ ਉਕਸਾਉਂਦੇ ਰਹੇ।

ਹਿੰਦੂਤਵ ਦੀ ਰਾਜਨੀਤਕ ਵਿਚਾਰਧਾਰਾ ਦੀ ਸਮਝ ਰੱਖਦੇ ਹਿੱਸਿਆਂ ਅਤੇ ਬਹੁਗਿਣਤੀਵਾਦੀ ਸਿਆਸਤ ਦੇ ਲਗਾਤਾਰ ਜ਼ੁਲਮਾਂ ਦਾ ਸਾਹਮਣਾ ਕਰ ਰਹੇ ਘੱਟਗਿਣਤੀ ਮਜ਼ਲੂਮ ਹਿੱਸਿਆਂ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਹਿੰਦੂਆਂ ਦੀ 'ਬੀਰਤਾ' ਦੀ ਜੈ-ਜੈਕਾਰ ਕਰਨ ਵਾਲੇ ਇਹ ਆਯੋਜਨ ਅਕਸਰ ਹੀ ਧਰਮ ਅਤੇ ਇਤਿਹਾਸ ਨੂੰ ਮੁਸਲਮਾਨ ਵਿਰੁੱਧ ਹਥਿਆਰ ਬਣਾ ਕੇ ਵਰਤਦੇ ਹਨ। ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤਣ ਲਈ ਇਨ੍ਹਾਂ ਫਿਰਕੂ ਰਾਜਨੀਤਕ ਆਯੋਜਨਾਂ ਨੂੰ ਅਕਸਰ ਹੀ ਧਾਰਮਿਕ ਯਾਤਰਾ ਅਤੇ ਸ਼ੋਭਾ ਯਾਤਰਾ ਵਰਗੇ ਧਾਰਮਿਕ ਖਿੱਚ ਵਾਲੇ ਨਾਮ ਦਿੱਤੇ ਜਾਂਦੇ ਹਨ। ਮੁਲਕ ਵਿਚ ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਅਤੇ ਫਿਰਕੂ ਉਕਸਾਵੇ ਦੀ ਵਧ ਰਹੀ ਕਾਂਗ ਧਾਰਮਿਕ ਜਲੂਸਾਂ ਅਤੇ ਰੈਲੀਆਂ 'ਚ ਸਭ ਤੋਂ ਉੱਘੜਵੇਂ ਰੂਪ 'ਚ ਦੇਖੀ ਜਾ ਸਕਦੀ ਹੈ। ਧਾਰਮਿਕ 'ਗੌਰਵ' ਅਤੇ 'ਹਿੰਦੂ ਏਕਤਾ' ਦਾ ਪ੍ਰਦਰਸ਼ਨ ਕਰਨ ਲਈ ਅਜਿਹੇ ਆਯੋਜਨ ਧਾਰਮਿਕ ਘੱਟਗਿਣਤੀ ਭਾਈਚਾਰਿਆਂ ਖ਼ਾਸ ਕਰਕੇ ਮੁਸਲਮਾਨਾਂ ਵਿਰੁੱਧ ਭੜਕਾਊ ਹਿੰਸਕ ਬਿਆਨਬਾਜ਼ੀ ਲਈ ਕੱਟੜਪੰਥੀ ਅਤੇ ਨਫ਼ਰਤ ਫੈਲਾਊ ਤਾਕਤਾਂ ਦੇ ਮਨਭਾਉਂਦੇ ਮੰਚ ਹਨ। ਇਨ੍ਹਾਂ ਪ੍ਰੋਗਰਾਮਾਂ ਨੂੰ ਜਥੇਬੰਦ ਕਰਨ ਵਾਲੇ ਅਤੇ ਇਨ੍ਹਾਂ ਨੂੰ ਸੰਬੋਧਨ ਕਰਨ ਵਾਲੇ ਆਗੂ ਇਨ੍ਹਾਂ ਮੰਚਾਂ ਨੂੰ ਸ਼ਰੇਆਮ ਹਿੰਸਾ ਦੇ ਸੱਦੇ ਦੇਣ, ਘੱਟ-ਗਿਣਤੀਆਂ ਨੂੰ ਬਦਨਾਮ ਕਰਨ ਅਤੇ ਹਿੰਦੂਤਵ ਦੀ ਜ਼ਹਿਰੀਲੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਵਰਤਦੇ ਹਨ।

ਇਸ ਤੋਂ ਵੀ ਜ਼ਿਆਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਫਿਰਕੂ ਨਫ਼ਰਤ ਦਾ ਛੱਟਾ ਦਿੰਦੇ ਇਹ ਅਖਾਉਤੀ ਧਾਰਮਿਕ ਇਕੱਠ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਦੀ ਸਰਗਰਮ ਮਿਲੀਭੁਗਤ ਨਾਲ ਜਥੇਬੰਦ ਕੀਤੇ ਜਾ ਰਹੇ ਹਨ। ਬੇਸ਼ੱਕ ਫਿਰਕਿਆਂ ਦਰਮਿਆਨ ਸਦਭਾਵਨਾ ਨੂੰ ਬਰਕਰਾਰ ਰੱਖਣ ਅਤੇ ਫਿਰਕੂ ਨਫ਼ਰਤ ਤੇ ਹਿੰਸਾ ਨੂੰ ਭੜਕਾਉਣ ਤੋਂ ਰੋਕਣ ਲਈ ਕਈ ਕਾਨੂੰਨ ਬਣੇ ਹੋਏ ਹਨ, ਪਰ ਸਟੇਟ ਦੇ ਵੱਖ-ਵੱਖ ਅਦਾਰਿਆਂ ਵਿਚ ਹਿੰਦੂਤਵਵਾਦੀ ਵਿਚਾਰਧਾਰਾ ਨੇ ਡੂੰਘੀ ਘੁਸਪੈਠ ਕਰ ਲਈ ਹੈ। ਇਸ ਕਾਰਨ ਜਿਨ੍ਹਾਂ ਅਧਿਕਾਰੀਆਂ ਦੀ ਜ਼ਿੰਮੇਵਾਰੀ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਹੈ, ਉਹ ਕਿਸੇ ਇੱਕਾ-ਦੁੱਕਾ ਮਿਸਾਲ ਨੂੰ ਛੱਡ ਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਸਿਰਫ਼ ਮਨਜ਼ੂਰੀ ਹੀ ਨਹੀਂ ਦਿੰਦੇ ਸਗੋਂ ਇਨ੍ਹਾਂ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਲਈ ਸਰਗਰਮ ਸਹਿਯੋਗ ਵੀ ਦਿੰਦੇ ਹਨ ਅਤੇ ਸੁਰੱਖਿਆ ਦੇ ਕੇ ਇਨ੍ਹਾਂ ਦੀ ਢਾਲ ਵੀ ਬਣਦੇ ਹਨ। ਦੂਜੇ ਪਾਸੇ, ਪੁਲਿਸ ਅਧਿਕਾਰੀ ਅਜਿਹੇ ਫਿਰਕੂ ਅਨਸਰਾਂ ਦੀ ਸ਼ਿਕਾਇਤ 'ਤੇ ਮਾਮੂਲੀ ਪੋਸਟਾਂ ਬਦਲੇ ਧਰਮ-ਨਿਰਪੱਖ ਵਿਅਕਤੀਆਂ ਅਤੇ ਮੁਸਲਮਾਨਾਂ ਵਿਰੁੱਧ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਸੰਗੀਨ ਪਰਚੇ ਦਰਜ ਕਰਨ 'ਚ ਭੋਰਾ ਦੇਰ ਨਹੀਂ ਲਾਉਂਦੇ। ਕਾਨੂੰਨਾਂ ਦਾ ਮਜ਼ਾਕ ਉਡਾਉਣ ਵਾਲੇ ਇਨ੍ਹਾਂ ਆਯੋਜਨਾਂ ਨੂੰ ਸਥਾਨਕ ਪੁਲਿਸ ਬਾਕਾਇਦਗੀ ਨਾਲ ਮਨਜ਼ੂਰੀ ਦਿੰਦੀ ਹੈ, ਲੋੜ ਪੈਣ 'ਤੇ ਮਜ਼ਲੂਮ ਮੁਸਲਮਾਨ ਘੱਟਗਿਣਤੀ ਦੇ ਵਿਰੋਧ ਨੂੰ ਕੁਚਲਣ ਲਈ ਹਕੂਮਤੀ ਦਹਿਸ਼ਤ ਅਤੇ ਤਾਕਤ ਦੀ ਖੁੱਲ੍ਹੀ ਵਰਤੋਂ ਵੀ ਕਰਦੀ ਹੈ ਜੋ ਇਸ ਨਿੱਤ ਦੀ ਫਿਰਕੂ ਗੁੰਡਾਗਰਦੀ ਦੇ ਸਤਾਏ ਕਈ ਵਾਰ ਵਿਰੋਧ 'ਚ ਡਟ ਜਾਂਦੇ ਹਨ। ਫਿਰਕੂ ਹਿੰਸਾ ਦਾ ਪ੍ਰਚਾਰ ਕਰਨ ਵਾਲੇ ਅਜਿਹੇ ਸਮਾਗਮਾਂ ਪ੍ਰਤੀ ਅੱਖਾਂ ਮੀਟ ਲੈਣ ਤੋਂ ਵੀ ਅੱਗੇ ਜਾ ਕੇ ਇਨ੍ਹਾਂ 'ਚ ਸਟੇਟ ਦੀ ਮਿਲੀਭੁਗਤ ਦਾ ਇਕ ਸਾਂਝਾ ਪੈਟਰਨ ਮੁਲਕ ਦੇ ਜ਼ਿਆਦਾਤਰ ਹਿੱਸਿਆਂ 'ਚ ਵਾਰ-ਵਾਰ ਦੇਖਣ ਨੂੰ ਮਿਲਦਾ ਹੈ। ਪੁਲਿਸ ਅਤੇ ਪ੍ਰਸ਼ਾਸਨ ਸੰਵਿਧਾਨ ਅਨੁਸਾਰ ਕੰਮ ਕਰਨ ਦੀ ਰਸਮੀ ਸਹੁੰ ਤਾਂ ਚੁੱਕਦਾ ਹੈ ਪਰ ਹਕੀਕਤ 'ਚ ਇਹ ਸੱਤਾਧਾਰੀ ਧਿਰ ਦੀਆਂ ਇਛਾਵਾਂ ਅਨੁਸਾਰ ਕੰਮ ਕਰਦਾ ਹੈ। ਭਗਵਾ ਹਕੂਮਤ ਹੇਠ ਤਾਂ ਇਸ ਨੇ ਨਾਮਨਿਹਾਦ ਨਿਰਪੱਖਤਾ ਦਾ ਮਖੌਟਾ ਵੀ ਲਾਹ ਸੁੱਟਿਆ ਹੈ। ਇਸਦਾ ਡੂੰਘਾ ਰਾਜਨੀਤੀਕਰਨ ਹੀ ਨਹੀਂ, ਫਿਰਕੂਕਰਨ ਵੀ ਹੋ ਚੁੱਕਾ ਹੈ।

ਦੂਜੇ ਪਾਸੇ, ਅਜਿਹੀਆਂ ਮੁਹਿੰਮਾਂ ਸੱਤਾਧਾਰੀ ਧਿਰ ਦੀ ਗਿਣੀ-ਮਿਥੀ ਯੁੱਧਨੀਤੀ ਦਾ ਹਿੱਸਾ ਹੈ ਜੋ ਡੂੰਘੀ ਹੋ ਰਹੀ ਫਿਰਕੂ ਵੰਡ ਦਾ ਭਰਪੂਰ ਲਾਹਾ ਲੈਂਦੇ ਹਨ। ਭਾਜਪਾ ਅਤੇ ਉਸਦੇ ਸਹਿਯੋਗੀ ਗਰੁੱਪ, ਲੰਮੇ ਸਮੇਂ ਤੋਂ ਹਿੰਦੂ-ਮੁਸਲਮਾਨ ਵਿਰੋਧ ਨੂੰ ਵਧਾਉਣ ਅਤੇ ਖ਼ੁਦ ਨੂੰ ਹਿੰਦੂ ਪਛਾਣ ਦੇ ਵਾਹਦ ਰਖਵਾਲੇ ਦੇ ਰੂਪ 'ਚ ਪੇਸ਼ ਕਰਕੇ ਆਪਣੇ ਸਮਾਜਿਕ ਅਧਾਰ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹੇ ਹਨ। ਅਜਿਹੀਆਂ ਯਾਤਰਾਵਾਂ ਦਾ ਲਗਾਤਾਰ ਹੋਣਾ ਇਸ ਵਿਆਪਕ ਰਾਜਨੀਤਕ ਯੁੱਧਨੀਤੀ ਦਾ ਹਿੱਸਾ ਹੈ, ਜਿਸ ਵਿਚ ਹਮਾਇਤ ਜੁਟਾਉਣ ਅਤੇ ਅਸਹਿਮਤੀ ਨੂੰ ਦਬਾਉਣ ਲਈ ਨਫ਼ਰਤ ਨੂੰ ਹਥਿਆਰ ਬਣਾਇਆ ਜਾਂਦਾ ਹੈ। ਇਸਦੇ ਨਤੀਜੇ ਬੇਹੱਦ ਪ੍ਰੇਸ਼ਾਨ ਕਰਨ ਵਾਲੇ ਹਨ। ਭਾਰਤ ਦੇ ਸੰਵਿਧਾਨ 'ਚ ਦਰਜ ਧਰਮ-ਨਿਰਪੱਖ ਮੁੱਲਾਂ ਨੂੰ ਬਰਕਰਾਰ ਰੱਖਣ ਦੀ ਬਜਾਏ, ਅਜਿਹੇ ਆਯੋਜਨ ਡਰ, ਅਲਹਿਦਗੀ ਅਤੇ ਹਿੰਸਕ ਪਾਲਾਬੰਦੀ ਦੇ ਜ਼ਹਿਰੀਲੇ ਮਾਹੌਲ ਨੂੰ ਤਾਕਤ ਬਖ਼ਸ਼ਦੇ ਹਨ, ਜਿੱਥੇ ਮੁਸਲਮਾਨਾਂ ਨੂੰ ਤੇਜ਼ੀ ਨਾਲ ਅੰਦਰੂਨੀ ਦੁਸ਼ਮਣ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਫਿਰ ਉਨ੍ਹਾਂ ਨੂੰ ਰਾਜ ਦੀ ਸਰਪ੍ਰਸਤੀ ਵਾਲੀ ਹਿੰਸਾ ਦਾ ਖਾਜਾ ਬਣਾਇਆ ਜਾਂਦਾ ਹੈ।

ਬੇਸ਼ੱਕ ਸਮਾਜੀ ਹਕੀਕਤ ਦੇ ਦਬਾਅ ਕਾਰਨ ਭਾਜਪਾ ਅਤੇ ਸੰਘ ਘੱਟ-ਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਸਮਾਜੀ ਸਮੂਹਾਂ ਵਿਚਲੇ ਇਕ ਨਿੱਕੇ ਜਹੇ ਹਿੱਸੇ ਨੂੰ ਆਪਣੇ ਨਾਲ ਜੋੜ ਕੇ ਉਨ੍ਹਾਂ ਨੂੰ ਮਹੱਤਵ ਦੇਣ ਦਾ ਢੌਂਗ ਰਚਣ ਲਈ ਮਜਬੂਰ ਹਨ, ਪਰ ਹਿੰਦੂਤਵ ਦੀ ਵਿਚਾਰਧਾਰਾ 'ਚ ਘੱਟ-ਗਿਣਤੀਆਂ ਲਈ ਕੋਈ ਜਗ੍ਹਾ ਨਹੀਂ ਹੈ। ਜਦੋਂ ਇਸ ਵਿਚਾਰਧਾਰਾ ਦੀ ਨੁਮਾਇੰਦਗੀ ਕਰਦੀ ਸਿਆਸਤ ਅਗਾਂਹਵਧੂ ਅਤੇ ਉਦਾਰਵਾਦੀ ਵਿਚਾਰਧਾਰਾਵਾਂ ਦੀਆਂ ਕਮਜ਼ੋਰੀਆਂ ਦਾ ਲਾਹਾ ਲੈ ਕੇ ਦਸ ਸਾਲ ਤੋਂ ਲਗਾਤਾਰ ਕੇਂਦਰੀ ਸੱਤਾ ਉੱਪਰ ਕਾਬਜ਼ ਹੈ ਤਾਂ ਮੁਲਕ 'ਚ ਅਜਿਹਾ ਮਾਹੌਲ ਬਣਨਾ ਹੈਰਾਨੀਜਨਕ ਨਹੀਂ ਹੈ ਜਿੱਥੇ ਸਟੇਟ ਨਫ਼ਰਤ, ਡਰ, ਬੇਵਿਸ਼ਵਾਸੀ ਅਤੇ ਹਿੰਸਾ ਨੂੰ ਵਧਾਉਣ-ਫੈਲਾਉਣ 'ਚ ਭਾਈਵਾਲ ਬਣਿਆ ਹੋਇਆ ਹੈ। ਧਰਮ-ਨਿਰਪੱਖ, ਫਿਰਕੂ ਸਦਭਾਵਨਾ ਵਾਲੇ ਮਾਹੌਲ ਨੂੰ ਲਗਾਤਾਰ ਖ਼ੋਰਾ ਲਾ ਕੇ ਫਿਰਕੂ ਪਾੜਾ ਅਤੇ ਨਫ਼ਰਤ ਬੀਜੀ ਜਾ ਰਹੀ ਹੈ ਤਾਂ ਜੋ ਪੱਕੀ ਫਿਰਕੂ ਪਾਲਾਬੰਦੀ ਦੁਆਰਾ ਸੰਘ ਬਰਗੇਡ ਸੱਤਾ ਉੱਪਰ ਬੇਰੋਕ-ਟੋਕ ਕਬਜ਼ਾ ਬਰਕਰਾਰ ਰੱਖ ਸਕੇ।

# ਸਿੱਖ ਗੁਰਦੁਆਰਾ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"

## Invitation From The Sikh Gurdwara San Jose For General Body Meeting at 2:00 PM on Sunday, February 23, 2025

**Respected members of the Sikh Gurdwara San Jose,**
**Waheguru Ji Ka Khalsa, Waheguru Ji Ki Fateh,**

**This is being published in the newspaper for registered members of the General Body of the Gurdwara Sahib. As per the Bylaws of the Gurdwara Sahib, your attendance at the General Body meeting is essential to either approve or disapprove the following three agenda items. These are very important for the functioning and progress of the Gurdwara Sahib.**

**1. "Bylaws Amendment- 'Article VI Section 12':** "Election Committee Formation, Process, Procedures and Responsibilities Resolution"

**Description:** To develop and adhere to the process to achieve shared, transparent, generally acceptable fair elections.

**Purpose/ Benefits:** Minimizes disputes arising out of disagreements about the election process. Agreed by the Current Gurdwara Parbandhak Committee, Sadh Sangat Slate, and presumably by the Sangat. UNITES our community.

**Details:** The Gurdwara Bylaws were written in 1980s. Even though some changes were made in the subsequent years, many important details about the election procedure are not defined. Recently members of the Current Parbandhak committee and the Sadh Sangat Slate from the 2019 election met and came to an agreement to implement the following modification to the Article VI, section 12 of the Gurdwara Bylaws.

**ARTICLE VI**

**Section 12.** Election Committee Formation, Process, Procedures and Responsibilities Resolution.

The Parbandhak Committee will (i) announce the election of the Parbandhak Committee members and (ii) accept all candidate application forms. The qualifications are (i) the candidate must be a member of the General Body (ii) in good standing (iii) must fill out the agreed application form and (iv) must pay a fee if applicable. The candidate is qualified if all requirements (i-iv) are met. The Election Committee (EC) will be formed constituting 3 representatives appointed by the incumbent Parbandhak Committee and 3 representatives collectively appointed by the opposition candidates according to a pro-rata vote. All the EC members must be members of the General Body in good standing, must not have any felony judgement against them (this exempts traffic related violations), shall submit a completed background disclosure form and take an Oath of neutrality before Sri Guru Granth Sahib before starting their duties on the EC.

The primary role of the EC is to independently conduct the elections, including (i) assuring the election follows a fair process (ii) registering and validating the membership list (iii) preparing the final voter list and providing it to the candidates (iv) conducting a candidates forum (v) preparing ballots (vi) sending by mail the election related information and ballots to the General Body (vii) ensuring that election arrangements are fair and complete to serve the general body members (viii) providing security (ix) conducting the election; and (x) announcing the results from the Gurdwara Stage.

Each EC member shall be entitled to one vote. The EC's decisions will be by majority vote. In case of an impasse, the EC shall with consensus develop and execute a neutral tie breaking mechanism without resorting to judicial intervention.

The EC will operate as a subcommittee of the Parbandhak Committee, following the Bylaws, which state that data security and responsibility for fair election ultimately lie with the Parbandhak Committee. Thirty days after the announcement of the election results, the Election Committee will automatically dissolve. This process will be adhered to for all future elections of the Sikh Gurdwara San Jose." The Gurdwara Parbandhak Committee requests that you either approve or disapprove the Bylaws Amendment- 'Article VI Section 12'-"Election Committee Formation, Process, Procedures and Responsibilities Resolution"

**2. "Phase III Construction"**

**Description:** To build second story halls on the North Hall and the South Hall of Gurdwara Sahib.

**Purpose/ Benefits:** To meet major need for increasing weddings on Saturdays, To meet the additional space requirements for Guru Nanak Khalsa school on Sundays, To conduct more religious programs, To meet the future needs for the growing community.

**Details:** There is big demand for holding weddings in the Gurdwara Sahib on the Saturdays. Presently we have to refuse many of these due to lack of space. There is also need for more space to hold classes of the Guru Nanak Khalsa School students on Sundays. Presently nearly 200 students sit on floor of the north hall, divided into classes of 10-12 students next to each other. Due to the proximity of other classes and the noise, the quality of teaching is reduced.

To solve these issues, the Gurdwara Parbandhak Committee proposes to build second story halls on the North Hall and the South Hall of the Gurdwara Sahib. During the weekdays and Saturdays, these will be used for the Gurdwara programs and weddings etc. On Sundays these will be available for use by the school. This project is called "Phase III Construction".

Present Bylaws, do not allow the Parbandhak Committee to do any real estate development work that may cost more than $250,000. For projects, where the cost will be more than $250,000, approval of the majority of the General Body is required. The Gurdwara Parbandhak Committee requests you to either Approve or Disapprove the "Phase III Construction"

**3. "Supplemental Solar" Description:** To install additional solar system to meet the increased need for the electricity.

**Purpose/ Benefits:**. It will be a Gurdwara Sahib's asset. Presently our Gurdwara Sahib has to pay PG&E $12000 - $16,000 every month for the additional power required. This money will be saved.

**Details:** Gurdwara Sahib has a solar system that provides electricity for its use. This system was installed in 2011 and its efficiency has decreased over time. In addition, Gurdwara Sahib is holding many more programs every year now in comparison to 2011 and this has caused a significant increase in the use of electricity. Our present solar system cannot meet needs of our Gurdwara Sahib and we have to pay PG&E for the additional power required.

To solve this issue The Gurdwara Parbandhak Committee proposes to install additional Solar system And this will save Gurdwara Sahib nearly $150,000 or more every year in the PG&E bill. This project is called "Supplemental Solar". The Gurdwara Parbandhak Committee requests you to either approve or disapprove the "Supplemental Solar".

**You are invited to give your approval or disapproval of these three agenda items at the Gurdwara General Body Meeting at Sikh Gurdwara San Jose on Sunday, February 23, 2025 at 2:00 PM in the main hall of the Gurdwara Sahib. For this, please bring a Government issued Photo ID with you. If you do not have a Government issued ID from US that has your current address information, bring a copy of a recently received letter from any Government department which shows your current residential address. For Photo ID, you may bring your Foreign or US passport. After verifying your membership status, you will be allowed to enter the meeting in the main hall.**

**Bhupindar (Bob) Singh Dhillon**
**President, Sikh Gurdwara San Jose**

# ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਜਨਰਲ ਬਾਡੀ ਮੀਟਿੰਗ ਦਾ ਸੱਦਾ ਪੱਤਰ: 23 ਫਰਵਰੀ, 2025, ਐਤਵਾਰ, ਸਮਾਂ 2 ਵਜੇ

**ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ,**

ਗੁਰਦੁਆਰਾ ਸਾਹਿਬ ਦੀ ਜਨਰਲ ਬਾਡੀ ਦੇ ਰਜਿਸਟਰਡ ਮੈਂਬਰਾਂ ਲਈ ਅਖਬਾਰ ਵਿਚ ਇਹ ਜਾਣਕਾਰੀ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਦੇ ਨਿਯਮਾਂ ਅਨੁਸਾਰ, ਹੇਠ ਲਿਖੀਆਂ ਤਿੰਨ ਏਜੰਡਾ ਆਈਟਮਾਂ ਨੂੰ ਮਨਜ਼ੂਰੀ ਜਾਂ ਨਾਮਨਜ਼ੂਰ ਕਰਨ ਲਈ ਜਨਰਲ ਬਾਡੀ ਦੀ ਮੀਟਿੰਗ ਵਿਚ ਤੁਹਾਡੀ ਹਾਜ਼ਰੀ ਜ਼ਰੂਰੀ ਹੈ। ਇਹ ਗੁਰਦੁਆਰਾ ਸਾਹਿਬ ਦੇ ਕੰਮਕਾਜ ਅਤੇ ਤਰੱਕੀ ਲਈ ਬਹੁਤ ਜ਼ਰੂਰੀ ਹਨ।

**"ਉਪ-ਨਿਯਮ ਸੋਧ- 'ਆਰਟੀਕਲ VI ਸੈਕਸ਼ਨ 12': "ਚੋਣ ਕਮੇਟੀ ਦਾ ਗਠਨ, ਪ੍ਰਕਿਰਿਆ, ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ ਦਾ ਮਤਾ"**

**ਵਰਣਨ:** ਸਾਂਝੀਆਂ, ਪਾਰਦਰਸ਼ੀ, ਆਮ ਤੌਰ 'ਤੇ ਸਵੀਕਾਰਯੋਗ ਨਿਰਪੱਖ ਚੋਣਾਂ ਨੂੰ ਪ੍ਰਾਪਤ ਕਰਨ ਲਈ ਪ੍ਰਕਿਰਿਆ ਦਾ ਵਿਕਾਸ ਅਤੇ ਪਾਲਣ ਕਰਨਾ।

**ਉਦੇਸ਼/ਲਾਭ:** ਇਹ ਸੈਕਸ਼ਨ ਚੋਣ ਪ੍ਰਕਿਰਿਆ ਬਾਰੇ ਅਸਹਿਮਤੀ ਕਾਰਨ ਪੈਦਾ ਹੋਏ ਵਿਵਾਦਾਂ ਨੂੰ ਘੱਟ ਕਰਦਾ ਹੈ। ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ, ਸਾਧ ਸੰਗਤ ਸਲੇਟ, ਅਤੇ ਸੰਭਵ ਤੌਰ 'ਤੇ ਸੰਗਤ ਦੁਆਰਾ ਸਹਿਮਤੀ ਦਿੱਤੀ ਗਈ ਹੈ। ਸਾਡੇ ਭਾਈਚਾਰੇ ਨੂੰ ਇਕਜੁੱਟ ਕਰਦਾ ਹੈ।

**ਵੇਰਵਾ:** ਗੁਰਦੁਆਰਾ ਉਪ-ਨਿਯਮ 1980 ਵਿਚ ਲਿਖੇ ਗਏ ਸਨ। ਭਾਵੇਂ ਬਾਅਦ ਦੇ ਸਾਲਾਂ ਵਿਚ ਇਨ੍ਹਾਂ ਵਿਚ ਕੁਝ ਬਦਲਾਅ ਕੀਤੇ ਗਏ ਸਨ, ਚੋਣ ਪ੍ਰਕਿਰਿਆ ਬਾਰੇ ਬਹੁਤ ਸਾਰੇ ਮਹੱਤਵਪੂਰਨ ਵੇਰਵਿਆਂ ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ। ਹਾਲ ਹੀ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਅਤੇ 2019 ਦੀਆਂ ਚੋਣਾਂ ਤੋਂ ਸਾਧ ਸੰਗਤ ਸਲੇਟ ਦੇ ਮੈਂਬਰਾਂ ਨੇ ਮੁਲਾਕਾਤ ਕੀਤੀ ਅਤੇ ਗੁਰਦੁਆਰਾ ਉਪ-ਨਿਯਮਾਂ ਦੀ ਧਾਰਾ VI, ਸੈਕਸ਼ਨ 12 ਵਿਚ ਹੇਠ ਲਿਖੀ ਸੋਧ ਨੂੰ ਲਾਗੂ ਕਰਨ ਲਈ ਇੱਕ ਸਮਝੌਤੇ 'ਤੇ ਆਏ।
ਆਰਟੀਕਲ VI ਸੈਕਸ਼ਨ 12. ਚੋਣ ਕਮੇਟੀ ਦਾ ਗਠਨ, ਪ੍ਰਕਿਰਿਆ, ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ ਦਾ ਮਤਾ।

**ਪ੍ਰਬੰਧਕ ਕਮੇਟੀ (i):** ਪ੍ਰਬੰਧਕ ਕਮੇਟੀ ਮੈਂਬਰਾਂ ਦੀ ਚੋਣ ਦਾ ਐਲਾਨ ਕਰੇਗੀ ਅਤੇ (ii) ਸਾਰੇ ਉਮੀਦਵਾਰਾਂ ਦੇ ਅਰਜ਼ੀ ਫਾਰਮ ਸਵੀਕਾਰ ਕਰੇਗੀ। ਯੋਗਤਾਵਾਂ ਹਨ (i) ਉਮੀਦਵਾਰ ਨੂੰ ਜਨਰਲ ਬਾਡੀ ਦਾ ਮੈਂਬਰ ਹੋਣਾ ਚਾਹੀਦਾ ਹੈ (ii) ਚੰਗੀ ਸਥਿਤੀ ਵਿਚ (iii) ਲਾਜ਼ਮੀ ਤੌਰ 'ਤੇ ਸਹਿਮਤ ਹੋਏ ਬਿਨੈ-ਪੱਤਰ ਨੂੰ ਭਰਨਾ ਚਾਹੀਦਾ ਹੈ ਅਤੇ (iv) ਜੇਕਰ ਲਾਗੂ ਹੁੰਦਾ ਹੈ ਤਾਂ ਫੀਸ ਅਦਾ ਕਰਨੀ ਚਾਹੀਦੀ ਹੈ। ਉਮੀਦਵਾਰ ਯੋਗ ਹੈ ਜੇਕਰ ਸਾਰੀਆਂ ਸ਼ਰਤਾਂ (ii-v) ਪੂਰੀਆਂ ਹੁੰਦੀਆਂ ਹਨ।
**ਚੋਣ ਕਮੇਟੀ (EC) ਦਾ ਗਠਨ:** ਮੌਜੂਦਾ ਪ੍ਰਬੰਧਕ ਕਮੇਟੀ ਦੁਆਰਾ ਨਿਯੁਕਤ ਕੀਤੇ 3 ਪ੍ਰਤੀਨਿਧਾਂ ਅਤੇ ਵਿਰੋਧੀ ਉਮੀਦਵਾਰਾਂ ਦੁਆਰਾ ਇੱਕ ਅਨੁਪਾਤਕ ਵੋਟ ਦੇ ਅਨੁਸਾਰ ਸਮੂਹਿਕ ਤੌਰ 'ਤੇ ਨਿਯੁਕਤ ਕੀਤੇ 3 ਪ੍ਰਤੀਨਿਧਾਂ ਦਾ ਗਠਨ ਕੀਤਾ ਜਾਵੇਗਾ। ਸਾਰੇ EC ਮੈਂਬਰ ਜਨਰਲ ਬਾਡੀ ਦੇ ਮੈਂਬਰ ਹੋਣੇ ਚਾਹੀਦੇ ਹਨ, ਉਨ੍ਹਾਂ ਦੇ ਵਿਰੁੱਧ ਕੋਈ ਸੰਗੀਨ ਅਪਰਾਧ ਤਹਿਤ ਮਾਮਲਾ ਦਰਜ ਨਹੀਂ ਹੋਣਾ ਚਾਹੀਦਾ (ਇਹ ਟ੍ਰੈਫਿਕ ਨਾਲ ਸਬੰਧਤ ਉਲੰਘਣਾਵਾਂ ਤੋਂ ਛੋਟ ਦਿੰਦਾ ਹੈ), ਇੱਕ ਪੂਰਾ ਪਿਛੋਕੜ ਖੁਲਾਸਾ ਫਾਰਮ ਜਮ੍ਹਾਂ ਕਰਾਉਣਾ ਪਵੇਗਾ ਅਤੇ ਚੋਣ ਕਮੇਟੀ 'ਤੇ ਆਪਣੀ ਡਿਊਟੀ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਿਰਪੱਖਤਾ ਦੀ ਸਹੁੰ ਚੁੱਕਣੀ ਪਵੇਗੀ। ਚੋਣ ਕਮਿਸ਼ਨ ਦੀ ਮੁਢਲੀ ਭੂਮਿਕਾ ਸੁਤੰਤਰ ਤੌਰ 'ਤੇ ਚੋਣਾਂ ਕਰਵਾਉਣਾ ਹੈ, ਜਿਸ ਵਿਚ (i) ਨਿਰਪੱਖ ਚੋਣ ਪ੍ਰਕਿਰਿਆ ਦਾ ਪਾਲਣ ਕਰਨ ਦਾ ਭਰੋਸਾ ਦੇਣਾ (ii) ਮੈਂਬਰਸ਼ਿਪ ਸੂਚੀ ਨੂੰ ਰਜਿਸਟਰ ਕਰਨਾ ਅਤੇ ਪ੍ਰਮਾਣਿਤ ਕਰਨਾ (iii) ਅੰਤਿਮ ਵੋਟਰ ਸੂਚੀ ਤਿਆਰ ਕਰਨਾ ਅਤੇ ਉਮੀਦਵਾਰਾਂ ਨੂੰ ਪ੍ਰਦਾਨ ਕਰਨਾ (iv) ਉਮੀਦਵਾਰ ਫੋਰਮ ਦਾ ਸੰਚਾਲਨ ਕਰਨਾ (v) ਬੈਲਟ ਤਿਆਰ ਕਰਨਾ (vi) ਚੋਣ ਸੰਬੰਧੀ ਜਾਣਕਾਰੀ ਡਾਕ ਰਾਹੀਂ ਭੇਜਣਾ ਅਤੇ ਜਨਰਲ ਬਾਡੀ ਨੂੰ ਬੈਲਟ ਭੇਜਣਾ (vii) ਇਹ ਯਕੀਨੀ ਬਣਾਉਣਾ ਕਿ ਚੋਣ ਪ੍ਰਬੰਧ ਜਨਰਲ ਬਾਡੀ ਦੇ ਮੈਂਬਰਾਂ ਦੀ ਸੇਵਾ ਕਰਨ ਲਈ ਨਿਰਪੱਖ ਅਤੇ ਸੰਪੂਰਨ (viii) ਸੁਰੱਖਿਆ ਪ੍ਰਦਾਨ ਕਰਨਾ (ix) ਚੋਣ ਕਰਵਾਉਣ; ਅਤੇ (x) ਗੁਰਦੁਆਰਾ ਸਟੇਜ ਤੋਂ ਨਤੀਜਿਆਂ ਦਾ ਐਲਾਨ ਕਰਨਾ। ਚੋਣ ਕਮਿਸ਼ਨ ਦਾ ਹਰੇਕ ਮੈਂਬਰ ਇੱਕ ਵੋਟ ਦਾ ਹੱਕਦਾਰ ਹੋਵੇਗਾ। ਚੋਣ ਕਮੇਟੀ ਦੇ ਫੈਸਲੇ ਬਹੁਮਤ ਵੋਟ ਨਾਲ ਹੋਣਗੇ। ਕਿਸੇ ਰੁਕਾਵਟ ਦੀ ਸਥਿਤੀ ਵਿਚ, ਚੋਣ ਕਮੇਟੀ ਨਿਆਂਇਕ ਦਖਲਅੰਦਾਜ਼ੀ ਦਾ ਸਹਾਰਾ ਲਏ ਬਿਨਾਂ ਸਹਿਮਤੀ ਨਾਲ ਇੱਕ ਨਿਰਪੱਖ ਟਾਈ ਬ੍ਰੇਕਿੰਗ ਵਿਧੀ ਨੂੰ ਵਿਕਸਤ ਅਤੇ ਲਾਗੂ ਕਰੇਗਾ। EC, ਉਪ-ਕਮੇਟੀ ਦੇ ਤੌਰ 'ਤੇ ਕੰਮ ਕਰੇਗੀ, ਉਪ-ਨਿਯਮਾਂ ਦੀ ਪਾਲਣਾ ਕਰੇਗੀ, ਜਿਸ ਵਿਚ ਕਿਹਾ ਗਿਆ ਹੈ ਕਿ ਡੇਟਾ ਸੁਰੱਖਿਆ ਅਤੇ ਨਿਰਪੱਖ ਚੋਣਾਂ ਲਈ ਜ਼ਿੰਮੇਵਾਰੀ ਅੰਤ ਵਿਚ ਪ੍ਰਬੰਧਕ ਕਮੇਟੀ ਦੀ ਹੈ।

ਚੋਣ ਨਤੀਜਿਆਂ ਦੇ ਐਲਾਨ ਤੋਂ ਤੀਹ ਦਿਨਾਂ ਬਾਅਦ ਚੋਣ ਕਮੇਟੀ ਆਪਣੇ ਆਪ ਭੰਗ ਹੋ ਜਾਵੇਗੀ। ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀਆਂ ਭਵਿੱਖੀ ਚੋਣਾਂ ਲਈ ਇਸ ਪ੍ਰਕਿਰਿਆ ਦਾ ਪਾਲਣ ਕੀਤਾ ਜਾਵੇਗਾ।" ਗੁਰਦੁਆਰਾ ਪ੍ਰਬੰਧਕ ਕਮੇਟੀ ਬੇਨਤੀ ਕਰਦੀ ਹੈ ਕਿ ਤੁਸੀਂ ਉਪ-ਨਿਯਮਾਂ ਦੀ ਸੋਧ- 'ਆਰਟੀਕਲ VI ਸੈਕਸ਼ਨ 12'-"ਚੋਣ ਕਮੇਟੀ ਦਾ ਗਠਨ, ਪ੍ਰਕਿਰਿਆ, ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ ਦਾ ਮਤਾ" ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰੋ।

### 2. "ਪੜਾਅ (iii) ਉਸਾਰੀ"

**ਵੇਰਵਾ:** ਗੁਰਦੁਆਰਾ ਸਾਹਿਬ ਦੇ ਉੱਤਰੀ ਹਾਲ ਅਤੇ ਦੱਖਣੀ ਹਾਲ 'ਤੇ ਦੂਜੀ ਮੰਜ਼ਿਲਾ ਹਾਲ ਬਣਾਉਣਾ।
**ਉਦੇਸ਼/ਲਾਭ:** ਸ਼ਨਿਚਰਵਾਰ ਨੂੰ ਵਧ ਰਹੇ ਵਿਆਹਾਂ ਦੀ ਮੁੱਖ ਲੋੜ ਨੂੰ ਪੂਰਾ ਕਰਨ ਲਈ, ਐਤਵਾਰ ਨੂੰ ਗੁਰੂ ਨਾਨਕ ਖਾਲਸਾ ਸਕੂਲ ਲਈ ਵਾਧੂ ਥਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, ਹੋਰ ਧਾਰਮਿਕ ਪ੍ਰੋਗਰਾਮਾਂ ਦਾ ਆਯੋਜਨ ਕਰਨਾ, ਵਧ ਰਹੇ ਭਾਈਚਾਰੇ ਲਈ ਭਵਿੱਖ ਦੀਆਂ ਲੋੜਾਂ ਨੂੰ ਪੂਰਾ ਕਰਨਾ।
**ਵੇਰਵਾ:** ਸ਼ਨਿਚਰਵਾਰ ਨੂੰ ਗੁਰਦੁਆਰਾ ਸਾਹਿਬ ਵਿਚ ਵਿਆਹ ਕਰਵਾਉਣ ਦੀ ਵੱਡੀ ਮੰਗ ਹੈ। ਇਸ ਵੇਲੇ ਸਾਨੂੰ ਥਾਂ ਦੀ ਘਾਟ ਕਾਰਨ ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਇਨਕਾਰ ਕਰਨਾ ਪੈ ਰਿਹਾ ਹੈ। ਐਤਵਾਰ ਨੂੰ ਗੁਰੂ ਨਾਨਕ ਖਾਲਸਾ ਸਕੂਲ ਦੇ ਵਿਦਿਆਰਥੀਆਂ ਦੀਆਂ ਕਲਾਸਾਂ ਲਗਾਉਣ ਲਈ ਹੋਰ ਥਾਂ ਦੀ ਵੀ ਲੋੜ ਹੈ। ਵਰਤਮਾਨ ਵਿਚ ਲਗਭਗ 200 ਵਿਦਿਆਰਥੀ ਉੱਤਰੀ ਹਾਲ ਦੇ ਫਰਸ਼ 'ਤੇ ਬੈਠਦੇ ਹਨ, ਇੱਕ ਦੂਜੇ ਦੇ ਨਾਲ 10-12 ਵਿਦਿਆਰਥੀਆਂ ਦੀਆਂ ਕਲਾਸਾਂ ਵਿਚ ਵੰਡਿਆ ਜਾਂਦਾ ਹੈ। ਦੂਜੀਆਂ ਜਮਾਤਾਂ ਦੀ ਨੇੜਤਾ ਅਤੇ ਰੌਲੇ-ਰੱਪੇ ਕਾਰਨ ਪੜ੍ਹਾਉਣ ਦਾ ਮਿਆਰ ਨੀਵਾਂ ਹੋ ਜਾਂਦਾ ਹੈ। ਇਨ੍ਹਾਂ ਮਸਲਿਆਂ ਦੇ ਹੱਲ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਉੱਤਰੀ ਹਾਲ ਅਤੇ ਦੱਖਣੀ ਹਾਲ 'ਤੇ ਦੂਜੀ ਮੰਜ਼ਿਲਾ ਹਾਲ ਬਣਾਉਣ ਦੀ ਤਜਵੀਜ਼ ਹੈ। ਹਫ਼ਤੇ ਦੇ ਦਿਨਾਂ ਅਤੇ ਸ਼ਨਿਚਰਵਾਰ ਨੂੰ ਇਨ੍ਹਾਂ ਦੀ ਵਰਤੋਂ ਗੁਰਦੁਆਰਾ ਪ੍ਰੋਗਰਾਮਾਂ ਅਤੇ ਵਿਆਹਾਂ ਆਦਿ ਲਈ ਕੀਤੀ ਜਾਵੇਗੀ ਅਤੇ ਐਤਵਾਰ ਨੂੰ ਇਹ ਸਕੂਲ ਦੁਆਰਾ ਵਰਤੋਂ ਲਈ ਉਪਲੱਬਧ ਹੋਣਗੇ। ਇਸ ਪ੍ਰੋਜੈਕਟ ਨੂੰ "ਫੇਜ਼ III ਕੰਸਟਰਕਸ਼ਨ" ਕਿਹਾ ਜਾਂਦਾ ਹੈ।
ਮੌਜੂਦਾ ਉਪ-ਨਿਯਮ, ਪ੍ਰਬੰਧਕ ਕਮੇਟੀ ਨੂੰ ਕੋਈ ਵੀ ਰੀਅਲ ਅਸਟੇਟ ਵਿਕਾਸ ਕਾਰਜ ਕਰਨ ਦੀ ਇਜਾਜ਼ਤ ਨਹੀਂ ਦਿੰਦੇ ਹਨ ਜਿਸਦੀ ਲਾਗਤ $250,000 ਤੋਂ ਵੱਧ ਹੋ ਸਕਦੀ ਹੈ। ਪ੍ਰੋਜੈਕਟਾਂ ਲਈ, ਜਿੱਥੇ ਲਾਗਤ $250,000 ਤੋਂ ਵੱਧ ਹੋਵੇਗੀ, ਜਨਰਲ ਬਾਡੀ ਦੀ ਬਹੁਗਿਣਤੀ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਤੁਹਾਨੂੰ "ਫੇਜ਼ III ਉਸਾਰੀ" ਨੂੰ ਮਨਜ਼ੂਰੀ ਦੇਣ ਜਾਂ ਨਾਮਨਜ਼ੂਰ ਕਰਨ ਲਈ ਬੇਨਤੀ ਕਰਦੀ ਹੈ।

### 3. "ਪੂਰਕ ਸੋਲਰ"

**ਵਰਣਨ:** ਬਿਜਲੀ ਦੀ ਵਧਦੀ ਲੋੜ ਨੂੰ ਪੂਰਾ ਕਰਨ ਲਈ ਵਾਧੂ ਸੋਲਰ ਸਿਸਟਮ ਲਗਾਉਣ ਲਈ।
**ਉਦੇਸ਼/ਲਾਭ:** ਇਹ ਗੁਰਦੁਆਰਾ ਸਾਹਿਬ ਦੀ ਜਾਇਦਾਦ ਹੋਵੇਗੀ। ਵਰਤਮਾਨ ਵਿਚ ਸਾਡੇ ਗੁਰਦੁਆਰਾ ਸਾਹਿਬ ਨੂੰ ਵਾਧੂ ਬਿਜਲੀ ਲਈ ਹਰ ਮਹੀਨੇ PG&E ਬਿੱਲ ਨੂੰ $12000 – $16,000 ਦਾ ਭੁਗਤਾਨ ਕਰਨਾ ਪੈਂਦਾ ਹੈ। ਇਸ ਪੈਸੇ ਦੀ ਬਚਤ ਹੋਵੇਗੀ।
**ਵੇਰਵੇ:** ਗੁਰਦੁਆਰਾ ਸਾਹਿਬ ਵਿਚ ਇੱਕ ਸੋਲਰ ਸਿਸਟਮ ਹੈ ਜੋ ਇਸਦੀ ਵਰਤੋਂ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਸਿਸਟਮ 2011 ਵਿਚ ਸਥਾਪਿਤ ਕੀਤਾ ਗਿਆ ਸੀ ਅਤੇ ਸਮੇਂ ਦੇ ਨਾਲ ਇਸਦੀ ਕੁਸ਼ਲਤਾ ਵਿਚ ਕਮੀ ਆਈ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ 2011 ਦੇ ਮੁਕਾਬਲੇ ਹੁਣ ਹਰ ਸਾਲ ਹੋਰ ਵੀ ਕਈ ਪ੍ਰੋਗਰਾਮ ਕਰ ਰਹੇ ਹਨ ਅਤੇ ਇਸ ਕਾਰਨ ਬਿਜਲੀ ਦੀ ਵਰਤੋਂ ਵਿਚ ਕਾਫੀ ਵਾਧਾ ਹੋਇਆ ਹੈ। ਸਾਡਾ ਮੌਜੂਦਾ ਸੋਲਰ ਸਿਸਟਮ ਸਾਡੇ ਗੁਰਦੁਆਰਾ ਸਾਹਿਬ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦਾ ਅਤੇ ਸਾਨੂੰ ਲੋੜੀਂਦੀ ਵਾਧੂ ਬਿਜਲੀ ਲਈ PG&E ਦਾ ਭੁਗਤਾਨ ਕਰਨਾ ਪੈਂਦਾ ਹੈ।
ਇਸ ਮੁੱਦੇ ਨੂੰ ਹੱਲ ਕਰਨ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਾਧੂ ਸੋਲਰ ਸਿਸਟਮ ਲਗਾਉਣ ਦੀ ਤਜਵੀਜ਼ ਰੱਖੀ ਹੈ ਅਤੇ ਇਸ ਨਾਲ ਗੁਰਦੁਆਰਾ ਸਾਹਿਬ ਨੂੰ ਪੀਜੀ ਐਂਡ ਈ ਬਿੱਲ ਵਿਚ ਹਰ ਸਾਲ ਲਗਭਗ $150,000 ਜਾਂ ਇਸ ਤੋਂ ਵੱਧ ਦੀ ਬਚਤ ਹੋਵੇਗੀ। ਇਸ ਪ੍ਰੋਜੈਕਟ ਨੂੰ "ਸਪਲੀਮੈਂਟਲ ਸੋਲਰ" ਕਿਹਾ ਜਾਂਦਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਤੁਹਾਨੂੰ "ਪੂਰਕ ਸੋਲਰ" ਨੂੰ ਮਨਜ਼ੂਰੀ ਦੇਣ ਜਾਂ ਨਾਮਨਜ਼ੂਰ ਕਰਨ ਦੀ ਬੇਨਤੀ ਕਰਦੀ ਹੈ।

*23 ਫਰਵਰੀ, 2025 ਦਿਨ ਐਤਵਾਰ, ਨੂੰ ਗੁਰਦੁਆਰਾ ਸਾਹਿਬ ਦੇ ਮੇਨ ਹਾਲ ਵਿਚ ਦੁਪਹਿਰ 2:00 ਵਜੇ ਗੁਰਦੁਆਰਾ ਜਨਰਲ ਬਾਡੀ ਦੀ ਮੀਟਿੰਗ ਵਿਚ ਇਹਨਾਂ ਤਿੰਨਾਂ ਏਜੰਡਿਆਂ ਨੂੰ ਆਪਣੀ ਪ੍ਰਵਾਨਗੀ ਜਾਂ ਨਾਮਨਜ਼ੂਰ ਕਰਨ ਲਈ ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ। ਇਸਦੇ ਲਈ ਕਿਰਪਾ ਕਰ ਕੇ ਆਪਣੇ ਨਾਲ ਸਰਕਾਰ ਦੁਆਰਾ ਜਾਰੀ ਫੋਟੋ ਆਈਡੀ ਲਿਆਓ। ਜੇਕਰ ਤੁਹਾਡੇ ਕੋਲ ਅਮਰੀਕਾ ਤੋਂ ਸਰਕਾਰ ਦੁਆਰਾ ਜਾਰੀ ਕੀਤੀ ਗਈ ID ਨਹੀਂ ਹੈ ਜਿਸ ਵਿਚ ਤੁਹਾਡੇ ਮੌਜੂਦਾ ਪਤੇ ਦੀ ਜਾਣਕਾਰੀ ਹੈ, ਤਾਂ ਕਿਸੇ ਵੀ ਸਰਕਾਰੀ ਵਿਭਾਗ ਤੋਂ ਹਾਲ ਹੀ ਵਿਚ ਪ੍ਰਾਪਤ ਹੋਏ ਪੱਤਰ ਦੀ ਇੱਕ ਕਾਪੀ ਲਿਆਓ ਜੋ ਤੁਹਾਡਾ ਮੌਜੂਦਾ ਰਿਹਾਇਸ਼ੀ ਪਤਾ ਦਰਸਾਉਂਦੀ ਹੈ। ਫੋਟੋ ਆਈਡੀ ਲਈ, ਤੁਸੀਂ ਆਪਣਾ ਵਿਦੇਸ਼ੀ ਜਾਂ ਅਮਰੀਕੀ ਪਾਸਪੋਰਟ ਲਿਆ ਸਕਦੇ ਹੋ। ਤੁਹਾਡੀ ਮੈਂਬਰਸ਼ਿਪ ਸਥਿਤੀ ਦੀ ਪੁਸ਼ਟੀ ਕਰਨ ਤੋਂ ਬਾਅਦ, ਤੁਹਾਨੂੰ ਮੁੱਖ ਹਾਲ ਵਿਚ ਮੀਟਿੰਗ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ।*

**ਭੁਪਿੰਦਰ (ਬੌਬ) ਸਿੰਘ ਢਿੱਲੋਂ**
**ਪ੍ਰਧਾਨ, ਸਿੱਖ ਗੁਰਦੁਆਰਾ ਸੈਨ ਹੋਜ਼ੇ**



# ਖੇਤੀ ਇਨਕਲਾਬ ਦੀ

**ਪੰਜਾਬ ਯੂਨੀਵਰਸਿਟੀ ਚੰਡੀਗੜ ਵਿੱਚ ਜਦ ਇਹ ਫਿਲਮ ਮਨੁੱਖੀ ਅਧਿਕਾਰ ਦਿਨ ਤੇ ਦਿਖਾਈ ਗਈ ਤਾਂ ਦੋ ਘੰਟੇ ਦਰਸ਼ਕ ਇੰਜ ਬੱਝ ਕੇ ਦੇਖਦੇ ਰਹੇ ਕਿ ਕੋਈ ਖਾਂਘਿਆ ਤੱਕ ਨਹੀਂ। ਫਿਲਮ ਵਿੱਚ ਉਗਰਾਹਾਂ ਗਰੁਪ ਵਲੋਂ 10 ਦਸੰਬਰ 2020 ਨੂੰ ਮਨੁੱਖੀ ਅਧਿਕਾਰ ਦਿਨ ਮਨਾਇਆ ਗਿਆ ਸੀ, ਜਿਸ ਵਿੱਚ ਭੀਮਾਕੋਰੇ ਗਾਓ ਦੇ ਕੇਸ ਦੇ ਜੇਲਾਂ ਵਿੱਚ ਬੰਦ ਸਿਆਸੀ ਕਾਰਕੁਨਾਂ ਤੇ ਫੋਕਸ ਕਰਕੇ ਉਨ੍ਹਾਂ ਦੀ ਰਿਹਾਈ ਮੰਗੀ ਗਈ ਸੀ, ਪਰ ਫਿਲਮ ਵਿੱਚ ਉਹ ਦ੍ਰਿਸ਼ ਨਹੀਂ ਹੈ, ਹਾਲਾਂਕਿ ਮਨੁੱਖੀ ਅਧਿਕਾਰ ਦਿਨ ਦੇ ਪੋਸਟਰ ਨਾਲ ਉਗਰਾਹਾਂ ਦਾ ਭਾਸ਼ਣ ਦਿਖਾਇਆ ਗਿਆ ਹੈ।**



**ਚਮਨ ਲਾਲ**

ਕੀ ਇਨਕਲਾਬ ਦੀ ਵੀ ਖੇਤੀ ਹੋ ਸਕਦੀ ਹੈ? ਸ਼ਾਇਦ ਹਾਂ, ਸ਼ਾਇਦ ਨਹੀਂ? ਪਰ ਕਲਾਕਾਰ ਦੀ ਕਲਪਨਾ ਵਿੱਚ ਤਾਂ ਜ਼ਰੂਰ ਹੋ ਸਕਦੀ ਹੈ! ਪੰਜਾਬ ਵਿੱਚ 2020-21 ਦੌਰਾਨ ਚਲੇ ਕਿਰਸਾਣੀ ਘੋਲ ਨੇ ਸੈਂਕੜੇ ਕਵਿਤਾਵਾਂ, ਕਹਾਣੀਆਂ ਤੇ ਕੁਝ ਨਾਵਲਾਂ ਨੂੰ ਜਨਮ ਦਿੱਤਾ। ਪਰ ਸੋਸ਼ਲ ਮੀਡਿਆ ਅਤੇ ਕੈਮਰੇ ਦੇ ਜੁਗ ਵਿੱਚ ਹਜ਼ਾਰਾਂ, ਬਲਕਿ ਲਖਾਂ ਫੋਟੋਆਂ ਵੀ ਖਿੱਚੀਆਂ ਗਈਆਂ। ਪਰ ਫੋਟੋਗਰਾਫਸ ਤੋਂ ਅਗਲਾ ਤੇ ਜ਼ਰੂਰੀ ਕੰਮ ਹੈ, ਇਸ ਲੰਬੇ ਤੇ ਨਾ ਸਿਰਫ ਹਿੰਦੁਸਤਾਨ ਬਲਕਿ ਦੁਨੀਆਂ ਦੇ ਇਤਿਹਾਸ ਵਿੱਚ ਨਵੇਕਲੇ ਤੌਰ 'ਤੇ ਦਰਜ ਇਸ ਕਿਰਸਾਣੀ ਘੋ.ਲ ਦਾ ਦਸਤਾਵੇਜੀਕਰਨ! ਇਹ ਦਸਤਾਵੇਜ਼ ਛਾਪੇ ਰੂਪ ਵਿੱਚ ਵੀ ਹੁੰਦੇ ਹਨ ਅਤੇ ਸਕਰੀਨ ਤੇ ਦਰਜ ਜਿਉਂਦੇ ਜਾਗਦੇ ਦ੍ਰਿਸ਼ਾਂ ਰੂਪ ਵਿੱਚ ਵੀ, ਜੋ ਸ਼ਾਇਦ ਛਪੇ ਰੂਪ ਦੀਆਂ ਕਿਤਾਬਾਂ, ਰਸਾਲਿਆਂ ਅਤੇ ਅਖ਼ਬਾਰਾਂ ਤੋਂ ਕਿਤੇ ਵੱਧ ਅਸਰ ਅੰਦਾਜ਼ ਹੁੰਦੇ ਹਾਂ, ਖ਼ਾਸ ਕਰ ਘੋਲ ਦੇ ਖਤਮ ਹੋਣ ਬਾਦ ਇੱਕ ਵਿਲੱਖਣ ਇਤਿਹਾਸ ਰੂਪ ਵਿੱਚ ਜ਼ਿੰਦਾ ਰਹਿਣ ਲਈ। ਘੋਲ ਦੇ ਦੌਰਾਨ ਦੋ ਤਰਾਂ ਦੇ ਮੀਡਿਆਸਾਹਮਣੇ ਆਏ। ਇੱਕ ਜਿਸਨੂੰ ਗੋਦੀ ਮੀਡਿਆ ਦਾ ਲਕਬ ਦੇ ਦਿੱਤਾ ਗਿਆ ਹੈ ਅਤੇ ਇਸ ਲਕਬ ਨੇ ਸਮਾਜਕ ਰੂਪ ਵਿੱਚ ਮਕਬੂਲੀਅਤ ਵੀ ਹਾਸਿਲ ਕਰ ਲਈ ਹੈ, ਕਿਉਂਕਿ ਗੋਦੀ ਯਾ ਸਰਕਾਰ ਦੀ ਗੋਦੀ ਵਿੱਚ ਬੈਠੇ ਮੀਡਿਆ ਨੇ ਬਾਵਜੂਦ ਇੰਨੇ ਵੱਡੇ ਇਤਿਹਾਸਿਕ ਘੋਲ ਦੇ, ਜੋ ਦੁਨੀਆਂ ਦੇ ਮੀਡਿਆ ਵਿੱਚ ਕਾਫੀ ਸਹੀ ਤੌਰ ਤੇ ਦਰਜ ਹੋਇਆ, ਉਸਨੂੰ ਹਿੰਦੁਸਤਾਨ ਦੇ ਬਿਜਲਈ ਗੋਦੀ ਮੀਡਿਆ ਨੇ ਸਰਕਾਰ ਦੀ ਗੋਦੀ ਵਿੱਚ ਬੈਠ ਕੇ ਇਸਦਾ ਅਕਸ ਬਿਗਾੜਨ ਵਿੱਚ ਕੋਈ ਕੋਰ ਕਸਰ ਨਹੀਂ ਛੱਡੀ, ਕਦੀ ਇਸਨੂੰ ਖਾਲ਼ਿਸਤਾਨੀ ਕਹਿ ਕੇ ਕਦੀ ਨਕਸਲੀ ਕਹਿ ਕੇ ! ਪਰ 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਨੇ ਕਿਸਾਨੀ ਘੋਲ ਦਾ ਅਕਸ ਤਾਂ ਨਹੀਂ ਬਿਗਾੜਿਆ, ਪਰ ਰਵੀਸ਼ ਕੁਮਾਰ ਜਾਂ ਰਾਜਦੀਪ ਸਰਦੇਸਾਈ ਵਗੈਰਾ ਨੂੰ ਛੱਡ ਕੇ ਗੋਦੀ ਬਿਜਲਈ ਮੀਡੀਆ ਦੇਹੋਰ ਐਂਕਰਾ ਦਾ ਪੂਰੀ ਤਰਾਂ ਜਲੂਸ ਕੱਢ ਦਿੱਤਾ।

ਨਿਸ਼ਠਾ ਜੈਨ ਸਮਾਜੀ ਹਕੀਕਤਾਂ ਪ੍ਰਤੀ ਇੱਕ ਪ੍ਰਤੀਬੱਧ ਫਿਲਮਸਾਜ਼ ਹੈ। ਉਸਨੂੰ ਸ਼ੁਰੂ ਤੋਂ ਹੀ ਇਸ ਘੋਲ ਨੂੰ ਇੱਕ ਦਸਤਾਵੇਜ਼ੀ ਫਿਲਮ ਬਣਾਉਣ ਦੀ ਪ੍ਰੇਰਣਾ ਦਿੱਤੀ। ਉਹ ਫਿਲਮੀ ਦੁਨੀਆਂ ਵਿੱਚ ਆਪਣੀ ਵਿਚਾਰਕ ਆਜ਼ਾਦੀ ਲਈ ਜਾਨੀਂ ਜਾਂਦੀ ਹੈ ਅਤੇ ਉਸ ਦੇ ਫੇਸਬੁਕ ਸਫੇ ਤੋਂ ਉਸਦੀ ਵਿਚਾਰਕ ਪਰਪੱਕਤਾ ਅਤੇ ਸਾਫਬਿਆਨੀ ਦੇ ਉਦਾਹਰਣ ਦੇਖੇ ਜਾ ਸਕਦੇ ਹਨ। ਸ਼ਹੀਦ ਊਧਮ ਸਿੰਘ ਤੇ ਬਣੀ ਜਿਸ ਸਰਦਾਰ ਫਿਲਮ ਦੀ ਰੱਜ ਕੇ ਤਾਰੀਫ ਹੋ ਰਹੀ ਸੀ, ਉਦੋਂ ਉਸਨੇ ਇਸਦੀਆਂ ਇਤਿਹਾਸਿਕ ਅਤੇ ਕਲਾਤਮਕ ਉਣਤਾਈਆਂਬਾਰੇ ਖੁਲ ਕੇ ਲਿਖਿਆ। ਕਿਰਸਾਣੀ ਘੋਲ ਬਾਰੇ ਉਹ ਰਣਦੀਪ ਮਦੋਕੇ, ਮਨਦੀਪ ਪੂਨੀਆ ਵਰਗੇ ਉਨਾ ਸੁਹਿਰਦ ਸਿਰਜਣਾਤਮਕ ਨੌਜਵਾਨਾਂ ਨਾਲ ਜੁੜੀ, ਜੋ ਆਪਣੇ ਤੇ ਖਤਰੇ ਉਠਾ ਕੇ ਕਿਰਸਾਣੀ ਘੋਲ ਦੀ ਹਿਮਾਯਤ ਅਤੇ ਉਸਨੂੰ ਯੂਟਯੂਬ ਆਦ ਰਾਹੀਂ ਲੋਕਾਂ ਤੱਕ ਪੁਚਾ ਰਹੇ ਸਨ। ਆਰਥਿਕ ਸਰੋਤਾਂ ਦੀ ਘਾਟ ਦੇ ਬਾਵਜੂਦ ਨਿਸ਼ਠਾ ਜੈਨ ਨੇ ਇਸ ਘੋਲ ਤੇ ਕਰੀਬ ਦੋ ਘੰਟੇ ਦੀ ਡਾਕੂਮੈਂਟਰੀ ਬਣਾ ਕੇ ਸਮਾਜ ਤੇ ਖ਼ਾਸ ਕਰ ਪੰਜਾਬ ਦੇ ਕਿਰਸਾਣੀ ਘੋਲ ਵਿੱਚ ਪਾਏ ਹਿੱਸੇ ਦੀ ਜਿਉਂਦੀ ਜਾਗਦੀ ਤਸਵੀਰ ਖਿੱਚ ਦਿੱਤੀ ਹੈ। ਪੂਰੀ ਫਿਲਮ ਪੰਜਾਬੀ ਵਿੱਚ ਹੀ ਹੈ ਅਤੇ ਪੰਜਾਬੋਂ ਬਾਹਰਲੇ ਦਰਸ਼ਕਾਂ ਲਈ ਸਕਰੀਨ ਦੇ ਦ੍ਰਿਸ਼ ਅਤੇ ਅੰਗਰੇਜ਼ੀ ਸਬ ਟਾਈਟਲ ਹੀ ਫਿਲਮ ਨੂੰ ਸਮਝਣ ਦਾ ਵਸੀਲਾ ਹਨ।

ਫਿਲਮ ਦੀ ਸ਼ੁਰੂਆਤ ਪਿਠਭੂਮੀ ਵਿੱਚ ਗੁਰਬਾਣੀ ਦੇ ਪਾਠ ਅਤੇ ਕਿਸਾਨ ਆਗੂ ਦੀ ਤਕਰੀਰ ਨਾਲ ਹੁੰਦੀ ਹੈ। ਦਿਲਚਸਪ ਗੱਲ ਇਹ ਹੈ ਕਿਰਸਾਣੀ ਦੇ ਮੁੱਖ ਆਗੂਆਂ ਵਿੱਚ ਖੱਬੇ ਪੱਖੀ ਅਤੇ ਭਗਤ ਸਿੰਘ ਦੇ ਵਿਚਾਰਾਂ ਨੂੰ ਮੰਨਣ ਵਾਲੇ ਸਨ ਅਤੇ ਹਨ। ਫਿਲਮ ਦੇ ਇੱਕ ਦ੍ਰਿਸ਼ ਵਿੱਚ ਇੱਕ ਕਿਸਾਨ ਕਾਰਕੁਨ ਦੇ ਹੱਥ ਵਿੱਚ ਭਗਤ ਸਿੰਘ ਦੀ ਲਿਖਤ ਮੈਂ ਨਾਸਤਿਕ ਕਿਉਂ ਹਾਂ ਉਘਾੜੀ ਗਈ ਹੈ। ਪਰ ਇਸ ਤੋਂ ਇਹ ਗੱਲ ਵੀ ਸਮਝ ਆਉਂਦੀ ਹੈ ਕਿ ਆਮ ਕਿਰਸਾਣੀ ਲਈ ਗੁਰਬਾਣੀ ਆਪਣੇ ਘੋਲ ਲਈ ਵੱਡਾ ਪ੍ਰੇਰਣਾ ਸਰੋਤ ਸੀ, ਜਿਸਨੂੰ ਫਿਲਮ ਵਿੱਚ ਕਈ ਜਗਾਹ ਉਘਾੜਿਆ ਗਿਆ ਹੈ। ਜਿਵੇਂ ਜਦ 26 ਜਨਵਰੀ 2021 ਨੂੰ ਲਾਲ ਕਿਲੇ ਤੇ ਖਾਲਸਾਈ ਝੰਡਾ ਝੁਲਾਉਣ ਪਿਛੋਂ ਸਟੇਟ ਦੇ ਤਸ਼ੱਦਦ ਕਰਕੇ ਘੋਲ ਵਿੱਚ ਨਿਰਾਸ਼ਾ ਦਾ ਮਾਹੌਲ ਬਣ ਗਿਆ ਸੀ ਅਤੇ ਲਗਦਾ ਸੀ ਕਿ ਸ਼ਾਇਦ ਹੁਣ ਅਗੇ ਘੋਲ ਜਾਰੀ ਰੱਖਣਾਮੁਮਕਨ ਨਾ ਹੋਵੇ। ਉਸ ਵੇਲੇ ਦੋ ਚੀਜ਼ਾਂ ਨੇ ਕਿਸਾਨਾਂ ਦੇ ਹੌਸਲੇ ਟੁੱਟਣ ਨਹੀਂ ਦਿੱਤੇ। ਇੱਕ ਪਾਸੇ ਯੂ ਪੀ ਵਾਲੇ ਪਾਸੇ ਗਾਜੀਪੁਰ ਬਾਡਰ ਤੇ ਰਾਕੇਸ਼ ਟਿਕਾਇਤ ਦਾ ਜਜ਼ਬਾਤੀ ਹੋਕੇ ਰੋਣ ਦਾ ਦ੍ਰਿਸ਼ ਜੋ ਪੁਲਿਸ ਦੇ ਤਸ਼ੱਦਦ ਕਰ ਕੇ ਪੈਦਾ ਹੋਇਆ ਸੀ। ਇਸ ਨਾਲ ਪੂਰੀ ਕਿਰਸਾਣੀ ਵਿੱਚ ਇੱਕ ਨਵਾਂ ਜਜ਼ਬਾਤੀ ਤੂਫਾਨ ਉਠਿਆ ਅਤੇ ਦੂਜੇ ਪਾਸੇ ਪੰਜਾਬ ਦੀਕਿਰਸਾਣੀ ਵਲੋਂ ਸਿੰਘੂ ਅਤੇ ਟੀਕਰੀ ਬਾਡਰ ਤੇ ਗੁਰਬਾਣੀ ਦਾ ਭਾਵੁਕ ਹੋਕੇ ਲਗਾਤਾਰ ਸੰਗੀਤਕ ਸੁਰਾਂ ਵਿੱਚ ਉਚੀ-ਉਚੀ ਆਵਾਜ਼ ਵਿੱਚ ਪਾਠ।








ਦੋਵਾਂ ਚੀਜ਼ਾਂ ਨੇ ਨਿਰਾਸ਼ ਹੁੰਦੀ ਕਿਰਸਾਣੀ ਨੂੰ ਨਵੇਂ ਸਿਰੀਓਂ ਤਾਕਤ ਬਖਸ਼ੀ ਅਤੇ ਘੋਲ ਪਹਿਲਾਂ ਨਾਲੋਂ ਵੀ ਮਜ਼ਬੂਤ ਕਦਮਾਂ ਨਾਲ ਅਗੇ ਵਧਿਆ। ਇਹ ਦੋਵੇਂ ਦ੍ਰਿਸ਼ ਫਿਲਮ ਵਿੱਚ ਬੜੀ ਕਲਾਤਮਕ ਦ੍ਰਿਸ਼ਟੀ ਨਾਲ ਫਿਲਮਾਏ ਗਏ ਹਨ।

ਫਿਲਮ ਕੇਂਦਰੀ ਸਰਕਾਰ ਵਲੋਂ ਸਿਤੰਬਰ 2020 ਵਿੱਚ ਲਿਆਣੇ ਤਿੰਨ ਕਿਸਾਨ ਵਿਰੋਧੀ ਕਾਨੂਨਾ ਤੋਂ ਸ਼ੁਰੂ ਹੁੰਦੀ ਹੈ। ਪਹਿਲੇ ਦੋ ਮਹੀਨੇ ਇੰਨਾ ਕਾਨੂੰਨਾਂ ਦਾ ਵਿਰੋਧ ਸਾਰੇ ਪੰਜਾਬ ਵਿੱਚ ਸ਼ੁਰੂ ਹੁੰਦਾ ਹੈ। ਹੌਲੀ ਹੌਲੀ ਸੰਯੁਕਤ ਕਿਸਾਨ ਮੋਰਚਾ ਬਣਦਾ ਅਤੇ ਇਸਦਾ ਵਿਸਤਾਰ ਹੁੰਦਾ ਹੈ। ਮੁਲਕ ਦੀ ਪੱਧਰ ਤੇ ਵਿਰੋਧ ਸ਼ੁਰੂ ਹੁੰਦਾ ਹੈ ਅਤੇ 26 ਨਵੰਬਰ 2020 ਤੋਂ ਦਿੱਲੀ ਕਿਸਾਨ ਪਹੁੰਚਦੇ ਹਨ ਅਤੇ ਤਿੰਨਬਾਡਰਾਂ -ਸਿੰਘੂ , ਟੀਕਰੀ ਅਤੇ ਗਾਜੀਪੁਰ ਤੇ ਪੱਕੇ ਧਰਨੇ ਲੱਗ ਜਾਂਦੇ ਹਨ। ਤਿੰਨਾਂ ਜਗਾਹ ਤੇ ਆਪਸੀ ਸਹਮਤੀ ਨਾਲ ਵਖੋ ਵੱਖ ਕਿਸਾਨ ਜਥੇਬੰਦੀਆਂ ਧਰਨੇ ਲਾ ਲੈਂਦੀਆਂ ਹਨ। ਦਿੱਲੀ ਪਹੁੰਚਣ ਤੋਂ ਰੋਕਣ ਲਈ ਸਰਕਾਰ ਨੇ ਬਥੇਰਾ ਜ਼ੋਰ ਲਾਇਆ, ਪਰ ਪੁਰ ਅਮਨ ਤਰੀਕੇ ਨਾਲ, ਕਿਸਾਨ ਡਟੇ ਰਹੇ ਅਤੇ ਜਦ ਉਨ੍ਹਾਂ ਨੂੰ ਦਿੱਲੀ ਦੇ ਅੰਦਰ ਧਰਨੇ ਲਈ ਕੋਈ ਜਗਾਹ ਨਾ ਦਿੱਤੀ ਗਈ ਤਾਂ ਬਾਡਰ ਨੂੰ ਹੀ ਧਰਨੇ ਦੀਆਂ ਪੱਕੀਆਂ ਥਾਂਵਾਂ ਬਣਾ ਲਿਆ। ਟੀਕਰੀ ਬਾਡਰ ਤੇ ਭਾਰਤੀ ਕਿਸਾਨ ਯੂਨਿਅਨ (ਉਗਰਾਹਾਂ) ਗਰੁਪ ਦਾ ਜ਼ੋਰ ਸੀ, ਜਿਸ ਜਥੇਬੰਦੀ ਵੱਲੋਂ ਧਰਨੇ ਵਿੱਚ ਔਰਤਾਂ ਦੀ ਸ਼ਮੂਲੀਅਤ ਵੱਡੇ ਪੱਧਰ ਤੇ ਕਰਵਾਈ। ਹਰ ਰੋਜ਼ ਦਿਨ ਵੇਲੇ ਤਿੰਨਾਂ ਥਾਂਵਾਂ ਤੇ ਪਬਲਿਕ ਮੀਟਿੰਗਾਂ ਹੁੰਦੀਆਂ ਤੇ ਆਗੂਆਂ ਦੀਆਂ ਤਕਰੀਰਾਂ ਤੋਂ ਇਲਾਵਾ ਪੰਜਾਬ ਦੇ ਉਘੇ ਗਾਇਕ ਉਥੇ ਆਪਣੇ ਲੋਕ ਗੀਤਾਂ ਨਾਲ ਧਰਨੇ ਤੇ ਬੈਠੇ ਲੋਕਾਂ ਦਾ ਮਨੋਰੰਜਨ ਵੀ ਕਰਦੇ। ਫਿਲਮ ਵਿੱਚ ਪੂਰੇ ਸਾਲ ਦੇ ਦੌਰਾਨ ਕਿਸਾਨ ਕਿੰਨਾ ਮੁਸੀਬਤਾਂ ਵਿਚੋਂ ਲੰਘੇ, ਕਿਵੇਂ 6 ਮਹੀਨੇ ਦੇ ਬੱਚੇ ਤੋਂ ਲੈਕੇ 90 ਸਾਲ ਤੱਕ ਦੇ ਬਜ਼ੁਰਗ ਔਰਤਾਂ ਮਰਦਾਂ ਨੇ ਧਰਨੇ ਵਿੱਚ ਸ਼ਮੂਲੀਅਤ ਕੀਤੀ, ਇਸਦਾ ਮੂਰਤ ਦ੍ਰਿਸ਼ਾਂ ਰਾਹੀਂ ਬਿਆਨ ਕੀਤਾ ਗਯਾ ਹੈ। ਸਰਕਾਰ ਨੇ ਗੱਲਬਾਤ ਰਾਹੀਂ ਕਿਸਾਨਾਂ ਨੂੰ ਉਲਝਾਉਣ ਤੇ ਲਾਰੇ ਲੱਪਿਆਂ ਨਾਲ ਵਰਚਾਉਣ ਦੀ ਬੜੀ ਕੋਸ਼ਿਸ਼ ਕੀਤੀ। ਫਿਲਮ ਵਿੱਚ ਏਹ ਦ੍ਰਿਸ਼ ਵੀ ਹੈ ਕਿ ਗੱਲਬਾਤ ਸਮੇਂ ਕਿਸਾਨ ਆਗੂ ਸਰਕਾਰੀ ਲੰਚ ਨਾ ਕਰਕੇ ਕਿਵੇਂ ਆਪਣੇ ਧਰਨਿਆਂ ਦੀ ਥਾਂ ਤੋਂ ਆਪਣਿਆਂ ਰੋਟੀਆਂ ਲੈਕੇ ਜਾਂਦੇ ਸਨ। ਕਿਸਾਨ ਆਗੂਆਂ ਦੀ ਪਕਿਆਈ ਤੇ ਦ੍ਰਿੜਤਾ ਇੰਨਾ ਪਰਤੀਕਾਂ ਰਾਹੀਂ ਵੀ ਸਰਕਾਰ ਨੂੰ ਪਤਾ ਲਗ ਰਹੀ ਸੀ। ਸਭਿਆਚਾਰਕ ਤੌਰ ਤੇ ਕੰਵਰ ਗਰੇਵਾਲ ਦੇ ਗੀਤ, ਬਹੁਤ ਸਾਰੇ ਕਵੀਆਂ ਦੀਆਂ ਕਵਿਤਾਵਾਂ ਕਿਸਾਨਾਂ ਨੂੰ ਹਲੂਣਾ ਦੇਈਂ ਰਖਦੀਆਂ ਸਨ। ਪੰਜਾਬ ਦੇ ਲੇਖਕਾਂ, ਬੁੱਧੀਜੀਵੀਆਂ ਵਿਚੋਂ ਸ਼ਾਇਦ ਹੀ ਕੋਈ ਹੋਵੇ ਜੇਹੜਾ ਇਸ ਸੰਘਰਸ਼ ਵਿੱਚ ਕਿਸਾਨਾਂ ਦਾ ਸਾਥ ਦੇਣ ਲਈ ਧਰਨਿਆ ਤੇ ਨਾ ਪਹੁੰਚਿਆ ਹੋਵੇ। ਇੱਕ ਵਾਰ ਕਿਸਾਨ 26 ਜਨਵਰੀ ਦੀ ਲਾਲ ਕਿਲੇ ਦੀ ਘਟਨਾ ਤੋਂ ਮੁਕਤ ਹੋ ਗਏ, ਫਿਰ ਤਾਂ ਕਿਸਾਨਾਂ ਤੇ ਸਰਕਾਰ ਵਿੱਚ ਨਸਾਂ ਦੀ ਲੜਾਈ ਭਾਵ ਮਨੋਵਿਗਿਆਨਕ ਯੁੱਧ ਸ਼ੁਰੂ ਹੋ ਗਿਆ ਕਿ ਪਹਿਲੋਂ ਕੌਣ ਪੈਰ ਛਡਦਾ ਹੈ। ਕਿਸਾਨਾਂ ਤੇ ਸਰਕਾਰ ਨੇ ਜ਼ੁਲਮ ਦੀ ਇੰਤਹਾ ਕਰ ਕੇ ਦੇਖ ਲਈ। 700 ਤੋਂ ਵੱਧ ਕਿਸਾਨ ਜਿੰਨਾਂ ਵਿੱਚ ਜਿਆਦਾਤਰ ਨੌਜਵਾਨ ਸਨ, ਮੋਰਚੇ ਦੌਰਾਨ ਸ਼ਹੀਦ ਹੋ ਗਏ। ਅਖੀਰ ਨੂੰ ਮੋਦੀ ਸਰਕਾਰ ਜਿਸਨੇ ਨੌਂ ਸਾਲਾਂ ਵਿੱਚ ਕਿਸੇ ਅੱਗੇ ਵੀ ਝੁਕਣਾ ਨਹੀਂ ਸਿੱਖਿਆ ਸੀ, ਕਿਸਾਨ ਏਕਤਾ ਤੇ ਸ਼ਹਾਦਤ ਦੇ ਜਜ਼ਬੇ ਅੱਗੇ ਉਸਨੂੰ ਝੁਕਣਾ ਪਿਆ ਅਤੇ ਇੱਕ ਸਾਲ ਤੋਂ ਵੱਧ (379 ਦਿਨਾਂ) ਦੇ ਧਰਨੇ ਤੋਂ ਬਾਅਦ ਕਾਨੂੰਨ ਵਾਪਿਸ ਲੈਣੇ ਪਾਏ। ਫਿਲਮ ਵਿੱਚ ਗਰਮੀ, ਸਰਦੀ, ਬਰਸਾਤ ਦੌਰਾਨ ਧਰਨੇ ਤੇ ਟੇਂਟ ਵਿੱਚ ਬੈਠੇ ਔਰਤ, ਮਰਦ , ਬੱਚਿਆਂ ਦੇ ਅਜਿੱਤ ਜਜ਼ਬੇ ਤੇ ਅਕੀਦੇ ਸਾਹਮਣੇ ਝੁਕਣਾ ਪਿਆ।

ਫਿਲਮ ਵਿੱਚ ਬੜੇ ਸਜੀਵ ਢੰਗ ਨਾਲ ਦ੍ਰਿਸ਼ ਫਿਲਮਾਏ ਹਨ, ਜਿਵੇਂ ਸਰਦੀ ਵਿੱਚ ਰਜਾਈਆਂ ਦੀ ਘਾਟ। ਇੱਕ ਭੈਣ ਆਪਣੇ ਭਰਾ ਨੂੰ ਹਸਦਿਆਂ ਕਹਿੰਦੀ ਹੈ ਕਿ ਮੈਂ ਤੈਨੂੰ ਰੋਟੀ ਬਣਾ ਦੂੰ, ਪਰ ਤੂੰ ਮੈਨੂੰ ਰਜਾਈ ਲਿਆ ਕੇ ਦੇ। ਮਰਦ ਤੇ ਔਰਤਾਂ ਮਿਲ ਕੇ ਰੋਟੀ ਪਕਾਉਂਦੇ, ਭਾਂਡੇ ਧੋਂਦੇ ਅਤੇ ਸਾਰੇ ਕੰਮ ਜੇਹੜੇ ਘਰਾਂ ਵਿੱਚ ਸਿਰਫ ਔਰਤਾਂ ਕਰਦਿਆਂ ਹਨ, ਇਥੇ ਮਰਦ ਵੀ ਕਰਦੇ ਹਨ। ਇਹ ਗੱਲ ਜ਼ਰੂਰ ਹੈ ਕਿ ਜੋਗਿੰਦਰ ਸਿੰਘ ਉਗਰਾਹਾਂ ਤੇ ਫਿਲਮ ਵਿੱਚ ਵੱਧ ਧਿਆਨ ਕੇਂਦਰਤ ਹੈ, ਹਾਲਾਂਕਿ ਰਾਕੇਸ਼ ਟਿਕਾਇਤ, ਯੋਗਿੰਦਰ ਯਾਦਵ ਰਮਿੰਦਰ ਸਿੰਘ, ਬਲਬੀਰ ਰਾਜੇਵਾਲ,ਡਲੇਵਾਲ ਆਦਿ ਆਗੂ ਵੀ ਨਜ਼ਰ ਆਉਂਦੇ ਹਾਂ, ਪਰ ਉਗਰਾਹਾਂ ਦਾ ਭਾਸ਼ਣ ਸਬ ਤੋਂ ਵੱਧ ਵਾਰ ਦਿਖਾਇਆ ਗਯਾ ਹੈ। ਬਸੰਤੀ ਰੰਗ ਦੀਆਂ ਚੁੰਨੀਆਂ ਨਾਲ ਔਰਤਾਂ ਦੀ ਬੜੀ ਵੱਡੀ ਹਾਜ਼ਰੀ ਨੂੰ ਬੜੀ ਚੰਗੀ ਤਰਾਂ ਫਿਲਮਾਇਆ ਗਿਆ ਹੈ। ਸਾਰਾ ਦਿਨ ਕਿਵੇਂ ਲੰਘੇ ਇਸਨੂੰ ਕਦੀ ਖੇਡਾਂ ਰਾਹੀਂ ਕਦੀ ਨਚਦਿਆਂ ਗਾਉਂਦਿਆਂ ਕਦੀ ਮੋਬਾਇਲ ਜਾਂਵੱਡੇ ਪਰਦੇ ਤੇ ਸੰਘਰਸ਼ ਦੀਆਂ ਫਿਲਮਾਂ ਦੇਖਦਿਆਂ, ਭਾਸ਼ਣ ਸੁਣਦੀਆਂ ਜ਼ਿੰਦਾ ਦਿਲੀ ਦੇ ਰੂਪ ਵਿੱਚ ਫਿਲਮਾਇਆ ਗਿਆ ਹੈ। ਇੱਕ ਦਿਲਚਸਪ ਗੱਲ ਧਰਨੇ ਵਿੱਚ ਸ਼ਰਾਬ ਪੀਣ ਵਾਲਿਆਂ ਦਾ ਹਿਸਾਬ ਰੱਖਣ ਦੀ ਹੈ। ਉਨ੍ਹਾਂ ਨੂੰ ਮਜ਼ਾਕ ਵਿੱਚ ਭਾਈ ਸਾਹਿਬ ਦਾ ਲਕਬ ਦਿੱਤਾ ਗਿਆ ਹੈ ਅਤੇ ਉਨ੍ਹਾਂ ਤੇ ਬਾਕਾਇਦਾ ਨਜ਼ਰਸਾਨੀ ਕੀਤੀ ਜਾਂਦੀ ਹੈ ਕਿ ਕੋਈ ਮਾੜੀ ਘਟਨਾ ਨਾ ਕਰ ਦੇਣ। ਪਰ ਉਨ੍ਹਾਂ ਪ੍ਰਤੀ ਰਵਈਆ ਹਮਦਰਦੀ ਵਾਲਾਂ ਹੈ ਨਾਕੇ ਉਨ੍ਹਾਂ ਪ੍ਰਤੀ ਘਿਰਣਾ ਵਾਲਾਂ। ਜਥੇਬੰਦੀਆਂ ਪੈਸੇ ਅਤੇ ਚੰਦੇ ਦਾ ਵੀ ਹਿਸਾਬ ਕਿਤਾਬ ਰੱਖਦੀਆਂ ਹਨ।

ਨਿਸ਼ਠਾ ਜੈਨ ਨੇ ਚਾਰ ਸੌ ਘੰਟੇ ਦੀ ਸ਼ੂਟਿੰਗ ਕੀਤੀ ਸੀ, ਜਿਸ ਵਿਚੋਂ ਇੱਕ ਘੰਟਾ ਪੰਤਾਲੀ ਮਿੰਟ ਦੀ ਇਹ ਸੰਪਾਦਿਤ ਡਾਕੂਮੈਂਟਰੀ ਬਣਾ ਕੇ ਦੁਨੀਆਂ ਭਰ ਵਿੱਚ ਨਾਮਣਾ ਖਟਿਆ ਹੈ ਅਤੇ ਯੂਰਪ ਵਿੱਚ ਇਸ ਫਿਲਮ ਨੇ ਇਨਾਮ ਵੀ ਹਾਸਿਲ ਕੀਤੇ ਹਨ। ਧਰਨਕਾਰੀਆਂ ਕੋਲ ਭਗਤ ਸਿੰਘ, ਰਾਜਗੁਰੂ, ਸੁਖਦੇਵ, ਊਧਮ ਸਿੰਘ, ਪਾਸ਼ ਆਦਿ ਨਾਇਕਾ ਦੀਆਂ ਤਸਵੀਰਾਂ ਆਮ ਹੀ ਦਿਖਾਈ ਦਿੰਦਿਆਂ ਹਾਂ।

ਕਿਸਾਨਾਂ ਨੇ ਆਪਣਾ ਖੁਦ ਦਾ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਅਖ਼ਬਾਰ ਟ੍ਰਾਲੀ ਟਾਇਮ ਵੀ ਧਰਨੇ ਦੌਰਾਨ ਜਾਰੀ ਰਖਿਆ। ਇੰਜ ਇਸ ਲੰਬੇ ਘੋਲ ਦੌਰਾਨ ਹਰ ਤਰਾਂ ਦੀਆਂ ਇਨਸਾਨੀ ਜ਼ਰੂਰਤਾਂ ਨੂੰ ਸੰਬੋਧਿਤ ਚੀਜ਼ਾਂ ਉਥੇ ਮੌਜੂਦ ਸਨ। ਡਾਕਟਰਾਂ ਦੀਆਂ ਟੀਮਾਂ ਅਤੇ ਆਰਜ਼ੀ ਹਸਪਤਾਲ ਫਿਲਮ ਵਿੱਚ ਜਿਆਦਾ ਨਹੀਂ ਦਿਖਾਏ ਗਏ, ਪਰ ਹੋਰ ਜ਼ਿੰਦਗੀ ਦੇ ਅਨੇਕ ਰੰਗ ਦਰਿਸ਼ਮਾਨ ਹੋਏ ਹਨ।

ਪੰਜਾਬ ਯੂਨੀਵਰਸਿਟੀ ਚੰਡੀਗੜ ਵਿੱਚ ਜਦ ਇਹ ਫਿਲਮ ਮਨੁੱਖੀ ਅਧਿਕਾਰ ਦਿਨ ਤੇ ਦਿਖਾਈ ਗਈ ਤਾਂ ਦੋ ਘੰਟੇ ਦਰਸ਼ਕ ਇੰਜ ਬੱਝ ਕੇ ਦੇਖਦੇ ਰਹੇ ਕਿ ਕੋਈ ਖਾਂਘਿਆ ਤੱਕ ਨਹੀਂ। ਫਿਲਮ ਵਿੱਚ ਉਗਰਾਹਾਂ ਗਰੁਪ ਵਲੋਂ 10 ਦਸੰਬਰ 2020 ਨੂੰ ਮਨੁੱਖੀ ਅਧਿਕਾਰ ਦਿਨ ਮਨਾਇਆ ਗਿਆ ਸੀ, ਜਿਸ ਵਿੱਚ ਭੀਮਾਕੋਰੇ ਗਾਓ ਦੇ ਕੇਸ ਦੇ ਜੇਲਾਂ ਵਿੱਚ ਬੰਦ ਸਿਆਸੀ ਕਾਰਕੁਨਾਂ ਤੇ ਫੋਕਸ ਕਰਕੇ ਉਨ੍ਹਾਂ ਦੀ ਰਿਹਾਈ ਮੰਗੀ ਗਈ ਸੀ, ਪਰ ਫਿਲਮ ਵਿੱਚ ਉਹ ਦ੍ਰਿਸ਼ ਨਹੀਂ ਹੈ, ਹਾਲਾਂਕਿ ਮਨੁੱਖੀ ਅਧਿਕਾਰ ਦਿਨ ਦੇ ਪੋਸਟਰ ਨਾਲ ਉਗਰਾਹਾਂ ਦਾ ਭਾਸ਼ਣ ਦਿਖਾਇਆ ਗਿਆ ਹੈ।

ਕੁਲ ਮਿਲਾ ਕੇ ਜਿੰਨਾਂ ਵੱਡਾ ਤੇ ਇਤਿਹਾਸਿਕ ਇਹ ਕਿਸਾਨ ਘੋਲ ਸੀ, ਉਸ ਨੂੰ ਸਕਰੀਨ ਤੇ ਦੋਬਾਰਾ ਜਿਓਂਦਿਆਂ ਕਰਕੇ ਨਿਸ਼ਠਾ ਜੈਨ ਨੇ ਇਸ ਸੰਘਰਸ਼ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਹੈ। ਹੁਣ ਜਦ ਕਿਸਾਨ ਘੋਲ ਆਪਣੇ ਨਵੇਂ ਦੌਰ ਵਿੱਚ ਫਿਰ ਸਖ਼ਤ ਸੰਘਰਸ਼ ਦੇ ਰਾਹ ਤੁਰਿਆ ਹੋਇਆ ਹੈ, ਉਸ ਵੇਲੇ ਉਨ੍ਹਾਂ ਜਥੇਬੰਦੀਆਂ ਵਿੱਚ ਏਕਤਾ ਦੀ ਘਾਟ ਰੜਕਦੀ ਹੈ, ਜਿਸਨੇ ਕਾਲੇ ਕਾਨੂੰਨ ਤਾਂ ਵਾਪਿਸ ਕਰਵਾ ਲਏ, ਪਰ ਬਾਕੀ ਮੰਗਾਂ ਜਿਵੇਂ ਐਮ.ਐਸ.ਪੀ. ਦੀ ਮੰਗ ਉਥੇ ਹੀ ਖੜੀ ਹੈ, ਜੋ ਕਿਸਾਨਾਂ ਲਈ ਜ਼ਿੰਦਗੀ-ਮੌਤ ਦੀ ਲੜਾਈ ਹੈ। ਕੀ ਸਾਰੀਆਂ ਕਿਸਾਨ ਜਥੇਬੰਦੀਆਂ ਫਿਰ ਉਹ ਏਕਾ ਦਿਖਾ ਸਕਣਗੀਆਂ , ਜਿਸ ਨਾਲ ਉਨ੍ਹਾਂ 2020-21 ਦਾ ਇਤਿਹਾਸ ਸਿਰਜਿਆ ਸੀ। ਸਰਕਾਰ ਤਾਂ ਤਿੰਨੇ ਕਾਨੂੰਨ ਨਵੇਂ ਰੂਪ ਵਿੱਚ ਲਿਆਉਣ ਨੂੰ ਤਿਆਰ ਬੈਠੀ ਹੈ। ਇੱਕ ਕਿਸਾਨ ਆਗੂ ਜਗਜੀਤ ਸਿੰਘ ਡਲੇਵਾਲ ਮਰਨ ਵਰਤ ਤੇ 40 ਦਿਨਾਂ ਤੋਂ ਬੈਠਾ ਹੈ, ਪਰ ਕਿਸਾਨ ਜਥੇਬੰਦੀਆਂ ਮੁੜ ਏਕਾ ਕਰ ਕੇ ਸਰਕਾਰ ਦੇ ਗੋਡੇ ਲੁਆਉਣ ਲਈ ਹਾਲੀ ਤਿਆਰ ਨਹੀਂ। ਕੀ ਇਨਕਲਾਬ ਦੀ ਖੇਤੀ ਨੂੰ ਮੁੜ ਬੂਰ ਪਵੇਗਾ ਜਾਂ ਇਹ ਫਿਲਮ ਵਿੱਚ ਹੀ ਸੀਮਤ ਕੇ ਰਹੀ ਜਾਵੇਗੀ?

--

*ਚਮਨ ਲਾਲ ਪੰਜਾਬ ਯੂਨੀਵਰਸਿਟੀ ਦੇ ਭਾਸ਼ਾਵਾਂ ਫ਼ੈਕਲਟੀ ਦੇ ਸਾਬਕਾ ਡੀਨ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋਫੇਸਰ ਹਨ।
ਈਮੇਲ Chamanlal.jnu@gmail.com










# ਕਿਸਾਨ ਅੰਦੋਲਨ, ਅਕਾਲੀ ਸੰਕਟ, ਚੋਣਾਂ, ਅਮਨ ਕਾਨੂੰਨ ਦੀ ਹਾਲਤ ਅਤੇ ਪੰਜਾਬ







ਸਤਿਨਾਮ ਸਿੰਘ ਮਾਣਕ

ਬੀਤਣ ਵਾਲਾ ਹਰ ਵਰ੍ਹਾ ਬਹੁਤ ਸਾਰੀਆਂ ਚੰਗੀਆਂ ਮਾੜੀਆਂ ਯਾਦਾਂ ਸਾਡੇ ਪੱਲੇ ਵਿਚ ਪਾ ਕੇ ਰੁਖ਼ਸਤ ਹੋ ਜਾਂਦਾ ਹੈ। ਇਸ ਸੰਦਰਭ ਵਿਚ ਹੀ ਅਸੀਂ ਪੰਜਾਬ ਦੇ ਘਟਨਾਕ੍ਰਮਾਂ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ।

ਜੇਕਰ ਪੰਜਾਬ ਵਿਚ 2024 ਦੌਰਾਨ ਵਾਪਰੇ ਘਟਨਾਕ੍ਰਮਾਂ 'ਤੇ ਨਜ਼ਰ ਮਾਰੀਏ ਤਾਂ ਇਸ ਬੀਤਣ ਵਾਲੇ ਸਾਲ ਨੂੰ ਕਿਸਾਨ ਅੰਦੋਲਨ (ਭਾਗ-2), ਚੋਣਾਂ, ਸ਼੍ਰੋਮਣੀ ਅਕਾਲੀ ਦਲ ਦੇ ਸੰਕਟ, ਗੈਂਗਸਟਰਾਂ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀਆਂ ਕਾਰਵਾਈਆਂ ਅਤੇ ਸਾਲ ਦੇ ਅਖ਼ੀਰ ਵਿਚ ਮਾਝੇ ਵਿਚ ਵੱਖ-ਵੱਖ ਥਾਣਿਆਂ 'ਤੇ ਹੋਏ ਅਨੇਕਾਂ ਗ੍ਰਨੇਡ ਹਮਲਿਆਂ ਲਈ ਜਾਣਿਆ ਜਾਵੇਗਾ। ਇਸ ਤੋਂ ਇਲਾਵਾ ਇਹ ਸਾਲ ਹਰਿਆਣੇ ਨੂੰ ਚੰਡੀਗੜ੍ਹ ਵਿਚ ਨਵੀਂ ਵਿਧਾਨ ਸਭਾ ਬਣਾਉਣ ਲਈ ਕੇਂਦਰ ਵਲੋਂ ਜ਼ਮੀਨ ਦੇਣ ਦੇ ਯਤਨਾਂ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਵੀ ਚਰਚਿਤ ਰਹੇ।

## ਕਿਸਾਨ ਅੰਦੋਲਨ

ਸਭ ਤੋਂ ਪਹਿਲਾਂ ਕਿਸਾਨ ਅੰਦੋਲਨ ਦੀ ਗੱਲ ਕਰਦੇ ਹਾਂ। 2020 ਵਿਚ ਕਿਸਾਨ ਸੰਗਠਨਾਂ ਨੇ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵੀ ਵੱਧ ਸਮੇਂ ਲਈ ਕੇਂਦਰ ਵਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ ਅਤੇ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਆਦਿ ਆਪਣੀਆਂ ਮੰਗਾਂ ਲਈ ਨਿਰੰਤਰ ਧਰਨੇ ਦੇ ਕੇ ਅੰਦੋਲਨ ਕੀਤਾ ਸੀ। ਕਿਸਾਨ ਅੰਦੋਲਨ ਸੰਬੰਧੀ ਕੇਂਦਰ ਸਰਕਾਰ ਨੇ ਲੰਮੇ ਸਮੇਂ ਤਕ ਚੁੱਪ ਅਖ਼ਤਿਆਰ ਕਰੀ ਰੱਖੀ ਪਰ ਅਖ਼ੀਰ ਵਿਚ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਗਏ ਸਭ ਪਰ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਕਿਸਾਨ ਕਰਜ਼ੇ ਅਤੇ ਕਿਸਾਨ ਅੰਦੋਲਨ ਸਮੇਂ ਕਿਸਾਨਾਂ 'ਤੇ ਦਰਜ ਹੋਏ ਕੇਸ ਆਦਿ ਵਾਪਸ ਲੈਣ ਦੇ ਮੁੱਦੇ ਲਟਕਦੇ ਰਹੇ। ਆਪਣੀਆਂ ਇਨ੍ਹਾਂ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਨੇ 12 ਫਰਵਰੀ ਨੂੰ ਦਿੱਲੀ ਜਾ ਕੇ ਮੁੜ ਤੋਂ ਅੰਦੋਲਨ ਸ਼ੁਰੂ ਕਰਨ ਲਈ 'ਦਿੱਲੀ ਚਲੋ' ਦਾ ਸੱਦਾ ਦਿੱਤਾ। ਪਰ ਇਸ ਵਾਰ ਕੇਂਦਰ ਸਰਕਾਰ ਅਤੇ ਹਰਿਆਣੇ ਦੀ ਸਰਕਾਰ ਨੇ ਆਪਸੀ ਤਾਲਮੇਲ ਕਰਕੇ ਅਤੇ ਵੱਡੀ ਪੱਧਰ 'ਤੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਸੁਰੱਖਿਆ ਦਲ ਤਾਇਨਾਤ ਕਰ ਦਿੱਤੇ। ਹਰਿਆਣੇ ਵਾਲੇ ਪਾਸੇ ਸੜਕਾਂ 'ਤੇ ਕੰਕਰੀਟ ਦੀਆਂ ਦੀਵਾਰਾਂ ਉਸਾਰਨ ਦੇ ਨਾਲ-ਨਾਲ ਕੰਡਿਆਲੀਆਂ ਤਾਰਾਂ ਲਾਉਣ ਤੋਂ ਇਲਾਵਾ ਸੜਕਾਂ 'ਤੇ ਵੱਡੀਆਂ-ਵੱਡੀਆਂ ਕਿੱਲਾਂ ਵੀ ਲਗਾ ਦਿੱਤੀਆਂ ਗਈਆਂ। ਕਿਸਾਨਾਂ ਨੇ ਸਾਲ ਭਰ ਕਈ ਵਾਰ ਅੱਗੇ ਵਧ ਕੇ ਦਿੱਲੀ ਜਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਸੁਰੱਖਿਆ ਦਲਾਂ ਨੇ ਸਖ਼ਤ ਗੋਲਾਬਾਰੀ ਕਰਕੇ ਤੇ ਅੱਥਰੂ ਗੈਸ ਦੇ ਗੋਲੇ ਛੱਡ ਕੇ ਕਿਸਾਨਾਂ ਨੂੰ ਅੱਗੇ ਨਾ ਵਧਣ ਦਿੱਤਾ। ਸੁਰੱਖਿਆ ਦਲਾਂ ਅਤੇ ਕਿਸਾਨਾਂ ਦਰਮਿਆਨ ਹੋਏ ਟਕਰਾਅ ਦੌਰਾਨ ਇਕ ਕਿਸਾਨ ਸ਼ੁਭਕਰਨ ਸਿੰਘ ਖਨੌਰੀ ਦੀ ਸਰਹੱਦ 'ਤੇ ਗੋਲੀ ਲੱਗਣ ਨਾਲ ਮਾਰਿਆ ਗਿਆ ਅਤੇ ਅਨੇਕਾਂ ਕਿਸਾਨ ਸੁਰੱਖਿਆ ਦਲਾਂ ਦੀ ਸਮੇਂ-ਸਮੇਂ ਦੀ ਗੋਲਾਬਾਰੀ ਨਾਲ ਜ਼ਖ਼ਮੀ ਵੀ ਹੁੰਦੇ ਰਹੇ। ਕਈਆਂ ਦੀਆਂ ਅੱਖਾਂ ਵੀ ਚਲੀਆਂ ਗਈਆਂ। 12 ਫ਼ਰਵਰੀ ਤੋਂ ਹੀ ਪੰਜਾਬ ਤੇ ਹਰਿਆਣਾ ਵਿਚਕਾਰ ਮੁੱਖ ਸ਼ਾਹਮਾਰਗ ਤੋਂ ਸੜਕ ਆਵਾਜਾਈ ਵੀ ਠੱਪ ਹੋਈ ਪਈ ਹੈ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਇੰਜ ਲੰਮੇ ਸਮੇਂ ਤੋਂ ਇਕ ਰਾਜ ਨੇ ਦੂਜੇ ਰਾਜ ਦਾ ਕੌਮੀ ਰਾਜਧਾਨੀ ਵੱਲ ਜਾਣ ਦਾ ਰਸਤਾ ਰੋਕਿਆ ਹੋਇਆ ਹੈ। 28 ਨਵੰਬਰ ਨੂੰ ਪ੍ਰਸਿੱਧ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਖਨੌਰੀ ਦੀ ਸਰਹੱਦ 'ਤੇ ਮਰਨ ਵਰਤ ਸ਼ੁਰੂ ਕਰ ਦਿੱਤਾ, ਜਿਹੜਾ ਕਿ ਇਹ ਸਤਰਾਂ ਲਿਖਣ ਤੱਕ ਜਾਰੀ ਹੈ। ਉਸ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਹੈ। ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਸੰਬੰਧੀ ਸੁਪਰੀਮ ਕੋਰਟ ਵਿਚ ਵੀ ਕਈ ਵਾਰ ਸੁਣਵਾਈ ਹੋਈ ਅਤੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਵਾਰ-ਵਾਰ ਆਦੇਸ਼ ਦਿੱਤੇ ਹਨ ਕਿ ਉਹ ਜਗਜੀਤ ਸਿੰਘ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਦੇਣ ਲਈ ਕਿਸੇ ਹਸਪਤਾਲ ਵਿਚ ਦਾਖ਼ਲ ਕਰਵਾਵੇ ਪਰ ਅੰਦੋਲਨਕਾਰੀ ਕਿਸਾਨ ਸੰਗਠਨ ਇਸ ਲਈ ਸਹਿਮਤ ਨਹੀਂ ਹੋ ਰਹੇ। ਕਿਸਾਨ ਸੰਗਠਨਾਂ ਨੂੰ ਡਰ ਹੈ ਕਿ ਕਿਸੇ ਵੀ ਵੇਲੇ ਪੰਜਾਬ ਪੁਲਿਸ ਕਾਰਵਾਈ ਕਰਕੇ ਡੱਲੇਵਾਲ ਨੂੰ ਮੁੜ ਹਿਰਾਸਤ ਵਿਚ ਲੈ ਸਕਦੀ ਹੈ, ਜਿਸ ਤਰ੍ਹਾਂ ਕਿ ਉਸ ਨੇ ਇਕ ਵਾਰ ਪਹਿਲਾਂ ਵੀ ਉਸ ਨੂੰ ਹਿਰਾਸਤ ਵਿਚ ਲੈ ਕੇ ਲੁਧਿਆਣੇ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਸੀ। ਅਜਿਹੀ ਸੰਭਾਵਨਾ ਨੂੰ ਮੁੱਖ ਰੱਖ ਕੇ ਕਿਸਾਨ ਜਿਥੇ ਵੱਡੀ ਪੱਧਰ 'ਤੇ ਖਨੌਰੀ ਦੀ ਸਰਹੱਦ 'ਤੇ ਇਕੱਠੇ ਹੋ ਰਹੇ ਹਨ, ਉਥੇ ਉਨ੍ਹਾਂ ਵਲੋਂ ਆਪਣੀਆਂ ਮੰਗਾਂ ਵੱਲ ਕੇਂਦਰ ਸਰਕਾਰ ਦਾ ਧਿਆਨ ਦਵਾਉਣ ਲਈ 30 ਦਸੰਬਰ ਨੂੰ ਪੰਜਾਬ ਭਰ ਦੇ ਬੰਦ ਦਾ ਸੱਦਾ ਵੀ ਦਿੱਤਾ ਸੀ, ਜੋ ਕਿ ਕਾਫੀ ਹੱਦ ਤਕ ਸਫ਼ਲ ਰਿਹਾ, ਭਾਵੇਂ ਕਿ ਆਮ ਲੋਕਾਂ ਨੂੰ ਪਹਿਲਾਂ ਦੀ ਤਰ੍ਹਾਂ ਇਸ ਬੰਦ ਕਾਰਨ ਵੱਡੀ ਪ੍ਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪਿਆ।




## ਸ਼੍ਰੋਮਣੀ ਅਕਾਲੀ ਦਲ ਦਾ ਸੰਕਟ

100 ਸਾਲ ਤੋਂ ਵੱਧ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਜਿਸ ਦਾ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਅਤੇ ਦੇਸ਼ ਦੀ ਰਾਜਨੀਤੀ ਵਿਚ ਵੱਡਾ ਰੋਲ ਰਿਹਾ ਹੈ ਅਤੇ ਸਿੱਖ ਪੰਥ ਅਤੇ ਪੰਜਾਬ ਦੇ ਹੱਕਾਂ ਹਿਤਾਂ ਲਈ ਵੀ ਜਿਸ ਪਾਰਟੀ ਨੇ ਵੱਡੇ ਸੰਘਰਸ਼ ਲੜੇ ਸਨ, ਉਹ ਪਾਰਟੀ ਇਕ ਤਰ੍ਹਾਂ ਨਾਲ ਅੱਜ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦੀ ਲੜਾਈ ਲੜ ਰਹੀ ਹੈ। 2017 ਤੋਂ ਬਾਅਦ ਰਾਜ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਹੋਈਆਂ ਲਗਭਗ ਸਾਰੀਆਂ ਚੋਣਾਂ ਵਿਚ ਇਸ ਪਾਰਟੀ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਰਹੀ ਹੈ। 2022 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਸ ਪਾਰਟੀ ਨੂੰ ਸਿਰਫ਼ 3 ਸੀਟਾਂ ਪ੍ਰਾਪਤ ਹੋਈਆਂ ਸਨ ਅਤੇ ਇਸੇ ਤਰ੍ਹਾਂ 2024 ਵਿਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਇਸ ਨੂੰ 1 ਸੀਟ ਪ੍ਰਾਪਤ ਹੋਈ ਹੈ। 2007 ਤੋਂ ਲੈ ਕੇ 2017 ਤਕ ਰਾਜ ਵਿਚ ਜੋ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਗੱਠਜੋੜ ਸਰਕਾਰ ਰਹੀ, ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਡੇਰਾ ਸੱਚਾ ਸੌਦਾ ਦੇ ਮੁਖੀ ਸੰਤ ਗੁਰਮੀਤ ਰਾਮ ਰਹੀਮ ਨੂੰ ਮੁਆਫ਼ ਕਰਨਾ, ਸਮੇਧ ਸੈਣੀ ਨੂੰ ਪੁਲਿਸ ਮੁਖੀ ਬਣਾਉਣ ਅਤੇ ਹੋਰ ਕਈ ਪ੍ਰਕਾਰ ਦੀਆਂ ਹੋਈਆਂ ਧਾਰਮਿਕ ਅਤੇ ਰਾਜਨੀਤਕ ਗਲਤੀਆਂ ਨੂੰ ਮੁੱਖ ਰੱਖ ਕੇ ਅਕਾਲੀ ਦਲ ਦੇ ਬਾਗ਼ੀ ਧੜੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਸ਼ਿਕਾਇਤ ਕਰ ਕੇ ਸੁਖਬੀਰ ਸਿੰਘ ਬਾਦਲ ਦੀ ਜਵਾਬਦੇਹੀ ਕਰਨ ਦੀ ਮੰਗ ਕੀਤੀ ਸੀ। ਜਿਸ ਨੂੰ ਮੁੱਖ ਰੱਖਦਿਆਂ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਤੇ ਉਸ ਸਮੇਂ ਮੰਤਰੀ ਮੰਡਲ ਵਿਚ ਸ਼ਾਮਿਲ ਰਹੇ ਹੋਰ ਅਕਾਲੀ ਨੇਤਾਵਾਂ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਵਾਲੇ ਸਾਬਕ ਸਿੰਘ ਸਾਹਿਬਾਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਤਨਖਾਹਾਂ (ਧਾਰਮਿਕ ਸਜ਼ਾ) ਲਗਾਈਆਂ ਅਤੇ ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਪ੍ਰਵਾਨ ਕਰਕੇ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਬਣਾਈ ਗਈ ਇਕ ਸੱਤ ਮੈਂਬਰੀ ਕਮੇਟੀ ਰਾਹੀਂ ਨਵੀਂ ਭਰਤੀ ਕਰਕੇ ਅਕਾਲੀ ਦਲ ਦਾ ਨਵਾਂ ਪ੍ਰਧਾਨ ਚੁਣਨ ਦਾ ਆਦੇਸ਼ ਦਿੱਤਾ। ਸਾਰੇ ਧੜਿਆਂ ਦੇ ਅਕਾਲੀ ਆਗੂਆਂ ਨੇ ਆਪਣੀ ਧਾਰਮਿਕ ਸਜ਼ਾ ਤਾਂ ਪੂਰੀ ਕਰ ਲਈ ਹੈ ਪਰ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਪ੍ਰਵਾਨ ਕਰਨਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ 7 ਮੈਂਬਰੀ ਕਮੇਟੀ ਦੀ ਅਗਵਾਈ ਵਿਚ ਨਵੀਂ ਭਰਤੀ ਕਰਵਾ ਕੇ ਅਕਾਲੀ ਦਲ ਦਾ ਨਵਾਂ ਪ੍ਰਧਾਨ ਚੁਣਨ ਦੇ ਮਾਮਲੇ ਲਟਕੇ ਹੋਏ ਹਨ। ਕਿਉਂਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਦਾ ਧੜਾ ਇਹ ਦਲੀਲ ਪੇਸ਼ ਕਰ ਰਿਹਾ ਹੈ ਕਿ ਅਜਿਹਾ ਕਰਨ ਨਾਲ ਚੋਣ ਕਮਿਸ਼ਨ ਅਕਾਲੀ ਦਲ ਦੀ ਮਾਨਤਾ ਰੱਦ ਕਰ ਸਕਦਾ ਹੈ। ਹਰਿਮੰਦਰ ਸਾਹਿਬ ਦੇ ਬਾਹਰਲੇ ਪਾਸੇ ਚੋਬਦਾਰ ਦੀ ਸੇਵਾ ਦੌਰਾਨ ਸੁਖਬੀਰ ਸਿੰਘ ਬਾਦਲ 'ਤੇ ਖਾੜਕੂ ਪਿਛੋਕੜ ਵਾਲੇ ਨਰਾਇਣ ਸਿੰਘ ਚੌੜਾ ਵਲੋਂ ਕੀਤੇ ਕਾਤਲਾਨਾ ਹਮਲੇ, ਜਿਸ ਵਿਚ ਉਹ ਵਾਲ-ਵਾਲ ਬਚੇ, ਨੇ ਵੀ ਸਿਆਸੀ ਤੇ ਧਾਰਮਿਕ ਹਾਦਸਿਆਂ ਵਿਚ ਚਿੰਤਾ 'ਪੈਦਾ ਕੀਤੀ ਸੀ। ਅਕਾਲੀ ਦਲ ਦੇ ਸੰਕਟ ਨੂੰ ਲੈ ਕੇ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਵਿਚ ਆਉਣ ਵਾਲੇ ਸਮੇਂ ਵਿਚ ਮਤਭੇਦ ਹੋਰ ਵੀ ਤਿੱਖੇ ਹੋ ਸਕਦੇ ਹਨ ਅਤੇ ਅਕਾਲੀ ਦਲ ਦਾ ਇਹ ਸੰਕਟ ਫਿਲਹਾਲ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ।

## ਚੋਣਾਂ ਵਿਚ ਪਾਰਟੀਆਂ ਦੀ ਕਾਰਗੁਜ਼ਾਰੀ

ਇਸ ਸਾਲ ਵਿਚ ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾਂ ਹੋਈਆਂ ਜਿਸ ਵਿਚ ਕਾਂਗਰਸ ਪਾਰਟੀ ਨੇ 13 ਵਿਚੋਂ 7, ਆਮ ਆਦਮੀ ਪਾਰਟੀ ਨੇ 13 ਵਿਚੋਂ 3 ਅਤੇ ਸ਼੍ਰੋਮਣੀ ਅਕਾਲੀ ਦਲ ਨੇ 1 ਸੀਟ ਪ੍ਰਾਪਤ ਕੀਤੀ। ਪੰਜਾਬ ਦੀ ਸਿਆਸਤ ਨੇ ਲੋਕ ਸਭਾ ਚੋਣਾਂ ਸਮੇਂ ਇਕ ਦਿਲਚਸਪ ਮੋੜ ਇਹ ਕੱਟਿਆ ਕਿ ਖਡੂਰ ਸਾਹਿਬ ਤੋਂ ਪੰਜਾਬ ਦੇ ਵਾਰਿਸ ਸੰਗਠਨ ਦੇ ਮੁਖੀ ਅੰਮ੍ਰਿਤਪਾਲ ਸਿੰਘ ਜੋ ਇਸ ਸਮੇਂ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ ਨੇ 4 ਲੱਖ ਤੋਂ ਵੱਧ ਵੋਟਾਂ ਲੈ ਕੇ ਵੱਡੀ ਜਿੱਤ ਦਰਜ ਕੀਤੀ। ਇਸੇ ਤਰ੍ਹਾਂ ਹਲਕਾ ਫ਼ਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ (ਜੋ ਕਿ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਕਤਲ ਕਰਨ ਦੇ ਇਕ ਦੋਸ਼ੀ ਸ. ਬੇਅੰਤ ਸਿੰਘ ਦੇ ਪੁੱਤਰ ਹਨ) ਨੇ ਸਫ਼ਲਤਾ ਹਾਸਿਲ ਕੀਤੀ। ਉਪਰੋਕਤ ਦੋਹਾਂ ਉਮੀਦਵਾਰਾਂ ਦੀ ਜਿੱਤ ਨਾਲ ਰਾਜ ਦੇ ਸਿਆਸੀ ਹਲਕਿਆਂ ਵਿਚ ਹਲਚਲ ਮਚ ਗਈ ਅਤੇ ਕੁਝ ਸਿਆਸੀ ਮਾਹਿਰਾਂ ਵਲੋਂ ਇਹ ਵੀ ਕਿਹਾ ਗਿਆ ਕਿ ਪੰਜਾਬ ਦੀ ਆਉਣ ਵਾਲੇ ਸਮੇਂ ਦੀ ਧਾਰਮਿਕ ਅਤੇ ਰਾਜਨੀਤਕ ਸਿਆਸਤ ਵਿਚ ਗਰਮ ਦਲੀਏ ਇਕ ਵਾਰ ਫਿਰ ਤਾਕਤ ਬਣ ਕੇ ਉੱਭਰ ਸਕਦੇ ਹਨ। ਬਿਨਾਂ ਸ਼ੱਕ 2024 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਚੰਗੀ ਕਾਰਗੁਜ਼ਾਰੀ ਦਿਖਾਈ ਸੀ ਪਰ ਇਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੀਆਂ ਹੋਈਆਂ 4 ਉਪ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਸੰਤੁਸ਼ਟੀਜਨਕ ਨਹੀਂ ਰਹੀ। ਪਾਰਟੀ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਜਲੰਧਰ ਪੱਛਮੀ ਤੋਂ ਉਪ ਚੋਣ ਹਾਰ ਗਈ। ਅਤੇ ਲੋਕ ਸਭਾ ਚੋਣਾਂ ਤੋਂ ਬਾਅਦ ਚਾਰ ਵਿਧਾਨ ਸਭਾ ਹਲਕਿਆਂ ਡੇਰਾ ਬਾਬਾ ਨਾਨਕ, ਗਿੱਦੜਬਾਹਾ, ਬਰਨਾਲਾ ਅਤੇ ਹੁਸ਼ਿਆਰਪੁਰ ਆਦਿ ਹਲਕਿਆਂ ਤੋਂ ਹੋਈਆਂ ਉਪ ਚੋਣਾਂ ਵਿਚ ਸਿਰਫ਼ ਬਰਨਾਲੇ ਦੀ ਸੀਟ ਤੋਂ ਹੀ ਜਿੱਤ ਪ੍ਰਾਪਤ ਕਰ ਸਕੀ। ਇਸ ਤਰ੍ਹਾਂ ਲੋਕ ਸਭਾ ਦੀਆਂ ਚੋਣਾਂ ਵਿਚ ਪਾਰਟੀ ਦੀ ਬਣੀ ਚੜ੍ਹਤ ਉਪ ਚੋਣਾਂ ਵਿਚ ਮੱਧਮ ਪੈਂਦੀ ਨਜ਼ਰ ਆਈ। ਸੱਤਾਧਾਰੀ ਆਮ ਆਦਮੀ ਪਾਰਟੀ ਜਿਸ ਦੀ ਲੋਕ ਸਭਾ ਦੀਆਂ ਚੋਣਾਂ ਵਿਚ ਕਾਰਗੁਜ਼ਾਰੀ ਚੰਗੀ ਨਹੀਂ ਸੀ ਰਹੀ ਉਹ ਪੰਜਾਬ ਵਿਧਾਨ ਸਭਾ ਦੀਆਂ ਉਪ ਚੋਣਾਂ ਵਿਚੋਂ ਜਲੰਧਰ ਪੱਛਮੀ ਸਮੇਤ 4 ਸੀਟਾਂ ਜਿੱਤਣ ਵਿਚ ਸਫ਼ਲ ਰਹੀ। ਇਸ ਤਰ੍ਹਾਂ ਕਰਕੇ ਪਾਰਟੀ ਨੇ ਇਕ ਵਾਰ ਫਿਰ ਆਪਣੀ ਖੋਹੀ ਹੋਈ ਸਾਖ਼ ਕੁਝ ਹੱਦ ਤਕ ਬਹਾਲ ਕਰ ਲਈ।



ਇਸੇ ਸਾਲ ਪੰਜਾਬ ਵਿਚ ਪੰਚਾਇਤਾਂ, ਨਗਰ ਨਿਗਮਾਂ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਵੀ ਚੋਣਾਂ ਹੋਈਆਂ, ਇਨ੍ਹਾਂ ਚੋਣਾਂ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਸਰਕਾਰੀ ਮਸ਼ੀਨਰੀ ਅਤੇ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਧੱਕੇ ਨਾਲ ਕਾਗਜ਼ ਰੱਦ ਕਰਨ ਆਦਿ ਦੇ ਗੰਭੀਰ ਦੋਸ਼ ਲੱਗੇ, ਅਨੇਕਾਂ ਮਾਮਲੇ ਅਦਾਲਤਾਂ ਵਿਚ ਵੀ ਗਏ ਪਰ ਫਿਰ ਵੀ ਪੰਚਾਇਤੀ ਚੋਣਾਂ ਵਿਚ ਅਤੇ ਬਾਅਦ ਵਿਚ 5 ਨਗਰ ਨਿਗਮਾਂ ਅਤੇ 44 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਹੋਈਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੂਜੀਆਂ ਪਾਰਟੀਆਂ ਨਾਲੋਂ ਬਿਹਤਰ ਸਥਿਤੀ ਵਿਚ ਰਹੀ। ਅੰਮ੍ਰਿਤਸਰ ਅਤੇ ਫਗਵਾੜੇ ਦੀਆਂ ਨਗਰ ਨਿਗਮ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਕਾਰਗੁਜ਼ਾਰੀ ਆਮ ਆਦਮੀ ਪਾਰਟੀ ਤੋਂ ਬਿਹਤਰ ਰਹੀ।

## ਅਮਨ ਕਾਨੂੰਨ ਦੀ ਸਥਿਤੀ ਤੇ ਅਪਰਾਧ

ਜੇਕਰ ਅਮਨ ਕਾਨੂੰਨ ਤੇ ਅਪਰਾਧਾਂ ਦੇ ਪੱਖ ਤੋਂ ਪੰਜਾਬ ਦੇ ਘਟਨਾਕ੍ਰਮਾਂ ਨੂੰ ਦੇਖੀਏ ਤਾਂ ਬੜੇ ਚਿੰਤਾਜਨਕ ਦ੍ਰਿਸ਼ ਅੱਖਾਂ ਦੇ ਸਾਹਮਣੇ ਉੱਭਰਦੇ ਹਨ। ਸਾਲ ਭਰ ਗੈਂਗਸਟਰਾਂ ਅਤੇ ਅਪਰਾਧੀਆਂ ਦੀਆਂ ਕਾਰਵਾਈਆਂ ਜਾਰੀ ਰਹੀਆਂ। ਬੈਂਕ, ਪੈਟਰੋਲ ਪੰਪ ਅਤੇ ਲੋਕਾਂ ਦੇ ਨਿੱਜੀ ਕਾਰੋਬਾਰੀ ਅਦਾਰੇ ਅਪਰਾਧੀਆਂ ਦਾ ਨਿਸ਼ਾਨਾ ਬਣਦੇ ਰਹੇ। ਗੈਂਗਸਟਰ ਸ਼ਰ੍ਹੇਆਮ ਨਿੱਜੀ ਕਾਰੋਬਾਰਾਂ ਦੇ ਬਾਹਰ ਗੋਲੀਆਂ ਚਲਾ ਕੇ ਦਹਿਸ਼ਤ ਪੈਦਾ ਕਰਦੇ ਰਹੇ ਅਤੇ ਵਪਾਰੀਆਂ ਤੇ ਸਨਅਤਕਾਰਾਂ ਦੀਆਂ ਜਾਨਾਂ ਵੀ ਲੈਂਦੇ ਰਹੇ। ਬਾਅਦ 'ਚ ਅਜਿਹੀ ਦਹਿਸ਼ਤ ਦਾ ਲਾਭ ਉਠਾਉਂਦਿਆਂ ਕਾਰੋਬਾਰੀਆਂ ਤੇ ਸਨਅਤਕਾਰਾਂ ਤੋਂ ਫਿਰੌਤੀਆਂ ਉਗਰਾਹੁੰਦੇ ਰਹੇ। ਪੁਲਿਸ ਨੇ ਬਹੁਤ ਸਾਰੇ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ। ਅਨੇਕਾਂ ਵਾਰ ਅਪਰਾਧੀ ਗਿਰੋਹ ਪੁਲਿਸ ਨਾਲ ਹੋਏ ਕਥਿਤ ਮੁਕਾਬਲਿਆਂ ਵਿਚ ਜ਼ਖ਼ਮੀ ਹੋਏ ਅਤੇ ਕੁਝ ਮਾਰੇ ਵੀ ਗਏ ਪਰ ਫਿਰ ਵੀ ਇਹ ਸਿਲਸਿਲਾ ਰੁਕਦਾ ਨਜ਼ਰ ਨਹੀਂ ਆਇਆ। ਦੂਜੇ ਪਾਸੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਭਾਵੇਂ ਪੰਜਾਬ ਪੁਲਿਸ ਅਤੇ ਸਰਹੱਦੀ ਸੁਰੱਖਿਆ ਦਲ (ਬੀ.ਐਸ.ਐਫ.) ਵਲੋਂ ਪਾਕਿਸਤਾਨ ਤੋਂ ਨਸ਼ਿਆਂ ਅਤੇ ਹਥਿਆਰਾਂ ਦੀ ਡਰੋਨਾਂ ਰਾਹੀਂ ਹੁੰਦੀ ਰਹੀ ਤਸਕਰੀ ਨੂੰ ਰੋਕਣ ਲਈ ਸਾਲ ਭਰ ਪੂਰੀ ਵਾਹ ਲਾਈ, ਚੋਖੀਆਂ ਪ੍ਰਾਪਤੀਆਂ ਵੀ ਹਾਸਲ ਕੀਤੀਆਂ ਪਰ ਇਸ ਦੇ ਬਾਵਜੂਦ ਪਾਕਿਸਤਾਨ ਤੋਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਜਾਰੀ ਹੈ। ਇਸ ਸਾਲ ਸਰਹੱਦੀ ਸੁਰੱਖਿਆ ਦਲ ਨੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਡਰੋਨ ਵਿਰੋਧੀ ਤਕਨੀਕੀ ਯੰਤਰ ਤਾਇਨਾਤ ਕੀਤੇ, ਜਿਸ ਦੇ ਸਿੱਟੇ ਵਜੋਂ 290 ਦੇ ਲਗਭਗ ਡਰੋਨ ਗਿਰਾਉਣ ਵਿਚ ਸੁਰੱਖਿਆ ਦਲ ਕਾਮਯਾਬ ਰਹੇ ਅਤੇ 300 ਕਿਲੋ ਤੋਂ ਵੱਧ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥ ਵੀ ਜ਼ਬਤ ਕੀਤੇ ਗਏ। ਰਾਜ ਵਿਚ 97 ਦੇ ਲਗਭਗ ਤਸਕਰਾਂ ਨੂੰ ਵੀ ਸਰਹੱਦੀ ਸੁਰੱਖਿਆ ਦਲਾਂ ਵਲੋਂ ਗ੍ਰਿਫ਼ਤਾਰ ਕੀਤਾ ਗਿਆ। ਇਸ ਸਾਲ ਤਸਕਰਾਂ ਤੇ ਅਪਰਾਧੀਆਂ ਤੋਂ 37 ਪਿਸਤੌਲ, 428 ਕਾਰਤੂਸ ਅਤੇ 48 ਕਾਰਤੂਸਾਂ ਦੇ ਮੈਗਜ਼ੀਨ ਵੀ ਬਰਾਮਦ ਕੀਤੇ ਗਏ। ਇਸ ਸਾਲ ਦੇ ਅਖ਼ੀਰ ਵਿਚ ਮਾਝੇ ਦੇ ਵੱਖ-ਵੱਖ ਥਾਣਿਆਂ 'ਤੇ ਗ੍ਰਨੇਡ ਹਮਲੇ ਹੋਏ। ਇਨ੍ਹਾਂ ਵਿਚ ਭਾਵੇਂ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਰਾਜ ਵਿਚ ਇਨ੍ਹਾਂ ਨਾਲ ਵੱਡੀ ਪੱਧਰ 'ਤੇ ਸੁਰੱਖਿਆ ਸੰਬੰਧੀ ਲੋਕਾਂ ਵਿਚ ਚਿੰਤਾ ਪੈਦਾ ਹੋਈ ਹੈ। ਸਰਕਾਰ ਇਨ੍ਹਾਂ ਘਟਨਾਵਾਂ ਪਿੱਛੇ ਵਿਦੇਸ਼ੀ ਭਾਰਤ ਵਿਰੋਧੀ ਸ਼ਕਤੀਆਂ ਦਾ ਹੱਥ ਸਮਝਦੀ ਹੈ, ਜੋ ਰਾਜ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਅਜਿਹੀਆਂ ਕਾਰਵਾਈਆਂ ਕਰਵਾ ਰਹੀਆਂ ਹਨ।

ਜੇਕਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਇਸ ਸਾਲ ਦੀ ਕਾਰਗੁਜ਼ਾਰੀ 'ਤੇ ਇਕ ਨਜ਼ਰ ਮਾਰੀਏ ਤਾਂ ਸਰਕਾਰ ਨੇ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਇਹ ਦਰਸਾਈ ਹੈ ਕਿ ਉਸ ਨੇ ਸਾਲ 2024 ਤਕ 12809 ਏਕੜ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਹਟਾਏ ਹਨ ਅਤੇ ਇਸ ਵਿਚੋਂ 6 ਹਜ਼ਾਰ ਏਕੜ 2024-25 ਵਿਚ ਠੇਕੇ 'ਤੇ ਦਿੱਤੀ ਹੈ, ਜਿਸ ਤੋਂ ਸਾਲਾਨਾ ਸਰਕਾਰ ਨੂੰ 10.36 ਕਰੋੜ ਦੀ ਆਮਦਨ ਪ੍ਰਾਪਤ ਹੋ ਰਹੀ ਹੈ। ਇਸ ਤੋਂ ਇਲਾਵਾ ਸਰਕਾਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਆਪਣੇ ਪ੍ਰੋਗਰਾਮ ਨੂੰ ਵੀ ਇਸ ਸਾਲ ਜਾਰੀ ਰੱਖਿਆ ਹੈ ਅਤੇ ਹਜ਼ਾਰਾਂ ਹੀ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਵਲੋਂ ਆਪਣੇ ਮੁਹੱਲਾ ਕਲੀਨਿਕਾਂ ਵਿਚ ਸਿਹਤ ਸੇਵਾਵਾਂ ਅਤੇ ਸਕੂਲ ਆਫ਼ ਐਮੀਨੈਂਸ ਦੇ ਰੂਪ ਵਿਚ ਸਿੱਖਿਆ ਸੇਵਾਵਾਂ ਨੂੰ ਪਹਿਲਾਂ ਤੋਂ ਹੋਰ ਬਿਹਤਰ ਬਣਾਉਣ ਦੇ ਵੀ ਦਾਅਵੇ ਕੀਤੇ ਗਏ ਹਨ। ਇਸ ਸਾਲ ਵਿਚ ਲੁਧਿਆਣੇ ਦੇ ਬੁੱਢੇ ਨਾਲੇ ਨੂੰ ਸਾਫ਼ ਕਰਵਾਉਣ ਲਈ ਅਮਿਤੋਜ ਮਾਨ ਤੇ ਲੱਖਾ ਸਧਾਣਾ ਦੀ ਅਗਵਾਈ ਵਿਚ ਕੁਦਰਤ ਪ੍ਰੇਮੀਆਂ ਵਲੋਂ ਕਾਲੇ ਪਾਣੀਆਂ ਦਾ ਮੋਰਚਾ ਲਾਇਆ ਗਿਆ। ਲੁਧਿਆਣੇ ਵਿਚ ਸਮੇਂ-ਸਮੇਂ ਵੱਡੀ ਗਿਣਤੀ ਵਿਚ ਲੋਕ ਬੁੱਢੇ ਨਾਲੇ ਤੇ ਹੋਰ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਾਉਣ ਲਈ ਅੰਦੋਲਨ ਕਰਦੇ ਨਜ਼ਰ ਆਏ। ਸਾਹਿਤਕ ਹਲਕਿਆਂ ਲਈ ਇਹ ਸਾਲ ਇਸ ਲਈ ਮਾੜਾ ਰਿਹਾ ਕਿਉਂਕਿ ਪੰਜਾਬੀਆਂ ਦੇ ਹਰਮਨ ਪਿਆਰੇ ਸ਼ਾਇਰ ਸੁਰਜੀਤ ਪਾਤਰ ਸਦੀਵੀ ਵਿਛੋੜਾ ਦੇ ਗਏ।

ਜੇਕਰ ਸਮੁੱਚੇ ਤੌਰ 'ਤੇ ਪੰਜਾਬ ਦੇ 2024 ਦੇ ਘਟਨਾਕ੍ਰਮਾਂ ਨੂੰ ਦੇਖੀਏ ਤਾਂ ਤਸਵੀਰ ਕੁਝ ਆਸ਼ਾਵਾਦੀ ਨਹੀਂ ਉੱਭਰਦੀ। ਪੰਜਾਬ ਇਸ ਸਮੇਂ ਬੇਰੁਜ਼ਗਾਰੀ, ਅਮਨ ਕਾਨੂੰਨ ਦੀ ਖ਼ਰਾਬ ਹਾਲਤ, ਖੇਤੀ ਸੰਕਟ, ਵਾਤਾਵਰਨ ਸੰਕਟ (ਖ਼ਾਸ ਕਰ ਕੇ ਧਰਤੀ ਹੇਠਲੇ ਪਾਣੀ ਦਾ ਤੇਜ਼ੀ ਨਾਲ ਹੇਠਾਂ ਜਾਣਾ ਅਤੇ ਨਦੀਆਂ ਨਾਲਿਆਂ ਦੇ ਪਾਣੀ ਦਾ ਪ੍ਰਦੂਸ਼ਿਤ ਹੋਣਾ) ਆਦਿ ਵਰਗੇ ਵੱਡੇ ਸੰਕਟਾਂ ਨਾਲ ਜੂਝ ਰਿਹਾ ਹੈ। ਦੁੱਖ ਤੇ ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਤੋਂ ਲੈ ਕੇ ਰਾਜ ਸਰਕਾਰ ਤੱਕ ਇਨ੍ਹਾਂ ਸੰਕਟਾਂ ਤੋਂ ਸਾਰੇ ਜਾਣੂ ਹੋਣ ਦੇ ਬਾਵਜੂਦ ਪੰਜਾਬ ਨੂੰ ਇਨ੍ਹਾਂ 'ਚੋਂ ਕੱਢਣ ਲਈ ਕੋਈ ਕਾਰਗਰ ਯੋਜਨਾਬੰਦੀ ਕਰਦੇ ਨਜ਼ਰ ਨਹੀਂ ਆ ਰਹੇ। ਪੰਜਾਬ ਦਾ ਭਵਿੱਖ ਅਨਿਸਚਿਤ ਹੀ ਬਣਿਆ ਹੋਇਆ ਹੈ।

-0-

# ਕਿਸਾਨ ਆਗੂ ਡੱਲੇਵਾਲ ਦਾ ਮਰਨ ਵਰਤ:

## ਖਨੌਰੀ ਅਤੇ ਟੋਹਾਣਾ ’ਚ ਹੋਈਆਂ ਮਹਾਂਪੰਚਾਇਤਾਂ ਅਤੇ ਕੇਂਦਰ ਸਰਕਾਰ ਦਾ ਰਵੱਈਆ



ਕਿਸਾਨਾਂ ਦੀਆਂ ਮੰਗਾਂ ਖਾਤਰ ਸ਼ੰਭੂ ਅਤੇ ਖਨੌਰੀ ਬਾਰਡਰ ਉੱਪਰ ਫਰਵਰੀ ਮਹੀਨੇ ਤੋਂ ਚੱਲ ਰਿਹਾ ਕਿਸਾਨ ਸੰਘਰਸ਼ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨਾਲ ਦਿਨੋਂ-ਦਿਨ ਤਿੱਖਾ ਹੋ ਰਿਹਾ ਹੈ। ਮਰਨ ਵਰਤ ਦੇ 40ਵੇਂ ਦਿਨ (4 ਜਨਵਰੀ) ਖਨੌਰੀ ਬਾਰਡਰ ਅਤੇ ਟੋਹਾਣਾ ਵਿਚ ਕੀਤੀਆਂ ਗਈਆਂ ਕਿਸਾਨ ਮਹਾਂ-ਪੰਚਾਇਤਾਂ ਇਤਿਹਾਸਕ ਹੋ ਨਿਬੜੀਆਂ। ਪੋਹ ਮਹੀਨੇ ਦੀ ਠਰ-ਠਰ ਕਰਦੀ ਠੰਢ ਅਤੇ ਸੰਘਣੀ ਧੁੰਦ ਦੇ ਬਾਵਜੂਦ ਖਨੌਰੀ ਬਾਰਡਰ ਉੱਪਰ ਸਥਿਤੀ ਇਹ ਸੀ ਕਿ ਪੰਡਾਲ ਤੋਂ ਕਈ ਕਿਲੋਮੀਟਰ ਦੂਰ ਤੱਕ ਸਿਰਫ ਕਿਸਾਨ ਹੀ ਕਿਸਾਨ ਨਜ਼ਰ ਆ ਰਹੇ ਸਨ। ਰਾਤ ਨੂੰ 9 ਵਜ਼ੇ ਤੱਕ ਖਨੌਰੀ ਤੋਂ ਪਾਤੜਾਂ ਤੱਕ ਲੱਗਿਆ ਸੜਕ ਜਾਮ ਕਿਸਾਨਾਂ ਦੀ ਗਿਣਤੀ ਦਰਸਾਅ ਰਿਹਾ ਸੀ। ਇਸੇ ਤਰ੍ਹਾਂ ਦਾ ਠਾਠਾਂ ਮਾਰਦਾ ਇਕੱਠ ਟੋਹਾਣਾ ਵਿਖੇ ਨਜ਼ਰ ਆ ਰਿਹਾ ਸੀ, ਹਾਲਾਂਕਿ ਇਨ੍ਹਾਂ ਮਹਾਂਪੰਚਾਇਤਾਂ ਵਿਚ ਜਾ ਰਹੀਆਂ ਬੱਸਾਂ ਦੇ ਬਰਨਾਲਾ ਨੇੜੇ ਹਾਦਸਾਗ੍ਰਸਤ ਹੋਣ ਕਾਰਨ ਤਿੰਨ ਔਰਤਾਂ ਦੀ ਮੌਤ ਸਮੇਤ ਦਰਜ਼ਨਾਂ ਕਿਸਾਨ ਜ਼ਖਮੀ ਹੋਏ ਸਨ। ਇਨ੍ਹਾਂ ਮਹਾਂਪੰਚਾਇਤਾਂ ਵਿਚ ਭਾਵੇਂ ਮੁੱਖ ਇਕੱਠ ਪੰਜਾਬ ਦੇ ਕਿਸਾਨਾਂ ਦਾ ਹੀ ਨਜ਼ਰ ਆ ਰਿਹਾ ਸੀ ਪਰ ਪੰਜਾਬ ਤੋਂ ਇਲਾਵਾ ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਤਾਮਿਲਨਾਡੂ, ਕਰਨਾਟਕ ਅਤੇ ਰਾਜਸਥਾਨ ਸਮੇਤ ਕੁੱਝ ਸੂਬਿਆਂ ਦੇ ਕਿਸਾਨਾਂ ਦੀ ਸ਼ਮੂਲੀਅਤ ਤੋਂ ਜਾਹਿਰ ਹੋ ਰਿਹਾ ਸੀ ਕਿ ਜੇਕਰ ਅੰਦੋਲਨ ਹੋਰ ਤਿੱਖਾ ਹੋਇਆ ਤਾਂ ਇਹ ਸੰਘਰਸ਼ ਦੇਸ਼ ਵਿਆਪੀ ਬਨਣ ਨੂੰ ਵੀ ਸਮਾਂ ਨਹੀਂ ਲੱਗਣਾ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਕਿਸਾਨ, ਮਜ਼ਦੂਰ ਮੋਰਚਾ ਦੀ ਅਗਵਾਈ ਹੇਠਲੀ ਖਨੌਰੀ ਦੀ ਮਹਾਂਪੰਚਾਇਤ ਅਤੇ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਹਰਿਆਣਾ ਦੇ ਟੋਹਾਣਾ ਵਿਚ ਕੀਤੀ ਮਹਾਂਪੰਚਾਇਤ ਭਾਵੇਂ ਤੱਤ ਪੱਖੋਂ ਲੱਗਭੱਗ ਇਕੋ-ਜਿਹੀਆਂ ਸਨ ਪਰ ਸੁਭਾਵਿਕ ਹੈ ਕਿ ਇਕੋ ਦਿਨ ਵੱਖੋ-ਵੱਖ ਪ੍ਰੋਗਰਾਮ ਹੋਣ ਨਾਲ ਅੰਦੋਲਨ ਦੇ ਸਮਰਥਕਾਂ ਵਿਚ ਨਿਰਾਸ਼ਾ ਜਰੂਰ ਜਾਂਦੀ ਹੈ। ਭਾਵੇਂ ਕੁੱਝ ਸੁਹਿਰਦ ਧਿਰਾਂ ਵੱਲੋਂ ਇਕ ਪੱਧਰ ਤੱਕ ਇਸ ਅੰਦੋਲਨ ਨੂੰ ਇਕਜੁਟ ਕਰਨ ਦੇ ਯਤਨ ਕੀਤੇ ਗਏ ਹਨ ਪਰ ਇਹ ਯਤਨ ਜਾਰੀ ਰੱਖੇ ਜਾਣੇ ਚਾਹੀਦੇ ਹਨ। ਸੰਘਰਸ਼ ਦਾ ਇਹ ਪੜਾਅ ਸ਼ੁਰੂ ਕਿਸ ਨੇ ਕੀਤਾ ਜਾਂ ਰਾਜਨੀਤਕ ਕੌਣ ਹੈ ਤੇ ਗੈਰ-ਰਾਜਨੀਤਕ ਕੌਣ ਜਿਹੇ ਮੁੱਦੇ ਹੁਣ ਪਿੱਛੇ ਛੱਡਦਿਆਂ ਕਿਸਾਨ ਮੰਗਾਂ ਖਾਤਰ ਸੰਘਰਸ਼ ਕਰਨ ਵਾਲੀ ਹਰ ਜਥੇਬੰਦੀ ਨੂੰ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਸੰਘਰਸ਼ ਵਿਚ ਸ਼ਾਮਲ ਕਰਨ ਲਈ ਦੋਵੇਂ ਪਾਸਿਓਂ ਬਰਾਬਰ ਯਤਨ ਕੀਤੇ ਜਾਣੇ ਚਾਹੀਦੇ ਹਨ। 4 ਜਨਵਰੀ ਦੀਆਂ ਮਹਾਪੰਚਾਇਤਾਂ ਤੋਂ ਪਹਿਲਾਂ ਕਿਸਾਨਾਂ ਵੱਲੋਂ 30 ਦਸੰਬਰ ਨੂੰ ‘ਪੰਜਾਬ ਬੰਦ’ ਦਾ ਸੱਦਾ ਜਿੰਨ੍ਹੀ ਸਫਲਤਾ ਨਾਲ ਲਾਗੂ ਹੋਇਆ ਉਸਤੋਂ ਸਪੱਸ਼ਟ ਹੈ ਕਿ ਪੰਜਾਬ ਵਿਚ ਕਿਸਾਨਾਂ ਦੀਆ ਮੰਗਾਂ ਨੂੰ ਲੈ ਕੇ ਚੱਲ ਰਹੇ ਅੰਦੋਲਨ ਦੀ ਜਨਤਕ ਹਮਾਇਤ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਬਰਕਰਾਰ ਹੈ। ਸੰਘਰਸ਼ਾਂ ਵਿਚ ਲੋਕਾਂ ਦੀ ਹੋ ਰਹੀ ਸ਼ਮੂਲੀਅਤ ਤੋਂ ਇਕ ਗੱਲ ਸਪੱਸ਼ਟ ਹੈ ਕਿ ਇਸ ਸਮੇਂ ਲੋਕ ਸੰਘਰਸ਼ ਕਰਨ ਦੇ ਰੌਂਅ ਵਿਚ ਹਨ।

ਭਾਵੇਂ ਸਾਡੇ ਇਤਿਹਾਸ ਵਿਚ ਮੁੱਖ ਤੌਰ ‘ਤੇ ਲੜਣ-ਮਰਨ ਦਾ ਪਹਿਲੂ ਹੀ ਭਾਰੂ ਰਿਹਾ ਹੈ ਪਰ ਇਤਿਹਾਸ ਵਿਚ ਅਜਿਹੇ ਵੀ ਕਈ ਮੌਕੇ ਆਏ ਹਨ ਜਦ ਕਿਸੇ ਲਹਿਰ ਦੇ ਆਗੂ ਨੂੰ ਹਕੂਮਤ ਤੋਂ ਮੰਗਾਂ ਮਨਵਾਉਣ ਲਈ ਮਰਨ ਵਰਤ ਰੱਖਣਾ ਪਿਆ ਹੈ। ਭਾਵ ਇਤਿਹਾਸ ਵਿਚ ਕੁੱਝ ਉਦਹਾਰਣਾਂ ਅਜਿਹੀਆਂ ਪਈਆਂ ਹਨ ਜਦ ਸਮੂਹਿਕ ਮੰਗਾਂ ਖਾਤਰ ਲੋਕ ਆਗੂਆਂ ਨੇ ਮਰਨ ਵਰਤ ਰੱਖ ਕੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਹੈ। 1920ਵਿਆਂ ਦੇ ਦਹਾਕੇ ਵਿਚ ਕਿਸਾਨੀ ਮੁੱਦਿਆਂ ਖਾਤਰ ਸੰਘਰਸ਼ ਕਰਨ ਵਾਲੀ ਪਰਜਾ ਮੰਡਲ ਲਹਿਰ ਦੇ ਆਗੂ ਸੇਵਾ ਸਿੰਘ ਠੀਕਰੀਵਾਲਾ ਨੇ ਜੇਲ੍ਹ ਵਿਚ ਮਰਨ ਤੱਕ ਭੁੱਖ ਹੜਤਾਲ ਕੀਤੀ ਸੀ। ਪਰਜਾ ਮੰਡਲ ਪਾਰਟੀ ਦੀਆਂ ਕੁਝ ਪ੍ਰਮੁੱਖ ਮੰਗਾਂ ਮੱਧਵਰਗ ਕਿਸਾਨੀ ਮਸਲਿਆਂ ਨਾਲ ਜੁੜੀਆਂ ਹੋਈਆਂ ਸਨ। 20 ਜਨਵਰੀ 1935 ਦੀ ਅੱਧੀ ਰਾਤ ਨੂੰ ਸੇਵਾ ਸਿੰਘ ਠੀਕਰੀਵਾਲਾ ਦੀ ਭੁੱਖ ਨਾਲ ਮੌਤ ਹੋ ਗਈ ਸੀ। ਸ਼ਹੀਦ ਭਗਤ ਸਿੰਘ ਦੇ ਸਾਥੀ ਜਤਿਨ ਦਾਸ ਨੇ ਲਾਹੌਰ ਜੇਲ ਵਿਚ 63 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਸ਼ਹਾਦਤ ਦਿੱਤੀ ਸੀ। ਪੰਜਾਬ ਦੇ ਅਹਿਮ ਸਿੱਖ ਆਗੂ ਸ. ਦਰਸ਼ਨ ਸਿੰਘ ਫੇਰੂਮਾਨ ਨੇ ਪੰਜਾਬੀ ਸੂਬੇ ਦੀਆਂ ਅਹਿਮ ਮੰਗਾਂ ਖਾਤਰ 15 ਅਗਸਤ 1969 ਨੂੰ ਭੁੱਖ ਹੜਤਾਲ ਸ਼ੁਰੂ ਕੀਤੀ ਸੀ ਅਤੇ 27 ਅਕਤੂਬਰ 1969 ਨੂੰ ਮਰਨ ਵਰਤ ਦੇ ਚੱਲਦਿਆਂ ਉਨ੍ਹਾਂ ਦੀ ਮੌਤ ਹੋ ਗਈ ਸੀ। ਸਾਡੇ ਸਿੱਖ ਇਤਿਹਾਸ ਵਿਚ ਸ੍ਰੀ ਗੁਰੁ ਅਰਜਨ ਦੇਵ ਜੀ ਅਤੇ ਸ੍ਰੀ ਗੁਰੁ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ ਨੇ ਸਿੱਖ ਸੰਘਰਸ਼ਾਂ ਨੂੰ ਇਕ ਨਵੀਂ ਊਰਜਾ ਬਖਸ਼ੀ ਸੀ।

ਡੱਲੇਵਾਲ ਦੀ ਜਾਂਚ ਕਰ ਰਹੇ ਡਾਕਟਰ ਵਾਰ-ਵਾਰ ਕਹਿ ਰਹੇ ਹਨ ਕਿ ਭੁੱਖੇ ਰਹਿਣ ਕਾਰਨ ਆਈਆਂ ਸਮੱਸਿਆਵਾਂ ਦੇ ਚੱਲਦਿਆਂ ਡੱਲੇਵਾਲ ਨੂੰ ਕਿਸੇ ਸਮੇਂ ਵੀ ਦਿਲ ਦਾ ਦੌਰਾ, ਜਿਗਰ ਫੇਲ੍ਹ ਹੋਣ, ਕਿਡਨੀਆਂ ਵੱਲੋਂ ਕੰਮ ਬੰਦ ਕਰਨ ਜਾਂ ਕੋਮਾ ਵਿਚ ਜਾਣ ਜਿਹੀ ਨੌਬਤ ਆ ਸਕਦੀ ਹੈ, ਪਰ ਇਸ ਸਭ ਦੇ ਬਾਵਜੂਦ ਜਿਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਇਸ ਸਭ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ, ਉਹ ਸਭ ਅਸੰਵੇਦਨਸ਼ੀਲ ਹੈ। ਜਿਸ ਹਕੂਮਤ ਨੂੰ ਤਿਲ-ਤਿਲ ਮਰ ਰਹੇ ਕਿਸਾਨ ਆਗੂ ਦਾ ਫਿਕਰ ਨਹੀਂ ਹੈ, ਉਸ ਹਕੂਮਤ ਤੋਂ ਲੋਕ-ਭਲਾਈ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ।

ਡੱਲੇਵਾਲ ਦੇ ਮਰਨ ਵਰਤ ਦਾ ਮਾਮਲਾ ਸੁਪਰੀਮ ਕੋਰਟ ਵਿਚ ਪੁੱਜਿਆ ਤਾਂ ਦੇਸ਼ ਦੀ ਸਰਵਉੱਚ ਅਦਾਲਤ ਨੇ ਕੇਂਦਰ ਸਰਕਾਰ ਨੂੰ ਕੋਈ ਨਿਰਦੇਸ਼ ਦੇਣ ਜਾਂ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚ ਗੱਲਬਾਤ ਸ਼ੁਰੂ ਕਰਵਾਉਣ ਦੀ ਕੋਸ਼ਿਸ਼ ਦੀ ਬਜਾਏ ਵਾਰ-ਵਾਰ ਪੰਜਾਬ ਸਰਕਾਰ ਨੂੰ ਹੁਕਮ ਚਾੜ੍ਹ ਕੇ ਡੱਲੇਵਾਲ ਨੂੰ ‘ਡਰਿੱਪ’ ਲਵਾਉਣ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਅਦਾਲਤੀ ਮਾਣਹਾਨੀ ਦਾ ਸਾਹਮਣਾ ਕਰਨ ਦੀ ਚਿਤਾਵਨੀ ਵੀ ਦਿੱਤੀ। ਕੇਂਦਰ ਸਰਕਾਰ ਨੂੰ ਕੁੱਝ ਕਹਿਣ ਦੀ ਬਜਾਏ ਸੂਬਾ ਸਰਕਾਰ ਨੂੰ ਕਹਿਣਾ ਮਾਮਲੇ ਨੂੰ ਲਮਕਾਉਣ ਤੋਂ ਵੱਧ ਕੁੱਝ ਨਹੀਂ ਹੈ। ਜੇਕਰ ਅਦਾਲਤ ਮਾਮਲੇ ਨੂੰ ਗਹੁ ਨਾਲ ਵੇਖਦੀ ਤਾਂ ਮੰਗਾਂ ਮੰਨਣੀਆਂ ਤਾਂ ਦੂਰ ਦੀ ਗੱਲ ਸਰਕਾਰ ਦਾ ਰਵੱਈਆ ਇਸ ਕਦਰ ਤਾਨਾਸ਼ਾਹ ਹੈ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਹੀ ਰੋਕ ਦਿੱਤਾ ਗਿਆ ਅਤੇ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਹੀ ਬੰਦ ਕੀਤਾ ਹੋਇਆ ਹੈ।

ਭਾਜਪਾ ਆਗੂਆਂ ਦਾ ਇਹ ਕਹਿਣਾ ਕਿ ਕਿਸਾਨ ਕੇਂਦਰ ਸਰਕਾਰ ਦੀ ਥਾਂ ਪੰਜਾਬ ਸਰਕਾਰ ਤੋਂ ਐਮਐਸਪੀ ਮੰਗਣ ਬਿਲਕੁੱਲ ਹੀ ਹਾਸੋ-ਹੀਣਾ ਹੈ। ਸਭ ਨੂੰ ਪਤਾ ਹੈ ਕਿ ਦੇਸ਼ ਵਿਚ ਇਸ ਸਮੇਂ ਸੂਬਾ ਸਰਕਾਰਾਂ ਦੀ ਸਥਿਤੀ ਕੀ ਹੈ? ਸਾਡੇ ਦੇਸ਼ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਰਹੀਆਂ ਕਾਂਗਰਸ ਅਤੇ ਭਾਜਪਾ ਹਕੂਮਤਾਂ ਨੇ ਰਾਜਾਂ ਨੂੰ ਮਿਲੇ ਮਾੜੇ-ਮੋਟੇ ਅਧਿਕਾਰ ਵੀ ਖੋਹ ਲਏ ਹਨ। ਮੋਦੀ ਸਰਕਾਰ ਨੇ ਤਾਂ ਦੇਸ਼ ਦੇ ਸੀਮਤ ਜਿਹੇ ਸੰਘੀ ਢਾਂਚੇ ਨੂੰ ਵੀ ਤਬਾਹ ਕਰਕੇ ਟੈਕਸਾਂ ਸਮੇਤ ਹਰ ਤਾਕਤ ਆਪਣੀ ਮੁੱਠੀ ਵਿਚ ਕਰ ਲਈ ਹੈ। ਇਸ ਸਮੇਂ ਸੂਬਾ ਸਰਕਾਰਾਂ ਦੀ ਹੈਸੀਅਤ ਵੱਡੇ ਸ਼ਹਿਰ ਦੀ ਨਗਰ ਕੌਂਸਲ ਜਿਹੀ ਅਤੇ ਮੁੱਖ ਮੰਤਰੀ ਦੀ ਹੈਸੀਅਤ ਕਿਸੇ ਵੱਡੇ ਸ਼ਹਿਰ ਦੇ ਮੇਅਰ ਜਿਹੀ ਬਣਾ ਦਿੱਤੀ ਹੈ ਤਾਂ ਅਜਿਹੇ ਵਿਚ ਐਮਐਸਪੀ ਜਿਹੀ ਮੰਗ ਸੂਬਾ ਸਰਕਾਰ ਅੱਗੇ ਰੱਖਣੀ ਬੇਮਾਅਨੇ ਹੈ। ਹਰਿਆਣਾ ਸਰਕਾਰ ਬਿਆਨ ਕਰ ਰਿਹਾ ਹੈ ਕਿ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਖਾਤਰ ਕੰਮ ਕਰ ਰਹੀ ਮੋਦੀ ਸਰਕਾਰ ਪਿੱਛੇ ਹਟਣ ਦੇ ਰੌਂਅ ਵਿਚ ਨਹੀਂ ਹੈ। ਇਹੀ ਕਾਰਨ ਹੈ ਕਿ ਜਦੋਂ ਪੰਜਾਬ ਦੇ ਕਿਸਾਨ (ਐਮਐਸਪੀ) ਨੂੰ ਕਾਨੂੰਨੀ ਮਾਨਤਾ ਦਿਵਾਉਣ ਅਤੇ ਸਾਰੀਆਂ ਫ਼ਸਲਾਂ ਦੀ ਸਰਕਾਰੀ ਖਰੀਦ ਯਕੀਨੀ ਬਣਾਉਣ ਲਈ ਪੱਕੇ ਮੋਰਚੇ ਲਾਈ ਬੈਠੇ ਹਨ ਤਾਂ ਇਸੇ ਦੌਰਾਨ ਕੇਂਦਰ ਸਰਕਾਰ ਖੇਤੀਬਾੜੀ ਮੰਡੀਕਰਨ ਨੀਤੀ ਦਾ ਖਰੜਾ ਸਾਹਮਣੇ ਲੈ ਆਈ



*ਖਨੌਰੀ ਬਾਰਡਰ ’ਤੇ ਹੋਈ ਕਿਸਾਨ ਮਹਾਂ-ਪੰਚਾਇਤ ਵਿਚ ਕਿਸਾਨਾਂ ਦਾ ਠਾਠਾਂ ਮਾਰਦਾ ਇਕੱਠ।*

ਵੱਲੋਂ ਦੋ ਦਰਜ਼ਨ ਦੇ ਕਰੀਬ ਫਸਲਾਂ ਉੱਪਰ ਐਮਐਸਪੀ ਦੇਣ ਦਾ ਦਾਅਵਾ ਵੀ ਖੋਖਲਾ ਹੈ, ਕਿਉਂਕਿ ਹਕੀਕਤ ਇਹ ਹੈ ਕਿ ਜੀਐੱਸਟੀ ਪ੍ਰਣਾਲੀ ਲਾਗੂ ਹੋਣ ਤੋਂ ਬਾਅਦ ਸੂਬਿਆਂ ਕੋਲ ਐਮਐਸਪੀ ਦੇਣ ਦੀ ਸਮੱਰਥਾ ਨਹੀਂ ਬਚੀ ਹੈ। ਕੇਂਦਰ ਨੇ ਕਦੇ ਵੀ ਪੰਜਾਬ ਸਰਕਾਰ ਦਾ ਜੀਐੱਸਟੀ ’ਚੋਂ ਬਣਦਾ ਪੂਰਾ ਹਿੱਸਾ ਨਹੀਂ ਦਿੱਤਾ ਹੈ, ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ) ਅਤੇ ਸਿਹਤ ਸੇਵਾਵਾਂ ਲਈ ਬਣਦੇ ਕੇਂਦਰੀ ਫੰਡ ਰੋਕਣ ਕਾਰਨ ਪੰਜਾਬ ਸਰਕਾਰ ਦੀ ਸਥਿਤੀ ਇਹ ਨਹੀਂ ਬਚੀ ਕਿ ਉਹ ਐਮਐਸਪੀ ਦੇ ਦੇਵੇ।

ਉਂਝ ਇਸ ਅੰਦੋਲਨ ਪ੍ਰਤੀ ਭਗਵੰਤ ਮਾਨ ਸਰਕਾਰ ਦਾ ਰਵੱਈਆ ਵੀ ਕੋਈ ਬਹੁਤਾ ਵਧੀਆ ਨਹੀਂ ਰਿਹਾ ਹੈ। ਕੇਂਦਰੀ ਦਬਕੇ ਤਹਿਤ ਇਕ ਪਾਸੇ ਸੂਬਾ ਸਰਕਾਰ ਦੀ ਅਫਸਰਸ਼ਾਹੀ ਖਾਸਕਰ ਸਰਕਾਰ ਦੇ ਚਹੇਤੇ ਕੁੱਝ ਮੌਜੂਦਾ ਤੇ ਸਾਬਕਾ ਪੁਲਿਸ ਅਫਸਰ ਮਰਨ ਵਰਤ ਤੁੜਵਾਉਣ ਲਈ ਅੰਦੋਲਨ ਵਿਚ ਜਾ ਕੇ ਦਬਾਅ ਬਣਾ ਰਹੇ ਹਨ ਤੇ ਦੂਜੇ ਪਾਸੇ ਭਗਵੰਤ ਮਾਨ ਅੰਦੋਲਨ ਪੱਖੀ ਹੋਣ ਦਾ ਦਾਅਵਾ ਠੋਕ ਰਹੇ ਹਨ। ਸੂਬਾ ਸਰਕਾਰ ਨੂੰ ਚਾਹੀਦਾ ਸੀ ਕਿ ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸ਼ਨ ਬੁਲਾ ਕੇ ਮਤਾ ਪਾਇਆ ਜਾਂਦਾ, ਹਾਲਾਂਕਿ ਸੰਵਿਧਾਨਿਕ ਤੌਰ ‘ਤੇ ਉਸ ਮਤੇ ਦੀ ਬਹੁਤੀ ਅਹਿਮੀਅਤ ਨਾ ਵੀ ਹੋਵੇ ਤਾਂ ਵੀ ਇਹ ਜਰੂਰੀ ਸੀ, ਦੂਜਾ ਸਰਬ ਪਾਰਟੀ ਮੀਟਿੰਗ ਕਰਕੇ ਗੱਲਬਾਤ ਸ਼ੁਰੂ ਕਰਵਾਉਣ ਲਈ ਸੂਬੇ ਦਾ ਸਾਂਝਾ ਵਫਦ ਕੇਂਦਰ ਸਰਕਾਰ ਕੋਲ ਭੇਜਣ ਜਿਹਾ ਰਾਹ ਅਖਤਿਆਰ ਕੀਤਾ ਜਾ ਸਕਦਾ ਸੀ।

ਇਤਿਹਾਸਕ ਕਿਸਾਨ ਅੰਦੋਲਨ ਦੇ ਦਬਾਅ ਕਾਰਨ ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ ਸੀ ਪਰ ਉਸ ਸਮੇਂ ਤੋਂ ਹੀ ਕਿਸਾਨਾਂ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਪਣਾਇਆ ਰਵੱਈਆ ਸਪੱਸ਼ਟ ਹੈ। ਸ਼ੰਭੂ ਮੋਰਚੇ ਦੀ ਅਗਵਾਈ ਕਰ ਰਹੇ ਕਿਸਾਨ ਮਜ਼ਦੂਰ ਮੋਰਚੇ ਦੇ ਆਗੂਆਂ ਸਰਵਣ ਸਿੰਘ ਪੰਧੇਰ, ਸੁਰਜੀਤ ਫੂਲ, ਜਸਵਿੰਦਰ ਸਿੰਘ ਲੌਂਗੋਵਾਲ ਆਦਿ ਵੱਲੋਂ ਐੱਸ ਕੇ ਐੱਮ ਦੇ ਆਗੂਆਂ ਨੂੰ ਏਕਤਾ ਲਈ ਚਿੱਠੀ ਲਿਖਣ ਦੀ ਕਾਰਵਾਈ ਸ਼ਲਾਘਾਯੋਗ ਸੀ। ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਇਸ ਪਹਿਲਕਦਮੀ ਦਾ ਸਵਾਗਤ ਕਰਦਿਆਂ ਛੇ ਮੈਂਬਰੀ ਕਮੇਟੀ ਨੇ ਸਾਂਝੀ ਮੀਟਿੰਗ ਬੁਲਾਈ ਪਰ ਇਸ ਮੀਟਿੰਗ ਵਿਚ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦਾ ਕੋਈ ਨੁਮਾਇੰਦਾ ਨਾ ਪਹੁੰਚਣ ਕਾਰਨ ਇਹ ਮਾਮਲਾ ਅੱਗੇ ਨਹੀਂ ਵਧ ਸਕਿਆ। ਲੇਕਿਨ ਹੁਣ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਨੂੰ ਵੀ ਕਿਸਾਨ ਹਿੱਤਾਂ ਲਈ ਅਤੇ ਇਸ ਸੰਘਰਸ਼ ਨੂੰ ਅੱਗੇ ਲਿਜਾਣ ਲਈ ਏਕਤਾ ਖਾਤਰ ਹਾਮੀ ਭਾਮੀ ਭਰਨੀ ਪਵੇਗੀ। ਅਜਿਹੇ ਵਿਚ ਸ਼ੰਭੂ ਮੋਰਚੇ ਦੀ ਅਗਵਾਈ ਕਰ ਰਹੇ ਕਿਸਾਨ ਮਜ਼ਦੂਰ ਮੋਰਚੇ ਦੇ ਆਗੂਆਂ ਸਰਵਣ ਸਿੰਘ ਪੰਧੇਰ, ਸੁਰਜੀਤ ਫੂਲ, ਜਸਵਿੰਦਰ ਸਿੰਘ ਲੌਂਗੋਵਾਲ ਆਦਿ ਵੱਲੋਂ ਐੱਸ ਕੇ ਐੱਮ ਦੇ ਆਗੂਆਂ ਨੂੰ ਏਕਤਾ ਲਈ ਚਿੱਠੀ ਲਿਖਣ ਦੀ ਕਾਰਵਾਈ ਸ਼ਲਾਘਾਯੋਗ ਸੀ, ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਇਸ ਪਹਿਲਕਦਮੀ ਦਾ ਸਵਾਗਤ ਕਰਦਿਆਂ ਛੇ ਮੈਂਬਰੀ ਕਮੇਟੀ ਨੇ ਸਾਂਝੀ ਮੀਟਿੰਗ ਵੀ ਬੁਲਾਈ ਪਰ ਇਸ ਮੀਟਿੰਗ ਵਿਚ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦਾ ਕੋਈ ਨੁਮਾਇੰਦਾ ਨਾ ਪਹੁੰਚਣ ਕਾਰਨ ਇਹ ਮਾਮਲਾ ਅੱਗੇ ਨਹੀਂ ਵਧ ਸਕਿਆ। ਲੇਕਿਨ ਹੁਣ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਨੂੰ ਵੀ ਕਿਸਾਨ ਹਿੱਤਾਂ ਲਈ ਅਤੇ ਇਸ ਸੰਘਰਸ਼ ਨੂੰ ਅੱਗੇ ਲਿਜਾਣ ਲਈ ਏਕਤਾ ਖਾਤਰ ਹਾਮੀ ਭਾਮੀ ਭਰਨੀ ਪਵੇਗੀ। ਮੋਦੀ ਸਰਕਾਰ ਵਰਗੀ ਤਾਨਾਸ਼ਾਹ ਹਕੂਮਤ ਤੋਂ ਮੰਗਾਂ ਮਨਵਾਉਣ ਲਈ ਇਕਜੁਟਤਾ ਬਹੁਤ ਜ਼ਰੂਰੀ ਹੈ।

---

# ਖੇਤੀਬਾੜੀ ਲਈ ਮਾਰਕਿਟਿੰਗ ਦੀ ਨਵੀਂ ਨੀਤੀ ਕੀ ਹੈ

## *ਕਿਸਾਨ ਇਸ ਨੂੰ ਕੇਂਦਰ ਸਰਕਾਰ ਵੱਲੋਂ ‘ਰੱਦ ਕੀਤੇ ਖੇਤੀ ਕਾਨੂੰਨਾਂ ਦਾ ਨਵਾਂ ਰੂਪ’ ਕਿਉਂ ਮੰਨ ਰਹੇ ਹਨ?*

ਪੰਜਾਬ ਦੇ ਕਿਸਾਨਾਂ ਨੇ ਖ਼ਨੌਰੀ ਅਤੇ ਸ਼ੰਭੂ ਸਰਹੱਦ ਉਪਰ ਐੱਮਐੱਸਪੀ ਦੀ ਕਾਨੂੰਨੀ ਗਰੰਟੀ ਲਈ ਡੇਰੇ ਲਗਾਏ ਹੋਏ ਹਨ ਪਰ ਅਜਿਹੇ ਵਿਚ ਕੇਂਦਰ ਸਰਕਾਰ ਨੇ ‘ਨੈਸ਼ਨਲ ਪਾਲਿਸੀ ਫ਼ਰੇਮਵਰਕ ਆਨ ਐਗਰੀਕਲਚਰਲ ਮਾਰਕਿਟਿੰਗ’ ਦਾ ਖਰੜਾ ਜਨਤਕ ਕੀਤਾ ਹੈ ਜਿਸ ਨੂੰ ਕਿਸਾਨ ਅਤੇ ਵਿਰੋਧੀ ਧਿਰਾਂ ਨੇ ‘ਕਿਸਾਨ ਵਿਰੋਧੀ’ ਕਰਾਰ ਦਿੱਤਾ ਹੈ।

ਐਗਰੀਕਲਚਰਲ ਮਾਰਕਿਟਿੰਗ ਦਾ ਖਰੜਾ ਫ਼ਸਲਾਂ ਦੀ ਖਰੀਦ-ਵੇਚ ਵਿਚ ਵੱਡੇ ਸੁਧਾਰਾਂ ਦੀ ਵਕਾਲਤ ਕਰਦਾ ਹੈ। ਇਸ ਵਿਚ ਖ਼ਾਸ ਤੌਰ ‘ਤੇ ਡਿਜੀਟਲਾਈਜੇਸ਼ਨ, ਨਿੱਜੀ ਮੰਡੀਆਂ ਅਤੇ ਕੰਟਰੈਕਟ ਫਾਰਿੰਗ ਉਪਰ ਜ਼ੋਰ ਦਿੱਤਾ ਗਿਆ ਹੈ ਜਿਸ ਨਾਲ ਕਿਸਾਨਾਂ ਦੀ ਆਮਦਨ ਵਧਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਫਿਰ ਕਿਸਾਨ ਜਥੇਬੰਦੀਆਂ ਨੂੰ ਇਸ ਖਰੜੇ ਦੇ ਸੁਝਾਵਾਂ ਉਪਰ ਕੀ ਇਤਰਾਜ਼ ਹੈ? ਇਨ੍ਹਾਂ ਸੁਝਾਵਾਂ ਨੂੰ ਪਿਛਲੇ ਸਮੇਂ ਵਿਚ ਰੱਦ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਦਾ ਨਵਾਂ ਰੂਪ ਕਿਉਂ ਦੱਸਿਆ ਜਾ ਰਿਹਾ ਹੈ?

ਇੱਥੇ ਅਸੀਂ ਤੁਹਾਨੂੰ ਐਗਰੀਕਲਚਰਲ ਮਾਰਕਿਟਿੰਗ ਪਾਲਿਸੀ ਦੇ ਕਿਸਾਨ ਪੱਖੀ ਦਾਅਵਿਆਂ, ਕਿਸਾਨਾਂ ਦੇ ਵਿਰੋਧ ਦੇ ਕਾਰਨਾਂ ਅਤੇ ਮਾਹਿਰਾਂ ਦੀਆਂ ਚਿੰਤਾਵਾਂ ਬਾਰੇ ਵਿਸਥਾਰ ਨਾਲ ਦੱਸਾਂਗੇ।




**ਐਗਰੀਕਲਚਰਲ ਮਾਰਕਿਟਿੰਗ ਪਾਲਿਸੀ ਕੀ ਹੈ?**

ਕਿਸਾਨਾਂ ਦੀ ਆਮਦਨ ਵਧਾਉਣ ਲਈ ਐਗਰੀਕਲਚਰਲ ਮਾਰਕਿਟਿੰਗ ਪਾਲਿਸੀ ਲਿਆਉਣ ਦੀ ਗੱਲ ਆਖੀ ਜਾ ਰਹੀ ਹੈ

ਡਰਾਫ਼ਟ ‘ਨੈਸ਼ਨਲ ਪਾਲਿਸੀ ਫ਼ਰੇਮਵਰਕ ਆਨ ਐਗਰੀਕਲਚਰਲ ਮਾਰਕਿਟਿੰਗ’ ਮੁਤਾਬਕ **ਓਫੱ** ਦੀ ਇੱਕ ਰਿਪੋਰਟ ਕਹਿੰਦੀ ਹੈ ਕਿ 2016-17- ਤੋਂ 2022-23 ਤੱਕ ਖੇਤੀਬਾੜੀ ਵਿਚ 5 ਫ਼ੀਸਦ ਸਾਲਾਨਾ ਦਾ ਵਾਧਾ ਹੋਇਆ ਹੈ ਜੋ ਪਿਛਲੇ ਲਗਾਤਾਰ ਸੱਤ ਸਾਲਾਂ ਵਿਚ ਨਹੀਂ ਹੋਇਆ ਸੀ, ਪਰ ਇਸ ਸਭ ਦੇ ਬਾਵਜੂਦ, ਇਹ ਚਿੰਤਾ ਦਾ ਵਿਸ਼ਾ ਹੈ ਕਿ ਕਿਸਾਨ, ਖਾਸ ਤੌਰ ‘ਤੇ

*(ਬਾਕੀ ਅਗਲੇ ਸਫੇ ’ਤੇ)*

# ਸੁਪਾਰੀ ਦੀ ਖੁਮਾਰੀ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਖਬਰ ਹੈ ਕਿ ਅਮਰੀਕਾ ਅਤੇ ਕੈਨੇਡਾ ਦੇ ਨਾਗਰਿਕ, ਖਾਲਿਸਤਾਨ ਪੱਖੀ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਭਾਰਤ ਸਰਕਾਰ ਨੇ ਮਰਵਾਉਣ ਦੀ ਸਾਜ਼ਿਸ਼ ਰਚੀ ਪਰ ਉਹ ਕਾਮਯਾਬ ਨਾ ਹੋ ਸਕੀ। ਪਹਿਲਾਂ ਕੈਨੇਡਾ ਦੇ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਵੀ ਏਹੀ ਦੋਸ਼ ਕੈਨੇਡਾ ਸਰਕਾਰ ਨੇ ਲਾਇਆ ਸੀ। ਭਾਰਤੀ ਨਾਗਰਿਕ ਵਿਕਾਸ ਯਾਦਵ ਅਤੇ ਨਿਖਿਲ ਗੁਪਤਾ ਵਿਰੁਧ ਅਮਰੀਕੀ ਨਿਆਂ ਵਿਭਾਗ ਨੇ ਪੈਸੇ ਬਦਲੇ ਕਤਲ ਮਾਮਲਾ ਦਰਜ ਕਰਨ ਦਾ ਐਲਾਨ ਕੀਤਾ ਹੈ। ਏਥੇ ਵਰਤੀ ਉਕਤੀ 'ਪੈਸੇ ਬਦਲੇ ਕਤਲ' ਅੰਗ੍ਰੇਜ਼ੀ 'ਕੌਂਟਰੈਕਟ ਕਿਲਿੰਗ' ਦਾ ਹੀ ਅਖਬਾਰੀ ਤਰਜਮਾ ਹੈ। ਇਸ ਆਸ਼ੇ ਲਈ 'ਭਾੜੇ ਦਾ ਕਤਲ' ਮੁਹਾਵਰਾ ਵੀ ਚਲਦਾ ਹੈ ਪਰ ਕੁਝ ਦਹਾਕਿਆਂ ਤੋਂ 'ਸੁਪਾਰੀ ਕਤਲ' ਵਧੇਰੇ ਪ੍ਰਚੱਲਤ ਹੋ ਰਿਹਾ ਹੈ। ਬਕੌਲ ਮਹਾਨ ਕੋਸ਼ 'ਸੁਪਾਰੀ ਓਹੀ ਗੋਲ ਕਰੜਾ ਫਲ ਹੈ ਜਿਸ ਨੂੰ ਕੁਤਰ ਕੇ ਪਾਨ ਵਿਚ ਪਾਇਆ ਜਾਂਦਾ ਹੈ, 'ਪਾਨ ਸੁਪਾਰੀ ਖਾਤੀਆਂ ਮੁਖਿ ਬੀੜੀਆਂ ਲਾਈਆਂ' - ਗੁਰੂ ਰਾਮ ਦਾਸ'। ਸੁਪਾਰੀ ਦਾ ਪੇੜ ਨਾਰੀਅਲ ਵਰਗਾ ਹੁੰਦਾ ਹੈ ਤੇ ਹੈ ਵੀ ਇਸੇ ਜੱਦ ਵਿਚੋਂ। ਇਹ ਫਿਲਪਾਈਨ ਦਾ ਜੱਦੀ ਦਰਖਤ ਹੈ ਜੋ ਬੀਜਾਂ ਰਾਹੀਂ ਫੈਲਦਾ-ਫੈਲਦਾ ਸਦੀਆਂ ਪਾ ਕੇ ਦੂਰ-ਦੁਰਾਡੇ ਦੇਸ਼ਾਂ ਵਿਚ ਪਹੁੰਚ ਗਿਆ। ਇਸ ਫਲ ਦੀ ਗਿਟਕ ਨੂੰ ਕੁਤਰ ਕੇ ਅਤੇ ਪਾਨ ਪੱਤੇ ਵਿਚ ਪਾ ਕੇ ਬੀੜਾ ਬਣਾਇਆ ਜਾਂਦਾ ਹੈ ਜਿਸ ਨੂੰ ਆਮ ਭਾਸ਼ਾ ਵਿਚ ਪਾਨ ਹੀ ਕਿਹਾ ਜਾਂਦਾ ਹੈ। ਬਾਜ਼ਾਰੀ ਪੱਧਰ 'ਤੇ ਪਾਨ ਬੀੜੇ ਦਾ ਸੁੱਕਾ ਬਦਲ ਪਾਨ ਮਸਾਲਾ ਅਤੇ ਗੁਟਕਾ ਬਣਾਏ ਜਾਂਦੇ ਹਨ ਜਿਨ੍ਹਾਂ ਵਿਚ ਸੁਪਾਰੀ ਦੇ ਬੁਰਾਦੇ ਸਮੇਤ ਪਾਨ ਵਾਲੇ ਹੋਰ ਮਸਾਲੇ ਮਿਲਾਏ ਜਾਂਦੇ ਹਨ। ਇਨ੍ਹਾਂ ਦੇ ਸ਼ੌਕੀਨ ਇਸ ਨੂੰ ਚਬਾ-ਚਬਾ ਕੇ ਖੂਬ ਖੁਮਾਰੀ ਵਿਚ ਰਹਿੰਦੇ ਹਨ ਕਿਉਂਕਿ ਇਹ ਨੀਮ-ਨਸ਼ਾਵਰ ਅਤੇ ਉਤੇਜਕ ਹੁੰਦੇ ਹਨ। ਆਯੁਰਵੇਦ ਪ੍ਰਣਾਲੀ ਸੁਪਾਰੀ ਨੂੰ ਕਈ ਬੀਮਾਰੀਆਂ ਲਈ ਬੇਹੱਦ ਮੁਫੀਦ ਦੱਸਦੀ ਹੈ। ਕਾਹਨ ਸਿੰਘ ਜੀ ਬੇਮਤਲਬ ਵੈਦ ਹੋਣ ਦਾ ਵਿਖਾਵਾ ਵੀ ਕਰਦੇ ਹਨ। ਉਨ੍ਹਾਂ ਦੇ 'ਮਹਾਨ ਕੋਸ਼' ਮੁਤਾਬਿਕ, 'ਇਸ ਦੀ ਤਾਸੀਰ ਸਰਦ ਖ਼ੁਸ਼ਕ ਹੈ, ਮੁਖ ਦੇ ਵਿਕਾਰਾਂ ਨੂੰ ਹਟਾਉਂਦੀ ਹੈ, ਦੰਦਾਂ ਨੂੰ ਮਜ਼ਬੂਤ ਕਰਦੀ ਹੈ ਅਤੇ ਮਣੀ ਨੂੰ ਗਾੜ੍ਹਾ ਕਰਦੀ ਹੈ। ਸੁਪਾਰੀ ਦੇ ਫੁੱਲ ਬੱਚਿਆਂ ਦੇ ਦਸਤ ਬੰਦ ਕਰਨ ਲਈ ਜੇ ਉਬਾਲ ਕੇ ਦਿੱਤੇ ਜਾਣ ਤਾਂ ਬਹੁਤ ਗੁਣਕਾਰੀ ਹਨ'। ਡਾਕਟਰੀ ਪੜਤਾਲ ਅਨੁਸਾਰ ਇਹ ਨਿਕ-ਸੁਕ ਕੈਂਸਰਜਨਕ ਹੈ ਇਸ ਲਈ ਬਚਣਯੋਗ ਹੈ। ਮਰਦ ਲਿੰਗ ਦੇ ਅਗਲੇ ਭਾਗ ਨੂੰ ਵੀ ਸੁਪਾਰੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਸ਼ਕਲ ਸੁਪਾਰੀ ਨਾਲ ਮਿਲਦੀ ਹੈ।

ਸੁਪਾਰੀ ਸ਼ਬਦ ਦੀ ਮੈਨੂੰ ਕੋਈ ਬਹੁਤੀ ਤਸੱਲੀਬਖਸ਼ ਵਿਉਤਪਤੀ ਨਹੀਂ ਮਿਲੀ। 'ਸ਼ਬਦ ਸਾਗਰ' ਅਨੁਸਾਰ ਇਹ ਸੰਸਕ੍ਰਿਤ 'ਸੁ+ਪ੍ਰਿਯ' ਤੋਂ ਬਣਿਆ, ਇਸ ਵਿਆਖਿਆ ਅਨੁਸਾਰ ਸੁਪਾਰੀ ਨੂੰ ਬਹੁਤ ਪਿਆਰੀ ਚੀਜ਼ ਸਮਝਿਆ ਗਿਆ ਹੈ। ਮਰਾਠੀ ਦੇ ਇਕ ਸ੍ਰੋਤ ਅਨੁਸਾਰ ਇਹ ਸੁ+ਪਾਰ ਤੋਂ ਬਣਿਆ, ਮਰਾਠੀ ਵਿਚ 'ਪਾਰ' ਗਿਟਕ ਨੂੰ ਕਿਹਾ ਜਾਂਦਾ ਹੈ। ਇਹ ਵਿਆਖਿਆ ਕੁਝ ਕੁਝ ਸਾਰਥਕ ਲਗਦੀ ਹੈ ਪਰ ਸਾਡਾ ਸਰੋਕਾਰ 'ਭਾੜੇ ਦਾ ਕਤਲ ਕਰਵਾਉਣ' ਦੇ ਅਰਥਾਂ ਵਾਲੀ ਉਕਤੀ 'ਸੁਪਾਰੀ ਦੇਣਾ' ਦੀ ਫੋਲਾ-ਫਾਲੀ ਕਰਨਾ ਹੈ। ਮੁੰਬਈ ਪੁਲੀਸ ਦੇ ਰਿਟਾਇਰਡ ਏਐਸਪੀ ਵਸੰਤ ਢੋਬਲੇ ਨੇ 'ਇੰਡੀਅਨ ਐਕਸਪ੍ਰੈਸ' ਵਿਚ ਦਿੱਤੀ ਇੰਟਰਵਿਊ ਵਿਚ ਇਸ ਬਾਰੇ ਖੋਜ ਭਰੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਦਾ ਸਬੰਧ ਮਰਾਠੀ ਸਮਾਜ ਵਿਚ ਵਿਆਹ ਸਮੇਂ ਪ੍ਰਾਹੁਣਿਆਂ ਨੂੰ ਸੱਦਾ ਪੱਤਰ ਦੀ ਥਾਂ ਪਾਨ ਸੁਪਾਰੀ ਭੇਜਣ ਦੀ ਰੀਤ ਨਾਲ ਹੈ। ਇਹ ਉਕਤੀ ਅਸਲ ਵਿਚ ਅਪਰਾਧ ਜਗਤ ਵਿਚ ਵੀ ਪ੍ਰਚੱਲਤ ਸੀ। ਭਾੜੇ ਦੇ ਕਤਲ ਦੇ ਨਾਲ-ਨਾਲ ਇਸ ਤੋਂ ਕਿਸੇ ਦੀ ਮਾਨਹਾਨੀ ਕਰਨ






ਜਾਂ ਕੋਈ ਵੀ ਗੈਰਕਾਨੂੰਨੀ ਕੰਮ ਕਢਵਾਉਣ ਦੇ ਅਰਥ ਵੀ ਲਏ ਜਾਂਦੇ ਹਨ। ਡੀਲ ਪੱਕੀ ਹੋਣ ਦੀ ਸੂਰਤ ਵਿਚ ਮਰਾਠੀ ਵਿਚ ਕਿਹਾ ਜਾਂਦਾ ਹੈ, 'ਕਾਮਚੀ ਸੁਪਾਰੀ ਆਲੀ ਆਹੇ' (ਕੰਮ ਲਈ ਸੁਪਾਰੀ ਮਿਲ ਗਈ ਹੈ)। ਢੋਬਲੇ ਨੇ ਦੱਸਿਆ ਕਿ ਉਸ ਸਮੇਂ ਮਹਾਂਰਾਸ਼ਟਰ ਦੇ ਬਹੁਤੇ ਪੁਲਸੀਏ ਪਿੰਡਾਂ ਤੋਂ ਹੀ ਭਰਤੀ ਹੁੰਦੇ ਸਨ। ਕਿਸੇ ਦੇ ਕਤਲ ਦੇ ਸਬੰਧ ਵਿਚ ਇਹ ਪੁਲਸੀਏ ਆਪੋ ਵਿਚ ਕੁਝ ਇਸ ਤਰ੍ਹਾਂ ਦੀ ਵਾਰਤਾਲਾਪ ਕਰਦੇ ਸਨ, 'ਉਸ ਕਾ ਸੁਪਾਰੀ ਇਸ ਨੇ ਦੀਆ।' ਅਰਥਾਤ ਫਲਾਣੇ ਨੂੰ ਮਾਰਨ ਦਾ ਭਾੜਾ ਫਲਾਣੇ ਨੇ ਦਿੱਤਾ। ਜਦ ਮੁੰਬਈ ਵਿਚ ਹੌਲਨਾਕ ਅਪਰਾਧ ਜ਼ੋਰਾਂ 'ਤੇ ਹੋਣ ਲੱਗ ਪਏ ਤਾਂ ਇਹ ਪਦ ਹੋਰ ਵੀ ਵਧੇਰੇ ਵਰਤਿਆ ਜਾਣ ਲੱਗਾ। ਅਪਰਾਧ ਫਿਲਮਾਂ ਵਿਚ ਇਸ ਸ਼ਬਦ ਦਾ ਖੂਬ ਪ੍ਰਯੋਗ ਹੋਣ ਲੱਗਾ। ਏਥੋਂ ਤੱਕ ਕਿ 2003 ਵਿਚ 'ਸੁਪਾਰੀ' ਨਾਂ ਦੀ ਫਿਲਮ ਵੀ ਬਣੀ ਜੋ ਸੁਪਾਰੀ ਦੇਣ ਦੇ ਇਰਦ-ਗਿਰਦ ਘੁੰਮਦੀ ਹੈ। ਹੌਲੀ ਹੌਲੀ ਇਹ ਉਕਤੀ ਦੇਸ਼ ਦੇ ਹੋਰ ਭਾਗਾਂ ਅਤੇ ਬੋਲੀਆਂ ਵਿਚ ਪ੍ਰਵੇਸ਼ ਕਰ ਗਈ।

ਹੁਸੈਨ ਜ਼ਾਇਦੀ ਰਚਿਤ ਪੁਸਤਕ 'ਡੋਂਗਰੀ ਤੋਂ ਡੁਬਈ' ਅਨੁਸਾਰ ਤ੍ਹੇਰਵੀਂ ਸਦੀ ਵਿਚ ਮੁੰਬਈ ਦੇ ਮਾਹੀਮ ਕਬੀਲੇ ਅਤੇ ਇਲਾਕੇ ਦਾ ਸਰਦਾਰ ਭੀਮ ਇਹ ਸ਼ਬਦ ਵਰਤਿਆ ਕਰਦਾ ਸੀ। ਭੀਮ ਨੇ ਜਦ ਕੋਈ ਜੋਖਮ ਭਰਿਆ ਕੰਮ ਕਰਵਾਉਣਾ ਹੁੰਦਾ ਸੀ ਤਾਂ ਉਹ ਆਪਣੇ ਯੋਧਿਆਂ ਨੂੰ ਆਪਣੇ ਕਿਲ੍ਹੇ ਵਿਚ ਬੁਲਾ ਲੈਂਦਾ ਸੀ। ਫਿਰ 36 ਪ੍ਰਕਾਰ ਦੇ ਭੋਜਨ ਖਵਾ ਕੇ ਉਨ੍ਹਾਂ ਸਾਹਮਣੇ ਇੱਕ ਪਾਨ ਸੁਪਾਰੀ ਦੀ ਤਸ਼ਤਰੀ ਰੱਖ ਦਿੰਦਾ ਸੀ। ਜਿਹੜਾ ਵੀ ਯੋਧਾ ਪਾਨ ਸੁਪਾਰੀ ਨੂੰ ਚੁੱਕ ਲੈਂਦਾ ਉਸੇ ਨੂੰ ਉਹ ਮੁਸ਼ਕਿਲ ਕਾਰਜ ਸਿਰੇ ਚੜ੍ਹਾਉਣ ਦਾ ਜ਼ਿੰਮਾ ਲਾ ਦਿੰਦਾ ਸੀ। 1980ਵਿਆਂ ਵਿਚ ਸਮਝਿਆ ਜਾਣ ਲੱਗਾ ਕਿ ਜਿਸ ਵਿਅਕਤੀ ਨੇ ਆਪਣੇ ਕਿਸੇ ਦੁਸ਼ਮਣ ਨੂੰ ਮਰਵਾਉਣਾ ਹੁੰਦਾ ਸੀ ਉਹ ਜ਼ਰੂਰ ਕਿਸੇ ਗੈਂਗ ਨੂੰ ਸੁਪਾਰੀ ਦਿੰਦਾ ਹੋਵੇਗਾ। ਸੁਪਾਰੀ ਦੀ ਰੁਪਿਆਂ ਵਿਚ ਕੀਮਤ ਇਸ ਗੱਲ ਤੋਂ ਤੈਅ ਹੁੰਦੀ ਸੀ ਕਿ ਕਤਲ ਕੀਤੇ ਜਾਣ ਵਾਲੇ ਵਿਅਕਤੀ ਦਾ ਰੁਤਬਾ ਕੀ ਹੈ ਅਤੇ ਕਤਲ ਦਾ ਅੰਜਾਮ ਕੀ ਹੋ ਸਕਦਾ ਹੈ। ਸੁਪਾਰੀ ਦੀ ਅਦਾਇਗੀ ਕਿਸ਼ਤਾਂ ਵਿਚ ਕੀਤੀ ਜਾਂਦੀ ਸੀ। ਆਖਰੀ ਕਿਸ਼ਤ ਕਤਲ ਹੋਣ ਤੋਂ ਬਾਅਦ ਹੀ ਕੀਤੀ ਜਾਂਦੀ ਸੀ। ਸੁਪਾਰੀ ਦੇਣ ਵਾਲਾ ਵਿਅਕਤੀ ਹੀ ਸੁਪਾਰੀਬਾਜ਼ਾਂ ਨੂੰ ਆਪਣੇ ਨਿਸ਼ਾਨੇ ਬਾਰੇ ਸਾਰੀ ਜਾਣਕਾਰੀ ਦਿੰਦਾ ਸੀ। ਮਸਲਨ ਉਹ ਬੰਦਾ ਕਿਥੇ ਹੈ, ਉਸ ਦੀਆਂ ਗਤੀਵਿਧੀਆਂ ਕੀ ਹਨ, ਉਸ ਨੂੰ ਮਾਰਨ ਦਾ ਢੁਕਵਾਂ ਥਾਂ ਤੇ ਸਮਾਂ ਕੀ ਹੋ ਸਕਦਾ ਹੈ ਆਦਿ। ਸੁਪਾਰੀ ਲੈਣ ਵਾਲੇ ਆਪਣੇ ਕੰਮ ਭੁਗਤਾਉਣ ਤੋਂ ਪਹਿਲਾਂ ਕੁਝ ਦਿਨ ਉਸ ਵਿਅਕਤੀ ਦਾ ਪਿੱਛਾ ਕਰਦੇ ਰਹਿੰਦੇ ਸਨ। ਇਸ ਪੁਸਤਕ ਵਿਚ ਕਈ ਸੁਪਾਰੀਆਂ ਦਾ ਜ਼ਿਕਰ ਹੈ।

ਪੁਸਤਕ ਅਨੁਸਾਰ 1969 ਵਿਚ ਅਪਰਾਧੀ ਹਾਜੀ ਮਸਤਾਨ ਨੇ ਇੱਕ ਹੋਰ ਅਪਰਾਧੀ ਯੂਸਫ਼ ਪਟੇਲ ਨੂੰ ਮਰਵਾਉਣ ਲਈ ਪਾਕਿਸਤਾਨੀਆਂ ਨੂੰ ਦਸ ਹਜ਼ਾਰ ਰੁਪਏ ਦੀ ਸੁਪਾਰੀ ਦਿੱਤੀ ਪਰ ਅੰਗ ਰੱਖਿਅਕਾਂ ਦੀ ਚੌਕਸੀ ਕਾਰਨ ਇਹ ਯਤਨ ਸਿਰੇ ਨਾ ਚੜ੍ਹ ਸਕਿਆ। ਦਾਊਦ ਇਬਰਾਹੀਮ ਨੇ ਬਰਾਬਰ ਦੇ ਗੈਂਗਸਟਰ ਪਠਾਣ ਅਮੀਰਜ਼ਾਦਾ ਨੂੰ ਮਰਵਾਉਣ ਲਈ ਬੜਾ ਰਾਜਨ ਨੂੰ ਸੁਪਾਰੀ ਦਿੱਤੀ। ਸੰਗੀਤਕਾਰ ਗੁਲਸ਼ਨ ਕੁਮਾਰ ਨੂੰ ਵੀ ਅੰਧੇਰੀ ਦੇ ਇਕ ਮੰਦਿਰ ਦੇ ਬਾਹਰ 1997 ਵਿਚ ਸੁਪਾਰੀ ਦੇ ਕੇ ਮਰਵਾਇਆ ਗਿਆ ਸੀ। ਦੱਸਿਆ ਜਾਂਦਾ ਹੈ ਕਿ ਦਾਊਦ ਦੇ ਭਰਾ ਅਨੀਸ ਇਬਰਾਹੀਮ ਨੇ ਇਹ ਕਤਲ ਪੱਚੀ ਲੱਖ ਦੀ ਸੁਪਾਰੀ ਦੇ ਕੇ ਕਰਵਾਇਆ। 2008 ਵਿਚ ਮਟਕਾ ਕਿੰਗ ਸੁਰੇਸ਼ ਭਗਤ ਦੀ ਕਾਰ ਨੂੰ ਇਕ ਟਰੱਕ ਨੇ ਟੱਕਰ ਦੇ ਕੇ ਮਾਰਿਆ। ਪੁਲਿਸ ਅਨੁਸਾਰ ਇਹ ਕਤਲ ਉਸ ਦੀ ਪਤਨੀ ਨੇ ਪੱਚੀ ਲੱਖ ਦੇ ਕੇ ਕਰਵਾਇਆ। ਪੰਨੂ ਨੂੰ ਭਾਰਤ ਵਲੋਂ ਮਰਵਾਉਣ ਦੀ ਸਾਜ਼ਿਸ਼ ਦੀ ਖਬਰ 'ਨਿਊ ਯਾਰਕ ਟਾਇਮਜ਼' ਵਿਚ ਛਪੀ ਤਾਂ ਭਾਰਤ ਦੇ ਜਹਾਜ਼ਰਾਨੀ ਮੰਤਰੀ ਨੇ 'ਨਿਊ ਯਾਰਕ ਟਾਇਮਜ਼' ਨੂੰ ਹੀ 'ਸੁਪਾਰੀ ਮੀਡੀਆ' ਗਰਦਾਨ ਦਿੱਤਾ।

ਚੁਣੌਤੀ ਕਬੂਲ ਕਰ ਕੇ ਵੱਡਾ ਕੰਮ ਵਿੱਢਣ ਦੇ ਅਰਥਾਂ ਵਿਚ 'ਬੀੜਾ ਚੁੱਕਣਾ/ਉਠਾਉਣਾ' ਮੁਹਾਵਰਾ ਸਰਵ-ਗਿਆਤ ਹੈ। ਇਸ ਮੁਹਾਵਰੇ ਪਿੱਛੇ ਸਦੀਆਂ ਪੁਰਾਣੀ ਇਕ ਰੀਤ ਦਾ ਹੱਥ ਹੈ ਜੋ ਖਾਸ ਤੌਰ 'ਤੇ ਰਾਜਪੂਤਾਂ ਵਿਚ ਪ੍ਰਚੱਲਤ ਸੀ। ਪੁਰਾਣੇ ਜ਼ਮਾਨਿਆਂ ਵਿਚ ਕਈ ਵਾਰੀ ਰਾਜ ਵਿਚ ਕੋਈ ਬਹੁਤ ਹੀ ਜੋਖਮ ਵਾਲਾ ਕੰਮ ਕਰਨ ਲਈ ਕਿਸੇ ਵਿਸ਼ੇਸ਼ ਸੂਰਬੀਰ, ਬਹਾਦਰ, ਪੰਗੇਬਾਜ਼ ਦੀ ਅਚਾਨਕ ਲੋੜ ਪੈ ਜਾਂਦੀ ਸੀ ਤਾਂ ਸਾਰੇ ਰਾਜ ਵਿਚ ਇਸ ਆਸ਼ੇ ਦੀ ਡੌਂਡੀ ਪਿੱਟ ਦਿੱਤੀ ਜਾਂਦੀ ਸੀ। ਸ਼ਾਹੀ ਦਰਬਾਰ ਵਿਚ ਇਕ ਵਿਸ਼ੇਸ਼ ਸਥਾਨ 'ਤੇ ਪਾਨ ਦਾ ਬੀੜਾ ਅਤੇ ਨੰਗੀ ਤਲਵਾਰ ਰੱਖ ਦਿੱਤੇ ਜਾਂਦੇ ਸਨ। ਜੋ ਵੀ ਵਿਅਕਤੀ ਇਸ ਚੁਣੌਤੀ ਨੂੰ ਸਵੀਕਾਰ ਕਰ ਲੈਂਦਾ ਸੀ, ਉਹ ਭਰੇ ਦਰਬਾਰ ਵਿਚ ਤਲਵਾਰ ਉਠਾ ਲੈਂਦਾ ਸੀ ਅਤੇ ਬੀੜਾ ਚੁੱਕ ਕੇ ਖਾ ਜਾਂਦਾ ਸੀ। ਇਸ ਕਾਰਵਾਈ ਪਿਛੋਂ ਉਸ ਵਲੋਂ ਆਪਣਾ ਕੰਮ ਕਰਨ ਲਈ ਮੁਹਿੰਮ ਵਿੱਢ ਦਿੱਤੀ ਜਾਂਦੀ ਸੀ। ਮੁਹਿੰਮ ਸਰ ਕਰ ਲੈਣ ਪਿੱਛੋਂ ਉਸ ਪਰਾਕ੍ਰਮੀ ਦਾ ਸਰਕਾਰੀ ਪੱਧਰ 'ਤੇ ਪੂਰਾ ਆਦਰ ਸਤਿਕਾਰ ਕੀਤਾ ਜਾਂਦਾ ਸੀ। ਸਮਾਂ ਪੈਣ 'ਤੇ ਬੀੜਾ ਚੁੱਕਣਾ ਜਾਂ ਉਠਾਉਣਾ ਇਕ ਮੁਹਾਵਰਾ ਬਣ ਗਿਆ। ਭਾਰਤੀ ਇਤਿਹਾਸ ਮਿਥਿਹਾਸ ਵਿਚ ਬੀੜਾ ਚੁਕਣ ਦੇ ਅਨੇਕਾਂ ਪ੍ਰਸੰਗ ਆਉਂਦੇ ਹਨ। 'ਜੰਗਨਾਮਾ' ਵਿਚ ਇਹ ਮੁਹਾਵਰਾ ਵਰਤਿਆ ਗਿਆ ਹੈ, "ਜੇ ਕੋ ਹੋਵੈ ਸੂਰਵੀਰ ਬੀੜਾ ਉਠਾਏ"। ਕਬੀਰ ਸਾਹਿਬ ਨੇ ਵੀ ਇਸ ਦੀ ਵਰਤੋਂ ਕੀਤੀ ਹੈ,

ਕਬੀਰਾ ਨਿੰਦਕ ਮਰ ਗਿਆ, ਅਬ ਕਿਆ ਕਹਿਏ ਜਾਇ।
ਐਸਾ ਕੋਈ ਨਾ ਮਿਲੇ, ਬੀੜਾ ਲਏ ਉਠਾਇ।

ਅਸਲ ਵਿਚ ਤਾਂ 'ਸੁਪਾਰੀ ਦੇਣਾ' ਜਿਹਾ 'ਬੀੜਾ ਰੱਖਣਾ' ਵੀ ਮੁਹਾਵਰਾ ਹੁੰਦਾ ਹੈ ਪਰ ਇਹ ਬਹੁਤਾ ਪ੍ਰਚੱਲਤ ਨਹੀਂ ਰਿਹਾ। ਇਸਦਾ ਅਰਥ ਹੈ, ਕਿਸੇ ਅੱਗੇ ਚਿਣੌਤੀ ਸੁੱਟਣੀ। ਇਸ ਮੁਹਾਵਰੇ ਦਾ ਪਿਛੋਕੜ ਵੀ ਬੀੜਾ ਚੁਕਣ ਵਾਲਾ ਹੀ ਹੈ ਅਰਥਾਤ ਜਦ ਔਖਾ ਕੰਮ ਕਰਨ ਵਾਲੇ ਲਈ ਬੀੜਾ ਰੱਖਿਆ ਜਾਂਦਾ ਹੈ ਤਾਂ ਇਹ ਉਸ ਲਈ ਚਿਣੌਤੀ ਸੁੱਟਣਾ ਹੀ ਹੈ। ਬੀੜਾ ਜਾਂ ਬੀਰਾ ਦੇਣਾ ਤੋਂ ਮੁਰਾਦ ਕਿਸੇ ਨੂੰ ਕੋਈ ਕੰਮ ਜਾਂ ਜ਼ਿਮੇਵਾਰੀ ਸੌਂਪਣਾ ਵੀ ਹੈ। ਇਸ ਤੋਂ ਨੱਚਣ ਗਾਉਣ ਵਾਲੇ/ਵਾਲੀ ਨੂੰ ਸਾਈ ਦੇਣ ਦਾ ਭਾਵ ਵੀ ਲਿਆ ਜਾਂਦਾ ਹੈ। ਪਾਨ ਦੇ ਬੀੜੇ ਨਾਲ ਹੋਰ ਵੀ ਬਹੁਤ ਸਾਰੀਆਂ ਰੀਤੀਆਂ ਜੁੜੀਆਂ ਹੋਈਆਂ ਹਨ। ਕਿਸੇ ਨੂੰ ਵਚਨ ਪਾਲਣ ਦੇ ਭਰੋਸੇ ਵਜੋਂ ਪਾਨ ਦਾ ਬੀੜਾ ਨਿਸ਼ਾਨੀ ਭੇਜੀ ਜਾਂਦੀ ਸੀ। ਕੁੜੀ ਦੇ ਬਾਪ ਵਲੋਂ ਮੰਗੇਤਰ ਦੇ ਘਰ ਸੱਤ ਪੱਤਿਆਂ ਵਾਲਾ ਬੀੜਾ ਭੇਜਿਆ ਜਾਂਦਾ ਸੀ ਜੋ ਸੰਕੇਤ ਹੈ ਕਿ ਕੁੜਮਾਈ ਪੱਕੀ ਹੈ। ਇਸਨੂੰ ਪਾਨ-ਖਿਲਾਈ ਵੀ ਕਿਹਾ ਜਾਂਦਾ ਹੈ। 'ਪਾਨ ਲੈਣਾ' ਦਾ ਮਤਲਬ ਕੋਈ ਕੰਮ ਕਰਨ ਲਈ ਰਜ਼ਾਮੰਦ ਹੋਣਾ ਹੈ। ਪਾਨ ਸੁਪਾਰੀ ਦੀ ਵਰਤੋਂ ਭਾਰਤੀ ਸੰਸਕ੍ਰਿਤੀ ਵਿਚ ਨਹੁੰ ਮਾਸ ਵਾਂਗ ਇਕੱਠੇ ਤੌਰ 'ਤੇ ਕੀਤੀ ਜਾਂਦੀ ਰਹੀ ਹੈ। ਹਿੰਦੂ ਸ਼ਾਸਤਰਾਂ ਅਨੁਸਾਰ ਦੋਵੇਂ ਸ਼ੈਆਂ ਇੱਕ ਦੂਜੇ ਤੋਂ ਅਟੁੱਟ ਹਨ। ਪਾਨ ਸੁਪਾਰੀ ਨੂੰ ਚੜ੍ਹਾਵੇ ਦੇ ਤੌਰ 'ਤੇ ਪਵਿੱਤਰ ਰੀਤਾਂ ਵਿਚ ਵਰਤਿਆ ਜਾਂਦਾ ਹੈ ਤੇ ਸਮਾਜਿਕ ਰੀਤਾਂ ਰਸਮਾਂ ਜਿਵੇਂ ਵਿਆਹ ਸ਼ਾਦੀਆਂ ਆਦਿ ਵਿਚ ਭੇਟਾ ਜਾਂ ਸੱਦੇ ਦੇ ਪ੍ਰਤੀਕ ਵਜੋਂ ਲਗਭਗ ਸਾਰੇ ਭਾਰਤ ਵਿਚ ਹੀ ਪ੍ਰਚੱਲਤ ਹੈ। ਸਾਹਿਤ ਵਿਚ ਇਨ੍ਹਾਂ ਦੀ ਜੋੜੀ ਨੂੰ ਨਰ ਮਦੀਨ ਜਾਂ ਪ੍ਰੇਮੀ ਪ੍ਰੇਮਿਕਾ ਵਜੋਂ ਵੀ ਚਿਤਵਿਆ ਅਤੇ ਪ੍ਰਗਟਾਇਆ ਗਿਆ ਹੈ। ਸਿਤਮ ਦੀ ਗੱਲ ਹੈ ਕਿ ਭੇਟਾ ਵਜੋਂ ਸ਼ੁਭ ਭਾਵਾਂ ਦੀ ਪ੍ਰਤੀਕ ਜੋੜੀ ਪਾਨਸੁਪਾਰੀ ਸਮਾਂ ਪਾ ਕੇ ਕਤਲ ਕਰਾਉਣ ਦੇ ਭਾਵਾਂ ਨਾਲ ਜੁੜ ਗਈ ਤੇ ਇਸ ਦਾ ਸਿਹਰਾ ਮਹਾਰਾਸ਼ਟਰ ਦੇ ਸਿਰ ਬੱਝਾ।

ਸਿੱਖ ਧਰਮ ਦੇ ਇੱਕ ਪ੍ਰਚਾਰਕ ਸੁਖਪ੍ਰੀਤ ਸਿੰਘ ਉਗੋਕੇ ਨੇ ਆਪਣੇ ਇੱਕ ਵਿਖਿਆਨ ਵਿਚ ਕਿਸੇ ਹੋਰ ਪ੍ਰਚਾਰਕ ਦਾ ਜ਼ਿਕਰ ਕੀਤਾ ਜਿਸ ਨੇ ਕਿਸੇ ਸਟੇਜ 'ਤੇ ਆਪਣੇ ਸਰੋਤਿਆਂ ਨੂੰ ਦੱਸਿਆ ਕਿ 'ਬਾਬਾ ਦੀਪ ਸਿੰਘ ਨੇ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਾਉਣ ਦਾ ਬੀੜਾ ਚੁੱਕਿਆ'। ਉਗੋਕੇ ਨੇ ਏਥੇ ਧਾਰਮਿਕ ਕਾਰਜ ਦੇ ਪ੍ਰਸੰਗ ਵਿਚ ਬੀੜਾ ਚੁੱਕਣਾ ਮੁਹਾਵਰੇ ਦੀ ਵਰਤੋਂ 'ਤੇ ਸਖ਼ਤ ਇਤਰਾਜ਼ ਕੀਤਾ ਹੈ ਕਿਉਂਕਿ ਪਾਨ ਦੇ ਬੀੜੇ ਵਿਚ ਤਮਾਖੂ ਹੁੰਦਾ ਹੈ ਜੋ ਸਿੱਖ ਧਰਮ ਅਨੁਸਾਰ ਵਿਵਰਜਿਤ ਹੈ। ਅਜਿਹਾ ਇਤਰਾਜ਼ ਸਰਾਸਰ ਨਾਜਾਇਜ਼ ਹੈ ਕਿਉਂਕਿ ਸ਼ਬਦਾਂ ਤੇ ਉਕਤੀਆਂ ਦੇ ਅਰਥ ਸਮਾਂ ਪਾ ਕੇ ਨਕਾਰਾਤਮਕ ਤੋਂ ਸਕਾਰਾਤਮਕ ਤੇ ਇਸ ਤੋਂ ਉਲਟ ਹੁੰਦੇ ਰਹਿੰਦੇ ਹਨ। ਅਸੀਂ ਅਜਿਹਾ ਇਤਰਾਜ਼ ਕਿਸ ਕਿਸ ਸ਼ਬਦ ਬਾਰੇ ਕਰਦੇ ਰਹਾਂਗੇ। ਉਪਰ ਅਸੀਂ ਦੇਖਿਆ ਕਿ ਕਬੀਰ ਨੇ ਵੀ ਇਹ ਮੁਹਾਵਰਾ ਵਰਤਿਆ ਹੈ। ਨਾਲੇ ਜ਼ਰੂਰੀ ਨਹੀਂ ਪਾਨ ਵਿਚ ਤਮਾਖੂ ਵਰਤਿਆ ਜਾਵੇ।

---

*(ਪਿਛਲੇ ਸਫੇ ਦਾ ਬਾਕੀ)*

ਛੋਟੇ ਕਿਸਾਨ ਹਾਲੇ ਵੀ ਵੱਡੇ ਪੱਧਰ 'ਤੇ ਹੁੰਦੇ ਉਤਪਾਦਨ ਦਾ ਫ਼ਾਇਦਾ ਅਤੇ ਆਮਦਨ ਵਿਚ ਵਾਧਾ ਲੈਣ ਦੇ ਯੋਗ ਨਹੀਂ ਹਨ। ਕਿਸਾਨਾਂ ਦੀ ਆਮਦਨ ਵਧਾਉਣ ਅਤੇ ਮਾਰਕਿਟਿੰਗ ਵਿਚ ਕ੍ਰਾਂਤੀ ਲਈ ਐਗਰੀਕਲਚਰਲ ਮਾਰਕਿਟਿੰਗ ਪਾਲਿਸੀ ਲਿਆਉਣ ਦੀ ਗੱਲ ਆਖੀ ਜਾ ਰਹੀ ਹੈ।

**ਐਗਰੀਕਲਚਰਲ ਮਾਰਕਿਟਿੰਗ ਪਾਲਿਸੀ ਦੇ ਕੀ ਸੁਝਾਅ ਹਨ?**

ਇਸ ਤਹਿਤ ਪਿੰਡਾਂ ਦੇ ਨੇੜੇ ਲੋੜ ਮੁਤਾਬਕ ਗੋਦਾਮਾਂ ਜਾਂ ਕੋਲਡ ਸਟੋਰਾਂ ਨੂੰ ਸਬ-ਮਾਰਕੀਟ ਯਾਰਡ ਘੋਸ਼ਿਤ ਕੀਤਾ ਜਾ ਸਕਦਾ ਹੈ। ਫਿਲਹਾਲ ਕੇਂਦਰ ਦੇ ਖੇਤੀਬਾੜੀ ਮੰਤਰਾਲੇ ਨੇ ਇਸ ਡਰਾਫਟ ਉਪਰ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਅਤੇ ਸੁਝਾਅ ਮੰਗੇ ਹਨ। ਡਰਾਫਟ ਵਿਚ ਇਸ ਨੀਤੀ ਦਾ ਮਕਸਦ ਦੇਸ਼ ਵਿਚ ਇੱਕ ਚੰਗੇ ਮਾਰਕੀਟਿੰਗ ਈਕੋਸਿਸਟਮ ਦਾ ਨਿਰਮਾਣ ਕਰਨਾ, ਮੁਕਾਬਲਾ ਵਧਾਉਣਾ, ਪਾਰਦਰਸ਼ਤਾ ਲਿਆਉਣਾ, ਉਪਜ ਦਾ ਵਧੀਆ ਮੁੱਲ ਅਤੇ ਆਪਣੀ ਪਸੰਦ ਦਾ ਬਾਜ਼ਾਰ ਲੱਭਣਾ ਦੱਸਿਆ ਗਿਆ ਹੈ।

ਇਸ ਲਈ ਮਾਰਕੀਟਿੰਗ ਚੈਨਲ ਖੋਲਣ, ਮਾਰਕੀਟ ਢਾਂਚੇ ਅਤੇ ਡਿਜੀਟਲ ਤਕਨਾਲੋਜੀ ਅਪਣਾਉਣ ਦੀ ਗੱਲ ਆਖੀ ਜਾ ਰਹੀ ਹੈ। ਇਸ ਤਹਿਤ ਪਿੰਡਾਂ ਦੇ ਨੇੜੇ ਲੋੜ ਮੁਤਾਬਕ ਗੋਦਾਮਾਂ ਜਾਂ ਕੋਲਡ ਸਟੋਰਾਂ ਨੂੰ ਸਬ-ਮਾਰਕੀਟ ਯਾਰਡ ਘੋਸ਼ਿਤ ਕੀਤਾ ਜਾ ਸਕਦਾ ਹੈ। ਯਾਨੀ ਨਿੱਜੀ ਮੰਡੀਆਂ ਦੀ ਗਿਣਤੀ ਵਧਾਈ ਜਾ ਸਕਦੀ ਹੈ। ਇਸ ਦੇ ਨਾਲ ਹੀ ਕੰਟਰੈਕਟ ਫਾਰਮਿੰਗ ਨੂੰ ਵਧਾਵਾ ਦੇਣ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ, ਜਿਸ ਤਹਿਤ ਪਹਿਲਾਂ ਤੋਂ ਤੈਅ ਕੀਮਤ ਉਪਰ ਇੱਕ ਖਾਸ ਕਿਸਮ ਦਾ ਉਤਪਾਦਨ ਖਰੀਦਿਆ ਜਾਂਦਾ ਹੈ। ਇਸ ਨਾਲ ਕਿਸਾਨਾਂ ਨੂੰ ਚੰਗਾ ਮੁੱਲ ਅਤੇ ਸੂਬਿਆਂ ਨੂੰ ਨਿਵੇਸ਼ ਮਿਲਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਡਰਾਫ਼ਟ ਵਿਚ ਇੱਕੋ ਵਾਰ ਮਾਰਕਿਟ ਫੀਸ ਅਤੇ ਖਰੀਦ ਦਾ ਇੱਕ ਲਾਇਸੈਂਸ ਹੋਣ ਦੀ ਵਕਾਲਤ ਕੀਤੀ ਗਈ ਹੈ।

**ਕਿਸਾਨ ਜਥੇਬੰਦੀਆਂ ਨੂੰ ਕੀ ਇਤਰਾਜ਼?**

ਅਸਲ ਵਿਚ ਖੇਤੀਬਾੜੀ ਮਰਕਿਟਿੰਗ ਸੂਬੇ ਦਾ ਵਿਸ਼ਾ ਹੈ। ਪੰਜਾਬ ਵਿਚ ਝੋਨੇ ਅਤੇ ਕਣਕ ਦੀ ਖ਼ਰੀਦ ਲਈ ਸੂਬਾ ਸਰਕਾਰ ਵੱਲੋਂ ਆਪਣਾ ਹੀ ਢਾਂਚਾ ਵਿਕਸਿਤ ਕੀਤਾ ਹੋਇਆ ਹੈ, ਜਿਸ ਤਹਿਤ ਪੰਜਾਬ ਵਿਚ ਇਨ੍ਹਾਂ ਫ਼ਸਲਾਂ ਦੀ ਐੱਮਐੱਸਪੀ 'ਤੇ ਖ਼ਰੀਦ ਹੁੰਦੀ ਹੈ।

ਕਿਸਾਨ ਆਗੂ ਡਾ. ਦਰਸ਼ਨ ਪਾਲ ਦਾ ਕਹਿਣਾ ਹੈ ਕਿ **ਓਗਰਚਿੁਲਟੁਰਅਲ ਫਰੋ-ਦੂਚਏ ੱਅਰਕੲਟ ਛੋਮਮਟਿਟੲੲਸ** ਨੇ ਪੰਜਾਬ ਅਤੇ ਹਰਿਆਣਾ ਵਿਚ ਫ਼ਸਲਾਂ ਦੀ ਖ਼ਰੀਦ ਨੂੰ ਸਥਾਪਿਤ ਕੀਤਾ ਹੈ ਅਤੇ ਇਸ ਨੇ ਕਿਸਾਨਾਂ ਦੀ ਸੁਰੱਖਿਆ ਵਧਾਈ ਹੈ, ਕਿਉਂਕਿ ਐੱਮਐੱਸਪੀ ਦਾ ਮੁੱਦਾ ਵੀ ਇੱਕ ਹੱਦ ਤੱਕ ਮੰਡੀਆਂ ਨਾਲ ਜੁੜਿਆ ਹੋਇਆ ਹੈ।

ਡਾ. ਦਰਸ਼ਨ ਪਾਲ ਅਨੁਸਾਰ, 'ਇਸ ਨਵੀਂ ਨੀਤੀ ਰਾਹੀਂ ਸਰਕਾਰ ਕਾਰਪੋਰੇਟ ਦਾ ਦਖਲ ਹੌਲੀ-ਹੌਲੀ ਮੰਡੀਕਰਨ ਵਿਚ ਲਿਆਉਣਾ ਚਾਹੁੰਦੀ ਹੈ। ਪਹਿਲਾਂ ਹੀ ਇੰਨਪੁੱਟ ਉਪਰ ਕਾਰਪੋਰੇਟ ਦਾ ਕਬਜ਼ਾ ਹੈ ਜਦਕਿ ਕਿਸਾਨ ਉਤਪਾਦਨ ਕਰਦਾ ਹੈ ਅਤੇ ਮੰਡੀਆਂ ਵਿਚ ਫ਼ਸਲ ਵੇਚਦਾ ਹੈ, ਪਰ ਜਿਣਸ ਦਾ ਕੰਟਰੋਲ ਕਰਨ ਅਤੇ ਰਾਸ਼ਨ ਦੀ ਵੰਡ ਦਾ ਸਿਸਟਮ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।'

ਉਨ੍ਹਾਂ ਮੁਤਾਬਕ ਸਰਕਾਰ ਨਿੱਜੀ ਖੇਤਰ ਨੂੰ ਵਧਾਵਾ ਦੇ ਰਹੀ ਹੈ।

ਡਾ. ਦਰਸ਼ਨ ਪਾਲ ਦਾ ਕਹਿਣਾ ਹੈ, 'ਸ਼ੁਰੂਆਤ ਵਿਚ ਨਿੱਜੀ ਕੰਪਨੀਆਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਵੀ ਲੁਭਾਉਣੀਆਂ ਨੀਤੀਆਂ ਲੈ ਕੇ ਆਈਆਂ ਪਰ ਬਾਅਦ ਵਿਚ ਮਾਰਕਿਟ 'ਤੇ ਕਬਜਾ ਹੋਣ ਨਾਲ ਵੱਧ ਤੋਂ ਵੱਧ ਮੁਨਾਫਾ ਕਮਾਇਆ ਜਾਂਦਾ ਹੈ। ਜੇ ਖੇਤੀ ਉਨ੍ਹਾਂ ਦੇ ਕਬਜੇ ਵਿਚ ਆਉਂਦੀ ਹੈ ਤਾਂ ਛੋਟਾ ਕਿਸਾਨ ਕਾਰਪੋਰੇਟ ਦਾ ਮੁਕਾਬਲਾ ਨਹੀਂ ਕਰ ਸਕੇਗਾ। ਵੱਡੇ ਖਿਡਾਰੀ ਛੋਟੇ ਕਿਸਾਨਾਂ ਨੂੰ ਖਾ ਜਾਣਗੇ।'

**ਪੰਜਾਬ ਸਰਕਾਰ ਅਤੇ ਵਿਰੋਧੀ ਧਿਰ ਦਾ ਕੀ ਸਟੈਂਡ ਹੈ?**

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਇਸ ਨਾਲ ਬੀਜੇਪੀ ਸਰਕਾਰ ਕਿਸਾਨਾਂ ਉਪਰ ਸਿੱਧਾ ਹਮਲਾ ਕਰ ਰਹੀ ਹੈ। ਬਾਜਵਾ ਨੇ ਕਿਹਾ, '**ਓਫੰਛ**' ਨੂੰ ਕਮਜ਼ੋਰ ਕਰਨ ਅਤੇ ਕਾਰਪੋਰੇਟਾਂ ਨੂੰ ਤਾਕਤਵਰ ਬਣਾਉਣ ਦਾ ਉਦੇਸ਼ ਉਸ ਵਿਵਸਥਾ ਨੂੰ ਖਤਮ ਕਰਨਾ ਹੈ ਜੋ ਕਿਸਾਨਾਂ ਨੂੰ ਸ਼ੋਸ਼ਣ ਤੋਂ ਬਚਾਉਂਦੀ ਹੈ।'

ਪੰਜਾਬ ਸਰਕਾਰ ਅਤੇ ਵਿਰੋਧੀ ਧਿਰ ਕਾਂਗਰਸ ਨੇ ਵੀ ਕੇਂਦਰ ਦੇ ਇਸ ਖਰੜੇ ਦਾ ਵਿਰੋਧ ਕੀਤਾ ਹੈ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਆਗੂਆਂ ਨਾਲ ਵੀਰਵਾਰ ਨੂੰ ਇਸ ਮੁੱਦੇ 'ਤੇ ਮੀਟਿੰਗ ਕੀਤੀ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਇਸ ਖਰੜੇ ਕਾਰਨ ਸੂਬਾ ਸਰਕਾਰ ਚਿੰਤਤ ਹੈ, ਕਿਉਂਕਿ ਇਸ ਦੇ ਸੂਬੇ ਅਤੇ ਇਸ ਦੇ ਕਿਸਾਨਾਂ ਲਈ ਗੰਭੀਰ ਪ੍ਰਭਾਵ ਹੋ ਸਕਦੇ ਹਨ, ਜਿਸ ਕਾਰਨ ਉਹ ਇਸ ਨੀਤੀ ਦੇ ਖਰੜੇ ਦੇ ਹਰੇਕ ਪਹਿਲੂ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਅਤੇ ਸਬੰਧਤ ਧਿਰਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਹਨ।


ਉਨ੍ਹਾਂ ਕਿਹਾ ਕਿ ਇਸ ਖਰੜੇ ਦਾ ਡੂੰਘਾਈ ਨਾਲ ਅਧਿਐਨ ਕਰਨ ਲਈ ਆਗਾਮੀ ਦਿਨਾਂ ਵਿਚ ਖੇਤੀਬਾੜੀ ਮਾਹਿਰਾਂ ਅਤੇ ਹੋਰ ਭਾਈਵਾਲਾਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਜਾਵੇਗਾ ਤਾਂ ਜੋ ਕੋਈ ਵੀ ਪਹਿਲੂ ਵਿਚਾਰ ਕਰਨ ਖੁਣੋ ਨਾ ਰਹਿ ਜਾਵੇ।


ਭਾਰਤੀ ਕਿਸਾਨ ਯੂਨੀਅਨ (ਏਕਤਾ-ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ, 'ਪੁਰਾਣੇ ਤਿੰਨ ਕਾਲੇ ਕਾਨੂੰਨਾਂ ਨੂੰ ਟੇਡੇ-ਮੇਢੇ ਢੰਗ ਨਾਲ ਹੋਰ ਵੀ ਤਿੱਖੇ ਰੂਪ ਵਿਚ ਲਿਆਂਦਾ ਜਾ ਰਿਹਾ ਹੈ। ਜੇ ਸਰਕਾਰ ਖ਼ਰੀਦ ਨਹੀਂ ਕਰੇਗੀ ਤਾਂ ਪੀਡੀਐੱਸ ਸਿਸਟਮ ਵੀ ਬੰਦ ਹੋ ਜਾਵੇਗਾ। ਪੰਜਾਬ ਸਰਕਾਰ ਨੇ ਮੀਟਿੰਗ ਵਿਚ ਕਿਸਾਨਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਬੁੱਧੀਜੀਵੀਆਂ ਨਾਲ ਗੱਲ ਕਰਕੇ, ਇਸ ਖਰੜੇ ਨੂੰ ਵਿਧਾਨ ਸਭਾ ਵਿਚ ਰੱਦ ਕਰੇਗੀ।'


ਪੰਜਾਬ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਕਹਿੰਦੇ ਹਨ ਕਿ ਇਹ ਡਰਾਫ਼ਟ ਨਿੱਜੀ ਮੰਡੀਆਂ ਨੂੰ ਵਧਾਉਣ ਅਤੇ ਕੰਟਰੈਕਟ ਫ਼ਾਰਿੰਗ ਦੀ ਵਕਾਲਤ ਕਰਦਾ ਹੈ ਜਿਸ ਦੇ ਪੰਜਾਬ ਪਹਿਲਾਂ ਤੋਂ ਹੀ ਖ਼ਿਲਾਫ਼ ਹੈ।

**-ਅਵਤਾਰ ਸਿੰਘ**
**ਬੀਬੀਸੀ ਪੱਤਰਕਾਰ**

# ਇਸ ਵਰ੍ਹੇ ਛਪੀਆਂ ਨਾਟ-ਪੁਸਤਕਾਂ: ਪੰਛੀ ਝਾਤ














**ਸੰਜੀਵਨ ਸਿੰਘ**
*ਫੋਨ: 94174-60656*

ਪਹਿਲੀ ਗੱਲ ਤਾਂ ਨਾਟਕ ਲਿਖੇ ਹੀ ਘੱਟ ਜਾਂਦੇ ਹਨ।ਜੇ ਲਿਖੇ ਵੀ ਗਏ ਹੋਣ ਤਾਂ ਮੰਚ ਕਿਸੇ ਕਿਸੇ ਨੂੰ ਨਸੀਬ ਹੁੰਦਾ ਹੈ।ਜੇ ਮੰਚ ਵੀ ਨਸੀਬ ਹੋ ਜਾਵੇ ਤਾਂ ਕਿਤਾਬੀ ਸ਼ਕਲ ਘੱਟ ਹੀ ਅਖ਼ਤਿਆਰ ਕਰਦੇ ਹਨ।ਨਾਟਕ ਦੀਆਂ ਪੁਸਤਕਾਂ ਘੱਟ ਛਪਣ ਦਾ ਇਕ ਕਾਰਨ ਹੈ, ਨਾਟਕ ਦੇ ਪਾਠਕ ਘੱਟ, ਦਰਸ਼ਕ ਵੱਧ ਹੁੰਦੇ ਹਨ। ਨਾਟਕ ਨੂੰ ਪੜ੍ਹਣ ਨਾਲੇ ਦੇਖਣਾ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।ਇੱਥੋਂ ਤੱਕ ਕਿ ਨਾਟਕ ਵਿਚ ਕੰਮ ਕਰਨ ਵਾਲੇ ਰੰਗਕਰਮੀ ਵੀ ਸਾਰਾ ਨਾਟਕ ਪੜ੍ਹਨ ਦੀ ਖੇਚਲ ਘੱਟ ਹੀ ਕਰਦੇ ਹਨ। ਨਾਟਕ ਦਾ ਨਿਰਦੇਸ਼ਕ ਵੀ ਨਾਟਕ ਦੀ ਕਿਤਾਬ ਦੀ ਇਕ ਕਾਪੀ ਖਰੀਦ/ਪ੍ਰਾਪਤ ਕਰਕੇ ਅੱਗੋਂ ਉਸ ਦੀ ਫੋਟੋ ਕਾਪੀਆਂ ਕਰਵਾ ਦੇ ਨਾਟਕ ਵਿਚ ਵੱਖ-ਵੱਖ ਰੋਲ ਕਰ ਰਹੇ ਕਲਾਕਾਰਾਂ ਵਿਚ ਤਕਸੀਮ ਕਰ ਦਿੰਦਾ ਹੈ।ਇਹੀ ਕਾਰਣ ਹੈ, ਸਾਹਿਤ ਦੀ ਕਿਸੇ ਵੀ ਹੋਰ ਵਿਧਾ ਨਾਲੋਂ ਨਾਟਕ ਦੀਆਂ ਕਿਤਾਬਾਂ ਸਾਲ ਵਿਚ ਅੱਧੀ ਦਰਜਨ, ਵੱਧ ਤੋਂ ਵੱਧ ਦਰਜਨ ਦੇ ਕਰੀਬ ਹੀ ਛਪਦੀਆਂ ਹਨ।ਢਾਈ ਦਰਜਨ ਦੇ ਕਰੀਬ ਪੰਜਾਬ ਦੇ, ਦਰਜਨ ਦੇ ਕਰੀਬ ਕੈਨੇਡਾ ਦੇ ਨਾਟ-ਕਰਮੀਆਂ ਅਤੇ ਅੱਧੀ ਦਰਜਨ ਦੇ ਕਰੀਬ ਪ੍ਰਕਾਸ਼ਕਾਂ ਨਾਲ ਸੰਪਰਕ ਕਰਨ 'ਤੇ ਸਾਲ 2024 ਵਿਚ ਅੱਧੀ ਦਰਜਨ ਨਾਟ-ਪੁਸਤਕਾਂ ਛਪਣ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ।




ਨਾਟਕ ਸਾਹਿਤ ਦੀਆਂ ਹੋਰ ਵਿਧਾਵਾਂ ਕਹਾਣੀ, ਨਾਵਲ, ਕਵਿਤਾ, ਵਾਰਤਕ ਨਾਲੋਂ ਇਸ ਕਰਕੇ ਵੀ ਵੱਖ ਹੈ, ਕਿਉਂਕਿ ਕਹਾਣੀਕਾਰ, ਨਾਵਲਕਾਰ, ਕਵੀ, ਵਾਰਤਕਾਰ ਆਪਣੀ ਲਿਖਤ ਲਿਖਕੇ, ਕਿਸੇ ਅਖਬਾਰ/ਰਸਾਲੇ ਵਿਚ ਛਪਵਾਂ ਕੇ, ਕਿਸੇ ਸਾਹਿਤਕ ਇਕੱਠ ਵਿਚ ਪੜ੍ਹ ਕੇ, ਆਪਣੀ ਲਿਖਤਾਂ ਨੂੰ ਕਿਤਾਬ ਦੀ ਸ਼ਕਲ ਵਿਚ ਅਲੋਚਕਾਂ ਅਤੇ ਪਾਠਕਾਂ ਦੀ ਕਚਹਿਰੀ ਵਿੱਚ ਲੈ ਕੇ ਜਾਂਦਾ ਹੈ। ਪਰ ਨਾਟਕਕਾਰ ਪਹਿਲਾਂ ਨਾਟਕ ਲਿਖਦਾ ਹੈ, ਫੇਰ ਭਾਲ ਕਰਦਾ ਹੈ, ਕਿਸੇ ਨਿਰਦੇਸ਼ਕ ਦੀ, ਜੋ ਅਕਸਰ ਹੀ ਪੂਰੀ ਨਾ ਹੋਣ ਕਰਕੇ ਨਾਟਕ ਦੇ ਨਿਰਦੇਸ਼ਕ ਵੱਜੋਂ ਡੇਢ-ਦੋ ਮਹੀਨੇ ਦੀਆਂ ਰਹਿਰਸਲਾਂ ਮਗਰੋਂ ਅਤੇ ਨਿਰਮਾਤਾ ਦੇ ਤੌਰ 'ਤੇ ਨਾਟਕ ਲਈ ਲੋੜੀਂਦੇ ਪਾਤਰਾਂ, ਵਿੱਤੀ ਅਤੇ ਹੋਰ ਸਾਧਨਾਂ ਦਾ ਇੰਤਜ਼ਾਮ ਕਰਕੇ, ਅਲੋਚਕਾਂ/ਦਰਸ਼ਕ ਦੀ ਕਚਹਿਰੀ ਵਿਚ ਇਕ ਤੋਂ ਵੱਧ ਵਾਰ ਪੇਸ਼ ਕਰਕੇ, ਨਾਟਕ ਦੀ ਕਿਤਾਬ ਵਿਕਣ ਨਾ ਕਰਕੇ, ਪਬਲਿਸ਼ਰ ਦਾ ਅਹਿਸਾਨ ਲੈ ਕੇ, ਨਾਟਕ ਨੂੰ ਕਿਤਾਬ ਦੀ ਸ਼ਕਲ ਵਿੱਚ ਮੁੜ ਤੋਂ ਇਕ ਵਾਰ ਫੇਰ ਅਲੋਚਕਾਂ/ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕਰਦਾ ਹੈ।

ਇਸ ਸਾਲ ਛਪਣ ਵਾਲੀਆਂ ਨਾਟ-ਪੁਸਤਕਾਂ ਵਿਚ ਡਾ. ਸਵਰਾਜਬੀਰ ਦੀ ਨਾਟਕ 'ਇਹ ਗੱਲਾਂ ਕਦੇ ਫੇਰ ਕਰਾਂਗੇ' ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਉਨ੍ਹਾਂ ਬਾਰੇ ਪੂਰੀ ਤਰ੍ਹਾਂ ਖੁੱਲ ਕੇ ਗੱਲਾਂ ਨਾ ਕਰ ਸਕਣ, ਮਹਿਸੂਸ ਕੀਤੀ ਜਾ ਰਹੀ ਤਲਖ਼ੀ ਤੇ ਕੁੜੱਤਣ ਨੂੰ ਪੂਰੀ ਤਰ੍ਹਾਂ ਨਾ ਕਹਿ ਸਕਣ ਦੀ ਮਜਬੂਰੀ ਤੇ ਕਹਿਣ ਵਾਲੀ ਗੱਲ ਵਿੱਚ ਕੁੱਝ ਨੂੰ ਅਣਕਿਹਾ ਰਹਿ ਜਾਣ ਦੇ ਵਰਤਾਰੇ ਦਾ ਬਿੰਬਕ-ਰੂਪਕ ਹੈ, ਮਹਿਸੂਸ ਕੀਤੇ ਜਾ ਰਹੇ ਸੱਚ ਨੂੰ ਕਹਿਣ-ਲਿਖਣ ਪੂਰੀ ਤਰ੍ਹਾਂ ਕਹਿ ਨਾ ਸਕਣਾ, ਕਹਿਣ ਨੂੰ ਟਾਲ ਦੇਣਾ, ਮੁਲਤਵੀ ਕਰਨ ਦਾ ਬਿੰਬ-ਰੂਪਕ ਹੈ।

ਪਾਲੀ ਭੁਪਿੰਦਰ ਸਿੰਘ ਦੀ ਨਾਟ-ਪੁਸਤਕ 'ਦਿੱਲੀ ਰੋਡ 'ਤੇ ਇੱਕ ਹਾਦਸਾ' ਦੀ ਇਕ ਅਹਿਮ ਪਾਤਰ ਆਪਣੀ ਸਾਇਡ 'ਤੇ ਜਾਣਾ ਚਾਹੁੰਦੀ ਹੈ। ਪਰ ਉਸ ਨੂੰ ਨਹੀਂ ਪਤਾ ਕਿ ਉਸਦੀ ਸਾਈਡ ਕੋਈ ਹੋਰ ਹੁੰਦੀ ਹੈ।ਉਹ ਨਾਇਕ ਵੱਲ ਜਾਂਦੀ ਤਾਂ ਸੀ ਪਰ ਖ਼ਲਨਾਇਕ ਦੀ ਬਸਤੀ ਵਿੱਚੋਂ ਘੁੰਮ ਕੇ। ਇਹੀ ਉਸ ਦੇ ਹੋਣ ਦੀ ਸੀਮਾ ਸੀ।ਜੇ ਕਿਸੇ ਨੂੰ ਜਾਣ ਦੀ ਕਾਹਲ ਹੋਵੇ ਤਾਂ ਹਾਦਸਾ ਯਕੀਨੀ ਹੈ।ਪਰ ਅਕਸਰ ਮੌਤ ਕਿਸੇ ਹੋਰ ਦੀ ਹੁੰਦੀ ਹੈ।ਉਹ ਜੋ ਆਪਣੀ ਸਾਇਡ 'ਤੇ ਜਾ ਰਿਹਾ ਹੁੰਦਾ ਹੈ।ਤੇ ਚਾਹੁੰਦਾ ਹੈ ਹਰ ਕੋਈ ਆਪਣੇ ਸਾਇਡ 'ਤੇ ਜਾਵੇ।


'ਧਨੁ ਲਿਖਾਰੀ ਨਾਨਕਾ' ਡਾ. ਸਾਹਿਬ ਸਿੰਘ ਦਾ ਇਕ ਪਾਤਰੀ ਨਾਟਕ ਹੈ। ਨਾਟਕ ਵਿਚ ਨਾਟਕਕਾਰ ਨੇ ਵੱਖ-ਵੱਖ ਵਿਸ਼ਿਆਂ ਨੂੰ ਸਮਾਜ ਦੀਆਂ ਅਜੋਕੀਆਂ ਸਥਿਤੀਆਂ/ਪ੍ਰਸਥਿਤੀਆਂ ਨਾਲ ਮੇਚ ਕੇ ਸਿਰਫ਼ ਸਾਕਾਰ ਹੀ ਨਹੀਂ ਕੀਤਾ।ਕਲਮ ਅਤੇ ਕਲਮਕਾਰ ਦੇ ਫਰਜ਼ਾਂ ਅਤੇ ਜ਼ੁੰਮੇਵਾਰੀਆਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ।ਨਾਟਕ ਨੂੰ ਕਿਤਾਬੀ ਸ਼ਕਲ ਦੇਣ ਤੋਂ ਪਹਿਲਾਂ ਸਾਹਿਬ ਨੇ ਇਸ ਨੇ ਦੇਸ-ਵਿਦੇਸ ਨੂੰ ਵਿਚ ਮੰਚਣ ਕਰਕੇ ਦਰਸ਼ਕਾਂ ਦੀ ਕਚਹਿਰੀ 'ਚ ਪੇਸ਼ ਕਰ ਕੇ ਪ੍ਰਵਾਨ ਕਰਵਾ ਚੁੱਕਾ ਹੈ।

ਮੋਹੀ ਅਮਰਜੀਤ ਸਿੰਘ ਦੀਆਂ ਦੋ ਨਾਟ-ਪੁਸਤਕਾਂ 'ਮਿੱਟੀ ਦਾ ਪੁਤਲਾ' ਅਤੇ 'ਨਜ਼ੀਰਾ ਬੇਗਮ' ਵਿੱਚ ਦੋ ਨਾਟਕ 'ਘਰ-ਘਰ ਇਹੋ ਅੱਗ' ਅਤੇ 'ਤਪੱਸਿਆ' ਵੀ ਸ਼ਾਮਿਲ ਕੀਤੇ ਹਨ।ਨਾਟਕਕਾਰ ਨੇ ਇਨ੍ਹਾਂ ਚਾਰ ਨਾਟਕਾਂ ਵਿਚ ਜ਼ਿੰਦਗੀ ਦੀ ਉੱਥਲ-ਪੁੱਥਲ, ਸੰਕਟਾਂ, ਵਰਤਮਾਨ ਹਾਲਤਾਂ ਅਤੇ ਪ੍ਰਸਥਿਤੀਆਂ ਨੂੰ ਹੂ-ਬ-ਹੂ ਪੇਸ਼ ਕਰਨ ਦਾ ਯਤਨ ਕੀਤਾ ਹੈ।ਪੰਜਾਬ ਵਿੱਚੋਂ ਹੋ ਰਹੇ ਬੌਧਿਕ ਅਤੇ ਵਿੱਤੀ ਨਿਕਾਸ ਪ੍ਰਤੀ ਚਿੰਤਤ ਸਤਵਿੰਦਰ ਬੋਗੋਵਾਲੀਆ ਨੇ ਆਪਣੀ ਨਾਟ-ਪੁਸਤਕ 'ਆਰ ਕਿ ਪਾਰ'

## ਕਲਾ ਪਰਿਕਰਮਾ

ਵਿਚ ਪੰਜਾਬੀਆਂ ਵਿਚ ਵਿਦੇਸ਼ ਜਾਣ ਦੀ ਲਾਲਸਾ ਅਤੇ, ਭੇਡ-ਚਾਲ ਦੀ ਬਾਤ ਉੱਭਰਵੇਂ ਅਤੇ ਉਘੜਵੇਂ ਰੂਪ ਵਿੱਚ ਪਾਈ ਹੈ।

ਵੈਸੇ ਤਾਂ ਇਸ ਵਰ੍ਹੇਂ ਛਪੀਆਂ ਨਾਟ-ਪੁਸਤਕਾਂ ਦੀ ਚਰਚਾ/ਲੇਖਾ-ਜੋਖਾ ਹੀ ਕਰਨੀ/ਕਰਨਾ ਬਣੀ ਹੈ।ਪਰ ਕਿਸੇ ਨਾਟਕਕਾਰ ਦੇ ਨਾਟਕਾਂ ਦਾ ਹਿੰਦੀ ਵਿਚ ਉੱਲਥਾ ਆਪਣੇ-ਆਪ ਵਿਚ ਜ਼ਿਕਰਯੋਗ ਅਤੇ ਤਸੱਲੀ ਦੇਣ ਵਾਲਾ ਵਰਤਾਰਾ ਹੈ।ਆਪਣੇ ਨਾਟਕਾਂ ਵਿਚ ਲੋਕ-ਮਸਲੇ, ਲੋਕ-ਮੁਹਾਵਰੇ ਵਿਚ ਉਭਾਰਨ ਵਾਲੇ, ਆਪਣੇ ਨਾਟਕਾਂ ਵਿਚ ਜਿਨ੍ਹਾਂ ਲੋਕਾਂ ਦੀ ਗੱਲ ਕਰਨ ਅਤੇ ਉਨ੍ਹਾਂ ਤੱਕ ਲੈ ਜਾਣ ਵਾਲੇ ਬੇਬਾਕ, ਦਲੇਰ ਤੇ ਸਮਰਪਿਤ ਨਾਟ-ਕਰਮੀ ਅਜਮੇਰ ਔਲਖ ਦੇ ਪ੍ਰਤੀਨਿਧ ਨਾਟਕਾਂ ਦੀ,




ਹਿੰਦੀ ਵਿਚ ਡਾ. ਕਿਰਣ ਬਾਂਸਲ ਦੁਆਰਾ ਅਨੁਵਾਦਤ ਨਾਟ-ਪੁਸਤਕ ਵੀ ਛਪੀ ਹੈ।ਜਿਸਦਾ ਸੰਪਾਦਨ ਚਿੰਤਕ ਅਤੇ ਅਲੋਚਕ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ ਹੈ।ਇਸ ਨਾਟ-ਪੁਸਤਕ ਵਿਚ ਔਲਖ ਸਾਹਿਬ ਦੇ ਪੰਜਾਬੀਆਂ ਦੀ ਮਾਨਸਿਕਤਾ, ਪੰਜਾਬ ਦੀ ਮਿੱਟੀ, ਪੰਜਾਬ ਦੇ ਖੇਤਾ, ਖੇਤਾ ਦੇ ਪੁੱਤਾਂ ਦੀ ਬਾਤ ਪਾਉਂਦੇ ਪੰਜ ਨਾਟਕ 'ਬੇਗਾਨੇ ਬੋਹੜ ਦੀ ਛਾਂ', 'ਇਕ ਰਮਾਇਣ ਹੋਰ', 'ਜਦ ਬੋਹਲ ਰੌਂਦਾ ਹੈ...', 'ਸੱਤ ਬੇਗਾਨੇ', 'ਝਨਾ ਦੇ ਪਾਣੀ' ਨੂੰ ਸ਼ਾਮਿਲ ਕੀਤਾ ਹੈ।

ਇਹ ਸਿਰਫ਼ ਇਸ ਸਾਲ ਛੱਪਣ ਵਾਲੀਆਂ ਨਾਟ-ਪੁਸਤਕਾਂ ਦੀ ਜਾਣ-ਪਹਿਚਾਣ ਕਰਵਾਉਣ ਦਾ ਮੇਰਾ ਯਤਨ ਹੈ। ਇਨ੍ਹਾਂ ਨਾਟਕਾਂ ਦੀਆਂ ਕਿਤਾਬਾ ਬਾਰੇ ਅਲੋਚਆਤਮਕ ਨਜ਼ਰੀਏ ਤੋਂ ਕਦੇ ਫੇਰ, ਕਿਸੇ ਹੋਰ ਲੇਖ ਵਿਚ ਕੀਤੀ ਜਾ ਸਕਦੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜਨਵਰੀ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-673



*ਕੁੱਕੜਾਂ ਰਲ ਕੇ ਮੀਟਿੰਗ ਕੀਤੀ, ਚਲੋ ਨਵੀਂ ਪਾਰਟੀ ਬਣਾਈਏ।*
*ਅਸੀਂ ਕਲਗੀਆਂ ਵਾਲੇ ਬਾਹਲੇ, ਜਨਤਾ ਦੇ ਸਿਰ ਖੇਹ ਪਾਈਏ।*
*ਤੈਅ ਕਰ ਲਏ ਜੁਗਾੜ-ਅਜੰਡਾ, ਸਾਰੇ ਰੂੜ੍ਹੀ ਵੱਲ ਨੂੰ ਭੱਜ ਪਏ,*
*ਨਹੁੰਦਰਾਂ ਚੁੰਝਾਂ ਮਾਰ-ਮਾਰ ਫਿਰ, ਆ ਕੁਰਸੀਆਂ 'ਤੇ ਸੱਜ ਗਏ।*

### ਕੈਪਸ਼ਨ ਮੁਕਾਬਲਾ-671



ਹਾਦਸਾ-ਦਰ-ਹਾਦਸਾ ਹੈ ਇਹ ਜ਼ਿੰਦਗੀ,
ਪੀੜ ਦਰਦ ਭਰਪੂਰ ਹੈ ਇਹ ਜ਼ਿੰਦਗੀ।
ਦਾਤੇ ਲਿਖਿਆ ਉਸ ਦਾ ਨਸੀਬ ਇੰਝ,
ਵਰਨਾ ਜਾਨ ਤੋਂ ਪਿਆਰੀ ਹੈ ਜ਼ਿੰਦਗੀ।
***-ਸੇਵਾ ਸਿੰਘ ਨੂਰਪੁਰੀ***

---

ਅਣਹੋਣੀ ਹੋਈ ਨਿੱਕੀ ਉਮਰੇ
ਬੱਸ ਭਾਣਾ ਮੰਨ ਕੇ ਜਰ ਲੈਨੇ ਆਂ।
ਮਨ ਜਦੋਂ ਵੀ ਖਾਲੀ ਲਗਦਾ
ਬੱਸ ਮਾਰ ਲਕੀਰਾਂ ਭਰ ਲੈਨੇ ਆਂ।
***-ਜਗਮੀਤ ਸਿੰਘ ਪੰਧੇਰ***

ਵਿਚ ਹਾਦਸੇ ਲੱਤਾਂ ਕੱਟੀਆਂ,
ਹੋਈ ਜਿੰਦ ਜਿੰਦਹੁੰ ਬੇ-ਆਸ।
ਭਾਈ ਮਿੱਤਰ ਸੱਜਣ ਜਿਹੜੇ,
ਕੋਈ ਨਾ ਪੁੱਜਾ ਦੇਣ ਧਰਵਾਸ।
ਹੱਥਾਂ ਹੌਂਸਲਾ ਹਿੰਮਤ ਦਿੱਤੀ,
ਲੋੜ ਵਿਚੋਂ ਜੰਮ ਪਿਆ ਜੁਗਾੜ।
ਧਾਰ ਲਵੇ ਮਨ ਜਦੋਂ ਇਰਾਦਾ,
ਤਾਰੇ ਤੋੜਨੇ ਨਾ ਕੰਮ ਖਾਸ!
***-ਗੁਰਬਖਸ਼ ਸਿੰਘ 'ਨਾਕਾਮ'***
***+1-864-318-5500***

---

ਦੁਰਘਟਨਾ ਹਮੇਸ਼ਾ ਘਾਤਕ ਹੁੰਦੀ
ਤੱਤੇ ਤੱਤੇ ਘਾਅ ਕੁਝ ਨਾ ਪਤਾ ਲੱਗਾ
ਸੁਰਤ ਤਾਂ ਉਦੋਂ ਆਈ
ਦੇਖਿਆ ਕੁਝ ਅੰਗ ਹੈ ਹੀ ਨਹੀਂ
ਰੋਣਾ-ਪਿੱਟਣਾ, ਚੀਸਾਂ
ਦਿਲਾਸਾ ਖੁਦ ਨੂੰ।
ਕਰ ਕਲਪਨਾ ਵਾਹ ਅੰਗ ਧਰਤੀ 'ਤੇ
ਮਾਨਸਿਕ ਦਿਲ ਕਰੜਾ
ਖੁਦ ਨੂੰ ਢਾਰਸ ਮਿਲੀ
ਦੇਖ ਆਪਣੀ ਕਲਾ ਕਿਰਤ
ਹੌਸਲਾ, ਰਗਾਂ 'ਚ ਖ਼ੂਨ,
ਸਰੀਰ ਨੂੰ ਝੰਜੋੜਿਆ।
***-ਦਰਸ਼ਨ ਪਾਲ ਦੋਸਾਂਝ।***

## ਬਾਦਸ਼ਾਹ ਦਰਵੇਸ਼

ਬਾਦਸ਼ਾਹ ਦਰਵੇਸ਼ ਪਿਤਾ ਦੀ ਕਥਾ ਸੁਣਾਵਾਂ
ਕਲਗੀਆਂ ਵਾਲੇ ਗੁਰੂ ਦੇ ਮੈਂ ਸੋਹਲੇ ਗਾਵਾਂ।
ਪਟਨਾ ਸਾਹਿਬ ਦੀ ਧਰਤੀ ਨੂੰ ਉਸ ਭਾਗ ਸੀ ਲਾਏ
ਆਨੰਦਪੁਰ ਚਮਕੌਰ ਗੜ੍ਹੀ ਕਈ ਖੇਲ ਰਚਾਏ।
ਮੁਕਤਸਰ ਨੰਦੇੜ ਸਾਹਿਬ ਦੱਸੋ ਕਿੰਝ ਭੁਲਾਵਾਂ।
ਬਾਦਸ਼ਾਹ ਦਰਵੇਸ਼ ਪਿਤਾ ਦੀ ਕਥਾ ਸੁਣਾਵਾਂ...।

ਬੰਦੇ ਨੂੰ ਖਾਲਸ ਰੱਖਣ ਲਈ ਨਵਾਂ ਪੰਥ ਚਲਾਇਆ
ਭੇਦਭਾਵ ਤੇ ਊਚ-ਨੀਚ ਦਾ ਫਰਕ ਮਿਟਾਇਆ।
ਤੇਰੇ ਅਜਬ ਸਿਧਾਂਤ ਨੂੰ ਮੈਂ ਸੀਸ ਝੁਕਾਵਾਂ
ਬਾਦਸ਼ਾਹ ਦਰਵੇਸ਼...।

ਗੁਰੂ ਪਿਤਾ ਤੇ ਚਾਲੀ ਮੁਕਤੇ ਪੰਜ ਪਿਆਰੇ
ਮਾਂ ਗੁਜਰੀ ਤੇ ਚਾਰੇ ਪੁੱਤਰ ਕੌਮ ਉਤੋਂ ਵਾਰੇ।
ਬੰਦਾ ਸਿੰਘ ਬਹਾਦਰ ਨੂੰ ਮੈਂ ਕਿੰਝ ਭੁਲਾਵਾਂ
ਬਾਦਸ਼ਾਹ ਦਰਵੇਸ਼...।

ਆਪੇ ਗੁਰੂ ਤੇ ਚੇਲਾ ਤੂੰ ਸੀ ਆਪ ਰਚਾਇਆ
ਜੋ ਦੁਨੀਆ ਤੇ ਕਰ ਗਿਆ ਨਾ ਕਿਸੇ ਕਰਾਇਆ।
ਕਿਹੜੀ ਕਿਹੜੀ ਸਿਫ਼ਤ ਧਰਮਿਆ ਜੋ ਨਾ ਗਾਵਾਂ
ਬਾਦਸ਼ਾਹ ਦਰਵੇਸ਼ ਪਿਤਾ ਦੀ ਕਥਾ ਸੁਣਾਵਾਂ...।
***-ਧਰਮ ਸਿੰਘ ਗੁਰਾਇਆ***

ਜਾਈਆਂ ਖੇਡ ਮੈਦਾਨ ਦੀਆਂ-5

# ਸਾਬਕਾ ਭਾਰਤੀ ਵਾਲੀਬਾਲ ਕਪਤਾਨ ਨਿਰਮਲ ਮਿਲਖਾ ਸਿੰਘ

ਖੇਡ ਜਗਤ ਵਿੱਚ ਜਿੱਥੇ ਭਰਾਵਾਂ, ਪਿਓ-ਪੁੱਤਰ ਦੀਆਂ ਜੋੜੀਆਂ ਨੇ ਨਾਮਣਾ ਖੱਟਿਆ ਹੈ ਉੱਥੇ ਦੇਸ਼ ਵਿੱਚ ਪਤੀ-ਪਤਨੀ ਦੀਆਂ ਵੀ ਅਜਿਹੀਆਂ ਜੋੜੀਆਂ ਹਨ ਜਿਨ੍ਹਾਂ ਨੇ ਖੇਡ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਨਾਮ ਮਿਲਖਾ ਸਿੰਘ ਤੇ ਨਿਰਮਲ ਮਿਲਖਾ ਸਿੰਘ ਦੀ ਜੋੜੀ ਹੈ। ਉੱਡਣਾ ਸਿੱਖ ਵਜੋਂ ਮਕਬੂਲ ਹੋਏ ਮਿਲਖਾ ਸਿੰਘ ਵੱਲੋਂ ਅਥਲੈਟਿਕਸ ਖੇਤਰ ਵਿੱਚ ਜਿੱਥੇ ਵਿਸ਼ਵ ਪੱਧਰ ਉਤੇ ਨਾਮ ਕਮਾਇਆ ਗਿਆ ਉੱਥੇ ਉਨ੍ਹਾਂ ਦੀ ਧਰਮ ਪਤਨੀ ਨਿਰਮਲ ਮਿਲਖਾ ਸਿੰਘ ਨੇ ਵਾਲੀਬਾਲ ਖੇਡ ਵਿੱਚ ਭਾਰਤ ਦੀ ਕਪਤਾਨੀ ਕੀਤੀ।ਬਹੁਤੇ ਲੋਕ ਨਿਰਮਲ ਮਿਲਖਾ ਸਿੰਘ ਨੂੰ ਮਿਲਖਾ ਸਿੰਘ ਦੀ ਪਤਨੀ ਤੌਰ ਉੱਤੇ ਹੀ ਜਾਣਦੇ ਹਨ ਪਰ ਖੇਡ ਖੇਤਰ ਵਿੱਚ ਨਿਰਮਲ ਮਿਲਖਾ ਸਿੰਘ ਦੀਆਂ ਪ੍ਰਾਪਤੀਆਂ ਵੀ ਕਿਸੇ ਤੋਂ ਘੱਟ ਨਹੀਂ ਹਨ।ਅੱਜ ਦੇ ਕਾਲਮ



ਨਵਦੀਪ ਸਿੰਘ ਗਿੱਲ

ਵਿੱਚ ਨਿਰਮਲ ਮਿਲਖਾ ਸਿੰਘ ਬਾਰੇ ਗੱਲ ਕਰਾਂਗਾ।

ਨਿਰਮਲ ਮਿਲਖਾ ਸਿੰਘ ਜਿਨ੍ਹਾਂ ਨੂੰ ਵਿਆਹ ਤੋਂ ਪਹਿਲਾਂ ਨਿਰਮਲ ਸੈਣੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਦਾ ਜਨਮ 10 ਅਕਤੂਬਰ 1936 ਨੂੰ ਸ਼ੇਖੂਪੁਰਾ ਵਿਖੇ ਹੋਇਆ ਜੋ ਕਿ ਹੁਣ ਪਾਕਿਸਤਾਨ ਦੇ ਲਹਿੰਦੇ ਪੰਜਾਬ ਵਿੱਚ ਹੈ। ਨਿਰਮਲ ਮਿਲਖਾ ਸਿੰਘ ਵੀ ਮਿਲਖਾ ਸਿੰਘ ਵਾਂਗ ਵੰਡ ਸਮੇਂ ਉੱਜੜ ਕੇ ਇੱਧਰ ਆ ਕੇ ਵਸੇ ਸਨ।ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਅਤੇ ਫੇਰ ਰਾਜਨੀਤੀ ਸਾਸ਼ਤਰ ਵਿੱਚ ਐਮ.ਏ. ਕੀਤੀ। ਫਿਜ਼ੀਕਲ ਐਜੂਕੇਸ਼ਨ ਕਾਲਜ ਤੋਂ ਡਿਪਲੋਮਾ ਕੀਤੀ।ਕਾਲਜ ਪੜ੍ਹਦਿਆਂ ਨਿਰਮਲ ਮਿਲਖਾ ਸਿੰਘ ਹਰਫਨਮੌਲਾ ਖਿਡਾਰਨ ਸਨ ਜਿਨ੍ਹਾਂ ਵਾਲੀਬਾਲ, ਸਾਫਟਬਾਲ, ਨੈਟਬਾਲ, ਥਰੋਅ ਬਾਲ, ਬੈਡਮਿੰਟਨ ਤੋਂ ਇਲਾਵਾ ਅਥਲੈਟਿਕਸ ਵਿੱਚ ਫਰਾਟਾ ਦੌੜਾਂ, ਛਾਲਾਂ ਤੇ ਥਰੋਆਂ ਦੇ



ਈਵੈਂਟਾਂ ਵਿੱਚ ਵੀ ਹਿੱਸਾ ਲਿਆ ਜਿਸ ਬਾਰੇ ਉਨ੍ਹਾਂ ਨੂੰ ਕਾਲਜ ਵੱਲੋਂ ਵਿਸ਼ੇਸ਼ ਤੌਰ ਉੱਤੇ ਪ੍ਰਸੰਸਾ ਪੱਤਰ ਦਿੰਦਿਆਂ ਸਾਰੀਆਂ ਖੇਡਾਂ ਦਾ ਜ਼ਿਕਰ ਕੀਤਾ ਗਿਆ।

ਨਿਰਮਲ ਮਿਲਖਾ ਸਿੰਘ ਨੇ ਪੰਜਾਬ ਦੀ ਵਾਲੀਬਾਲ ਟੀਮ ਵੱਲੋਂ ਖੇਡਣ ਦੇ ਨਾਲ ਕਪਤਾਨੀ ਵੀ ਕੀਤੀ ਅਤੇ ਸੱਤ ਵਾਰ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। ਭਾਰਤੀ ਵਾਲੀਬਾਲ ਟੀਮ ਵੱਲੋਂ ਖੇਡਦਿਆਂ ਉਨ੍ਹਾਂ ਕਈ ਟੂਰਨਾਮੈਂਟ ਖੇਡੇ। ਉਨ੍ਹਾਂ 1955 ਵਿੱਚ ਰੂਸ ਖ਼ਿਲਾਫ਼ ਭਾਰਤ ਦੀ ਕਪਤਾਨੀ ਕਰਦਿਆਂ ਸ੍ਰੀਲੰਕਾ ਖ਼ਿਲਾਫ਼ ਵੀ ਦੁਵੱਲੀ ਟੈਸਟ ਸੀਰੀਜ਼ ਵੀ ਖੇਡੀ। ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਵਾਲੀਬਾਲ ਖੇਡ ਵਿੱਚ ਪ੍ਰਾਪਤੀਆਂ ਲਈ ਜਿੱਥੇ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ ਉੱਥੇ ਬੈਡਮਿੰਟਨ ਤੇ ਅਥਲੈਟਿਕਸ ਖੇਡ ਵਿੱਚ ਪ੍ਰਾਪਤੀਆਂ ਬਦਲੇ ਯੂਨੀਵਰਸਿਟੀ ਤੇ ਸਟੇਟ ਕਲਰ ਵੀ ਮਿਲਿਆ।

ਨਿਰਮਲ ਮਿਲਖਾ ਸਿੰਘ ਨੇ ਬਤੌਰ ਖੇਡ ਪ੍ਰਸ਼ਾਸਕ ਹਾਕੀ ਖੇਡ ਵਿੱਚ ਵੀ ਵੱਡੀਆਂ ਮੱਲਾਂ ਮਾਰੀਆ। ਉਹ ਪੰਜਾਬ ਮਹਿਲਾ ਹਾਕੀ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਤੇ ਭਾਰਤੀ ਮਹਿਲਾ ਹਾਕੀ ਐਸੋਸੀਏਸ਼ਨ ਦੇ ਸਕੱਤਰ ਰਹੇ। ਉਹ ਮਹਿਲਾ ਹਾਕੀ ਵਿਸ਼ਵ ਕੱਪ ਵਿੱਚ ਜਿਊਰੀ ਮੈਂਬਰ ਤੇ ਏਸ਼ੀਅਨ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਜੱਜ ਵਜੋਂ ਸੇਵਾ ਨਿਭਾਉਣ ਤੋਂ ਇਲਾਵਾ ਭਾਰਤੀ ਮਹਿਲਾ ਹਾਕੀ ਟੀਮ ਦੇ ਮੈਨੇਜਰ ਵੀ







ਰਹੇ। ਇਸ ਦੌਰਾਨ ਭਾਰਤੀ ਟੀਮ ਨੇ 1982 ਏਸ਼ੀਅਨ ਗੇਮਜ਼ ਵਿੱਚ ਸੋਨ ਤਮਗ਼ਾ ਵੀ ਜਿੱਤਿਆ ਅਤੇ ਸੋਵੀਅਤ ਸੰਘ ਤੇ ਜਰਮਨੀ ਖ਼ਿਲਾਫ਼ ਟੈਸਟ ਲੜੀਆਂ ਖੇਡੀਆਂ। ਹਾਕੀ ਤੋਂ ਇਲਾਵਾ ਚੰਡੀਗੜ੍ਹ ਰੋਇੰਗ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਵੀ ਰਹੇ।

ਨਿਰਮਲ ਮਿਲਖਾ ਸਿੰਘ ਨੇ ਖੇਡ ਵਿਭਾਗ ਦੇ ਡਾਇਰੈਕਟਰ (ਮਹਿਲਾ) ਸਮੇਤ ਹੋਰ ਵੀ ਵੱਖ-ਵੱਖ ਅਹੁਦਿਆਂ ਉੱਤੇ ਰਹਿੰਦਿਆਂ ਉਨ੍ਹਾਂ ਖੇਡਾਂ ਦਾ ਪੱਧਰ ਉੱਚਾ ਚੁੱਕਣ ਲਈ ਨਿਰੰਤਰ ਕੰਮ ਕੀਤੇ ਅਤੇ ਕਾਰਗਾਰ ਨੀਤੀਆਂ ਬਣਾਈਆਂ।ਮੁੰਡੇ-ਕੁੜੀਆਂ ਦੇ ਕੈਂਪ, ਪੇਂਡੂ ਖੇਡ ਮੇਲੇ, ਨੈਸ਼ਨਲ ਯੂਥ ਐਵਾਰਡ, ਐਡਵੈਂਚਰ ਤੇ ਯੂਥ ਕਲੱਬ, ਪਰਵਤਾਰੋਹੀ ਕੈਂਪ, ਖੇਡ ਢਾਂਚਾ ਸਥਾਪਤ ਕਰਨ ਖਾਸ ਕਰਕੇ ਨੌਜਵਾਨ ਕੁੜੀਆਂ ਲਈ ਵਿਸ਼ੇਸ਼ ਮੌਕੇ ਪ੍ਰਦਾਨ ਕਰਨ ਵਿੱਚ ਮੋਹਰੀ ਰਹੇ। ਉਨ੍ਹਾਂ 1989 ਵਿੱਚ ਚੰਡੀਗੜ੍ਹ ਵਿਖੇ ਰੋਇੰਗ ਤੇ ਵਾਟਰ ਸਪੋਰਟਸ ਦੀ ਏਸ਼ੀਅਨ ਚੈਂਪੀਅਨਸ਼ਿਪ ਕਰਵਾਈ।

ਨਿਰਮਲ ਦਾ ਵਿਆਹ ਮਿਲਖਾ ਸਿੰਘ ਨਾਲ 1962 ਵਿੱਚ ਹੋਇਆ। ਮਿਲਖਾ ਸਿੰਘ ਦੀਆਂ ਪ੍ਰਾਪਤੀਆਂ ਵਿੱਚ ਉਨ੍ਹਾਂ ਦੀ ਧਰਮ ਪਤਨੀ ਦੇ ਸਾਥ ਦਾ ਬਹੁਤ ਵੱਡਾ ਯੋਗਦਾਨ ਸੀ। ਦੋਵਾਂ ਦੀ ਔਲਾਦ ਨੇ ਵੀ ਪਰਿਵਾਰ ਦੀ ਖੇਡ ਵਿਰਾਸਤ ਨੂੰ ਅੱਗੇ ਤੋਰਦਿਆਂ ਪੁੱਤਰ ਜੀਵ ਮਿਲਖਾ ਸਿੰਘ ਨੇ ਗੌਲਫ ਵਿੱਚ ਸਿਖਰਾਂ ਛੂਹੀਆਂ। ਨਿਰਮਲ ਮਿਲਖਾ ਸਿੰਘ ਤੇ ਮਿਲਖਾ ਸਿੰਘ ਜਿੱਥੇ ਕੌਮਾਂਤਰੀ ਖਿਡਾਰੀ ਹਨ ਉੱਥੇ ਮਿਲਖਾ ਸਿੰਘ ਤੇ ਉਨ੍ਹਾਂ ਦੇ ਪੁੱਤਰ ਜੀਵ ਮਿਲਖਾ ਸਿੰਘ ਦੋਵੇਂ ਪਦਮਾ ਸ੍ਰੀ ਹਨ।ਜੀਵ ਦਾ ਬੇਟਾ ਹਰਜਾਈ ਮਿਲਖਾ ਸਿੰਘ ਵੀ ਗੌਲਫ ਖੇਡ ਵਿੱਚ ਅੱਗੇ ਵੱਧ ਰਿਹਾ ਹੈ।

ਖੇਡਾਂ ਦੇ ਖੇਤਰ ਵਿੱਚ ਇਕੱਠੀਆਂ ਮੱਲਾਂ ਮਾਰਨ ਵਾਲੀ ਜੋੜੀ ਮਿਲਖਾ ਸਿੰਘ ਤੇ ਨਿਰਮਲ ਮਿਲਖਾ ਸਿੰਘ ਕੋਵਿਡ ਦੀ ਮਹਾਂਮਾਰੀ ਦੌਰਾਨ ਸਾਲ 2019 ਵਿੱਚ ਜੂਨ ਦੇ ਮੱਧ ਵਿੱਚ ਇੱਕ ਹਫ਼ਤੇ ਦੇ ਸਮੇਂ ਦੌਰਾਨ ਹੀ ਸਦੀਵੀਂ ਅਲਵਿਦਾ ਆਖ ਗਈ। ਇਸ ਖੇਡ ਜੋੜੀ ਦੀ ਅੰਤਿਮ ਅਰਦਾਸ ਵੀ ਇੱਕਠਿਆ ਹੋਈ।

# ਬ੍ਰਿਟਿਸ਼ ਲਾਹੌਰ ਦਾ ਇਕਲੌਤਾ ਡੀ.ਸੀ. – ਪਰਨਾਬ ਸਿੰਘ

ਸ. ਰਾਮ ਪ੍ਰਸਾਦ ਸਿੰਘ ਗਰੇਵਾਲ ਉਰਫ ਪਰਨਾਬ ਸਿੰਘ ਬ੍ਰਿਟਿਸ਼ ਸਾਮਰਾਜ ਦੇ 98 ਸਾਲ ਦੇ ਸ਼ਾਸਨ-ਕਾਲ ਦਾ ਇਕਲੌਤਾ ਅਜਿਹਾ ਭਾਰਤੀ ਆਈ.ਸੀ.ਐਸ. ਅਫਸਰ ਸੀ ਜਿਸਨੂੰ ਦੋ ਵਾਰ ਲਾਹੌਰ ਦਾ ਡਿਪਟੀ ਕਮਿਸ਼ਨਰ ਲੱਗਣ ਦਾ ਸ਼ਰੂਰ ਹਾਸਲ ਹੋਇਆ: ਪਹਿਲੀ ਵਾਰ 20 ਅਪਰੈਲ 1933 ਤੋਂ 16 ਅਕਤੂਬਰ 1933 ਤੱਕ ਅਤੇ ਦੂਜੀ ਵਾਰ 5 ਮਈ 1934 ਤੋਂ 17 ਅਗਸਤ 1935 ਤੱਕ। ਦੂਜੀ ਟਰਮ ਦਾ ਇਹ ਉਹ ਸਮਾਂ ਸੀ, ਜਦੋਂ ਉਸਨੇ ਲਾਹੌਰ ਦੇ ਸ਼ਹੀਦ ਗੰਜ



ਡਾ. ਆਸਾ ਸਿੰਘ ਘੁੰਮਣ
ਫੋਨ: 97798-53245

ਗੁਰਦੁਆਰੇ ਦਾ ਮਾਮਲਾ ਏਨੀ ਸੂਝ-ਬੂਝ ਨਾਲ ਨਜਿੱਠਿਆ ਕਿ ਉਸਨੂੰ ਪ੍ਰਸ਼ਾਸਨਿਕ ਹਲਕਿਆਂ ਵਿਚ ਬੜੇ ਸੁਘੜ-ਸਿਆਣੇ ਅਫਸਰ ਕਰਕੇ ਜਾਣਿਆ ਜਾਣ ਲੱਗਾ। ਸੰਨ 1921 ਦੇ ਇਸ ਆਈ.ਸੀ.ਐਸ. ਅਫਸਰ ਦੀ ਏਥੇ ਤਾਇਨਾਤੀ ਦਾ ਮਕਸਦ ਤਾਂ ਕੁਝ ਹੋਰ ਸੀ ਪਰ ਮਸ਼ਹੂਰ ਉਹ ਹੋਰ ਕਾਰਨਾਂ ਕਰਕੇ ਹੋ ਗਿਆ। ਸੰਨ 1934 ਦੇ ਕਰੀਬ ਲਾਹੌਰ ਰੇਲਵੇ ਸਟੇਸ਼ਨ ਅਤੇ ਦਿੱਲੀ ਗੇਟ ਦੇ ਨਜ਼ਦੀਕ ਲੰਡਾ ਬਾਜ਼ਾਰ ਵਿਚ ਸਥਿਤ ਸ਼ਹੀਦ ਗੰਜ ਅਸਥਾਨ ਬਾਰੇ ਚੱਲ ਰਿਹਾ ਵਿਵਾਦਤ ਝਗੜਾ ਏਨੀ ਮਜ਼ਹਬੀ ਤੂਲ ਫੜ ਗਿਆ ਕਿ ਇਸ ਨੂੰ ਨਜਿੱਠਣ ਲਈ ਉਸ ਸਮੇਂ ਦੇ ਵਾਇਸਰਾਏ ਅਤੇ ਗਵਰਨਰ ਨੇ ਫੌਜ ਤੱਕ ਬੁਲਵਾ ਲੈਣ ਦਾ ਫੈਸਲਾ ਕਰ ਲਿਆ ਸੀ, ਪਰ ਬਤੌਰ ਡਿਪਟੀ ਕਮਿਸ਼ਨਰ ਪਰਨਾਬ ਸਿੰਘ ਇਸ ਫੈਸਲੇ ਵਿਰੁੱਧ ਅੜ ਗਿਆ ਜਿਵੇਂ 1965 ਦੇ ਹਿੰਦ-ਪਾਕਿ ਯੁੱਧ ਵਿਚ ਫੌਜਾਂ ਪਿਛਾਂਹ ਹਟਾਉਣ ਦੇ ਮਾਮਲੇ ਵਿਚ ਮੇਜਰ-ਜਨਰਲ ਹਰਬਖਸ਼ ਸਿੰਘ ਅੜ ਗਿਆ ਸੀ।

ਅਸਲ ਵਿਚ ਸ਼ਹੀਦ ਗੰਜ ਮਸਜਿਦ ਬਨਾਮ ਸ਼ਹੀਦ ਗੰਜ ਗੁਰਦੁਆਰਾ ਝਗੜਾ ਮੁੱਦਤ ਤੋਂ ਚੱਲਿਆ ਆ ਰਿਹਾ ਸੀ। ਮੁਸਲਮਾਨਾਂ ਅਨੁਸਾਰ ਇਹ ਮਸਜਿਦ ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਦੇ ਮੌਕੇ ਕਿਸੇ ਅਬਦੁੱਲਾ ਖਾਨ ਵੱਲੋਂ ਪੀਰ ਕਾਕੂ ਸ਼ਾਹ ਦੇ ਮਕਬਰੇ ਦੇ ਅਹਾਤੇ ਵਿਚ ਬਣਾਈ ਗਈ ਸੀ ਜੋ ਕਿ ਸ਼ਾਹਜ਼ਾਦੇ ਦਾਰਾ ਸ਼ਿਕੋਹ ਦਾ ਖਾਨਸਾਮਾ ਸੀ ਅਤੇ ਬਾਅਦ ਵਿਚ ਕੋਤਵਾਲ ਤੱਕ ਦੇ ਅਹੁਦੇ ਤੱਕ ਪਹੁੰਚ ਗਿਆ। ਇਸ ਮਸਜਿਦ ਦੇ ਨੇੜੇ ਉਹ ਜਗ੍ਹਾ ਸੀ ਜਿੱਥੇ ਨਵਾਬ ਜ਼ਕਰੀਆ ਖਾਨ ਦੇ ਵੇਲੇ ਭਾਈ ਤਾਰੂ ਸਿੰਘ ਅਤੇ ਹੋਰ ਅਨੇਕ ਸਿੰਘਾਂ-ਸਿੰਘਣੀਆਂ ਨੂੰ ਤਸੀਹੇ ਦੇ ਦੇ ਕੇ ਕਤਲ ਕੀਤਾ ਗਿਆ ਸੀ। ਸੰਨ 1762 ਦੇ ਕਰੀਬ ਭੰਗੀ ਮਿਸਲ ਦੇ ਸਿੱਖਾਂ ਨੇ ਇਸ 'ਤੇ ਕਬਜ਼ਾ ਕਰ ਕੇ ਇਸ ਜਗ੍ਹਾ 'ਤੇ ਗੁਰਦੁਆਰਾ ਸ਼ਹੀਦ ਗੰਜ ਬਣਾ ਦਿੱਤਾ ਜਦੋਂ ਕਿ ਮਸੀਤ ਕਹੀ ਜਾਂਦੀ ਜਗ੍ਹਾ ਵਿਚ ਇਕ ਗਰੰਥੀ ਰਹਿੰਦਾ ਹੁੰਦਾ ਸੀ।

ਬ੍ਰਿਟਿਸ਼ ਰਾਜ ਦੇ ਸਮੇਂ ਇਕ ਨੂਰ ਮੁਹੰਮਦ ਨਾਂ ਦੇ ਵਿਅਕਤੀ ਨੇ 1850 ਵਿਚ ਇਹ ਦਾਅਵਾ ਕਰ ਦਿੱਤਾ ਕਿ ਇਸ ਜਗ੍ਹਾ ਦਾ ਮਾਲਕ ਉਹ ਹੈ ਪਰ ਉਸ ਦਾ ਦਿੱਤਾ ਗਿਆ ਸਬੂਤ ਅਦਾਲਤ ਵੱਲੋਂ ਰਿਜੈਕਟ ਕਰ ਦਿੱਤਾ ਗਿਆ। ਢੇਰ ਚਿਰ ਬਾਅਦ 1927 ਦੇ ਗਜ਼ਟ ਵਿਚ ਵੀ ਇਹ ਜਗ੍ਹਾ ਗੁਰਦੁਆਰਾ ਸ਼ਹੀਦ ਗੰਜ ਦੇ ਨਾਂ ਅੰਕਿਤ ਹੋਈ। ਸੰਨ 1930 ਦੀ ਇਕ ਜਜਮੈਂਟ ਵਿਚ ਵੀ ਇਹ ਜਗ੍ਹਾ ਗੁਰਦੁਆਰਾ ਸ਼ਹੀਦ ਗੰਜ ਦੱਸੀ ਗਈ ਸੀ, ਹਾਲਾਂਕਿ ਮੁਸਲਮਾਨਾਂ ਨੇ ਇਸ ਫੈਸਲੇ ਦੇ ਖ਼ਿਲਾਫ ਅਪੀਲ ਕਰ ਦਿੱਤੀ ਜੋ ਕਿ 1934 ਦੇ ਇੱਕ ਫੈਸਲੇ ਵਿਚ ਰਿਜੈਕਟ ਕਰ ਦਿੱਤੀ ਗਈ ਪਰ ਫਿਰ ਵੀ ਜਦ ਸਿੱਖਾਂ ਨੇ ਇਹ ਮਸੀਤ ਢਾਉਣੀ ਸ਼ੁਰੂ ਕੀਤੀ ਤਾਂ ਵੱਡਾ ਵਬਾਲ ਖੜ੍ਹਾ ਹੋ ਗਿਆ। ਮੁਸਲਮਾਨਾਂ ਵੱਲੋਂ ਬੰਦ ਰੱਖਿਆ ਗਿਆ, ਹੜਤਾਲਾਂ ਕੀਤੀਆਂ ਗਈਆਂ ਅਤੇ ਵੱਡੀ ਐਜੀਟੇਸ਼ਨ ਦਾ ਅਲਟੀਮੇਟਮ ਦਿੱਤਾ ਗਿਆ।

ਉਸ ਵੇਲੇ ਦੇ ਪੰਜਾਬ ਗਵਰਨਰ ਹਰਬਰਟ ਐਮਰਸਨ ਨੇ ਪਰਨਾਬ ਸਿੰਘ ਨੂੰ ਇਸ ਐਜੀਟੇਸ਼ਨ ਨੂੰ ਸੰਭਾਲਣ ਲਈ ਕਿਹਾ ਅਤੇ ਦੱਸਿਆ ਕਿ ਵਾਇਸਰਾਏ ਦੀ ਰਾਏ ਹੈ ਕਿ ਫੌਜ ਬੁਲਾ ਲਈ ਜਾਵੇ। ਇਸ ਹਾਲਾਤ ਵਿਚ ਪਰਨਾਬ ਸਿੰਘ ਨੇ ਤਤਕਾਲੀਨ ਅੰਗਰੇਜ਼ ਐਸ.ਐਸ.ਪੀ. ਡੈਨਸ ਕਿੱਲਬਰਨ ਨੂੰ ਕਿਹਾ ਕਿ ਉਹ ਕੇਵਲ ਉਸ ਦੇ ਦਿਸ਼ਾ-ਨਿਰਦੇਸ਼ ਮੰਨਣ ਨਾ ਕਿ ਗਵਰਨਰ ਜਾਂ ਵਾਇਸਰਾਏ ਦੇ। ਉਸਨੇ ਗਵਰਨਰ ਨੂੰ ਠੋਕ ਕੇ ਕਿਹਾ ਕਿ ਜੇ ਮੇਰੀ ਕੁਸ਼ਲਤਾ 'ਤੇ ਵਿਸ਼ਵਾਸ ਨਹੀਂ ਤਾਂ ਮੈਨੂੰ ਏਥੋਂ ਬਦਲ ਦਿਓ। ਉਸਨੇ ਮੁਸਲਮਾਨਾਂ ਦੇ ਵਫਦ ਨੂੰ ਬੁਲਾ ਕੇ ਸਮਝਾਇਆ ਪਰ ਉਹ ਐਜੀਟੇਸ਼ਨ 'ਤੇ ਅੜੇ ਹੋਏ ਸਨ। ਮੁਜ਼ਾਹਰੇ ਵਾਲੇ ਦਿਨ ਉਨ੍ਹਾਂ ਦੇ ਹੁਲੜਬਾਜ਼ੀ ਕਰਨ 'ਤੇ ਉਸਨੇ ਸ਼ਰਾਰਤੀ ਅਨਸਰਾਂ ਦੀ ਪਹਿਚਾਣ ਕਰਦਿਆਂ ਬੁਰਕਾਨਸ਼ੀਂ ਔਰਤਾਂ ਦੇ ਪਿੱਛੇ ਲੁਕੇ ਸ਼ਰਾਰਤੀਆਂ 'ਤੇ ਖੂਬ ਗੋਲੀ ਵਰਸਾਈ ਪਰ ਪੁਲੀਸ ਨੂੰ ਹੁਕਮ ਸੀ ਕਿ ਗੋਲੀਆਂ ਕੇਵਲ ਉਨ੍ਹਾਂ ਦੀਆਂ ਲੱਤਾਂ ਅਤੇ ਪੈਰਾਂ ਵਿਚ ਹੀ ਮਾਰੀਆਂ ਜਾਣ। ਵੇਂਹਦਿਆਂ ਹੀ ਵੇਂਹਦਿਆ 50,000 ਦੀ ਭੀੜ ਤਿੱਤਰ-ਬਿੱਤਰ ਹੋ ਗਈ। ਗੁਰਦੁਆਰੇ ਦਾ ਸੰਪੂਰਨ ਕੰਟਰੋਲ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ।


ਪਾਕਿਸਤਾਨ ਦੇ ਮਕਬੂਲ ਅੰਗਰੇਜ਼ੀ ਅਖਬਾਰ 'ਡਾਅਨ' ਵਿਚ 27 ਨਵੰਬਰ, 2016 ਨੂੰ ਛਪੇ ਇਕ ਆਰਟੀਕਲ ਵਿਚ ਜਨਾਬ ਮਜੀਦ ਸ਼ੇਖ ਕਹਿੰਦੇ ਹਨ ਕਿ ਬਹੁਤ ਸਾਰੇ ਪ੍ਰਬੰਧਕੀ ਵਿਸ਼ੇਸ਼ਗ ਇਹ ਮੰਨਦੇ ਹਨ ਕਿ ਜੇ ਸਿੱਖ ਡੀ.ਸੀ. ਪਰਨਾਬ ਸਿੰਘ ਦੀ ਜਗ੍ਹਾ ਓਥੇ ਕੋਈ ਅੰਗਰੇਜ਼ ਅਫਸਰ ਹੁੰਦਾ ਤਾਂ ਇਹ ਕਾਂਡ ਜਲ੍ਹਿਆਂਵਾਲੇ ਕਾਂਡ ਵਰਗਾ ਜਾਂ ਲਾਲਾ ਲਾਜਪਤ ਰਾਏ ਦੇ ਲਾਠੀ ਚਾਰਜ ਵਰਗਾ ਬਣ ਜਾਣਾ ਸੀ।

ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਪਰਨਾਬ ਸਿੰਘ ਦਾ ਜਨਮ ਪਹਿਲੀ ਜੂਨ 1896 ਨੂੰ ਮੌਜੂਦਾ ਮੱਧ ਪ੍ਰਦੇਸ਼ ਦੇ ਰੇਵਾ ਸਟੇਟ ਵਿਚ ਹੋਇਆ ਜਿੱਥੇ ਉਸਦਾ ਪਿਤਾ ਕਰਨਲ ਹੀਰਾ ਸਿੰਘ ਰੇਵਾ ਸਟੇਟ ਦੀਆਂ ਫੌਜਾਂ ਦਾ ਕਮਾਂਡਰ ਇਨ ਚੀਫ ਸੀ। ਖਾਲਸਾ ਕਾਲਜ ਵਿਚ ਗਰੈਜੂਏਸ਼ਨ ਕਰਨ ਉਪਰੰਤ ਦੋ ਸਾਲ 1914 ਤੋਂ 1916 ਤੱਕ ਉਹ ਬ੍ਰਿਟਿਸ਼ ਫੌਜ ਵਿਚ ਜਵਾਨ ਵਜੋਂ ਲੜਿਆ ਅਤੇ ਫਿਰ ਉਹ ਗਰੈਜੂਏਸ਼ਨ ਕਰਨ ਲਈ ਔਕਸਫੋਰਡ ਚਲਾ ਗਿਆ। ਇੰਡੀਅਨ ਰੇਲਵੇ ਸਰਵਿਸ ਵਿਚ ਅੱਵਲ ਰਹਿਣ ਉਪਰੰਤ ਉਹ ਇੰਡੀਅਨ ਸਿਵਲ ਸਰਵਿਸ ਲਈ ਚੁਣਿਆ ਗਿਆ।

ਉਹ ਬੜਾ ਸਾਹਸੀ ਅਫਸਰ ਸੀ ਅਤੇ ਗਰੀਬ-ਗੁਰਬੇ ਦਾ ਖ਼ਿਆਲ ਰੱਖਦਾ ਸੀ। ਇੱਕ ਵਾਰ ਫਿਰੋਜ਼ਪੁਰ ਦੇ ਡੀ.ਸੀ. ਹੁੰਦਿਆਂ ਉਸਨੇ ਅਤੇ ਇੱਕ ਅੰਗਰੇਜ਼ ਐਸ.ਪੀ. ਨੇ ਇੱਕ ਡਾਕੂ ਦੇ ਮਗਰ ਦੌੜ ਕੇ ਉਸ ਨੂੰ ਮਾਰ ਮੁਕਾਇਆ ਸੀ ਅਤੇ ਉਸ ਵੱਲੋਂ ਅਗਵਾ ਕੀਤੀ ਲੜਕੀ ਨੂੰ ਘਰਦਿਆਂ ਤੱਕ ਪੁਜਦਾ ਕਰ ਕੇ ਖੂਬ ਪ੍ਰਸ਼ੰਸਾ ਖੱਟੀ ਸੀ। ਜਿੱਥੇ-ਜਿੱਥੇ ਉਸਨੇ ਆਪਣੀਆਂ ਸੇਵਾਵਾਂ ਨਿਭਾਈਆਂ ਉਥੇ ਉਥੇ ਹੀ ਉਸਨੇ ਪਾਰਕ ਅਤੇ ਹਸਪਤਾਲ ਬਣਵਾਏ ਅਤੇ ਲੇਡੀਜ਼ ਕਲੱਬ ਬਣਾਉਣ ਉੱਤੇ ਜ਼ੋਰ ਦਿੱਤਾ।

ਉਹ ਦਿੱਲੀ ਅਤੇ ਸ਼ਿਮਲੇ ਦਾ ਡੀ.ਸੀ. ਬਣਨ ਵਾਲਾ ਵੀ ਪਹਿਲਾ ਭਾਰਤੀ ਸੀ। ਡੀ.ਸੀ. ਸ਼ਿਮਲਾ ਹੁੰਦਿਆਂ ਹੀ ਉਸਨੂੰ ਲੂਕੀਮੀਆ ਹੋ ਗਿਆ ਅਤੇ ਦੋ ਸਾਲ ਇਸ ਬਿਮਾਰੀ ਨਾਲ ਘੁਲਦਿਆਂ 16 ਜੂਨ, 1939 ਨੂੰ ਉਹ ਸਵਰਗ ਸਿਧਾਰ ਗਿਆ। ਉਸਦਾ ਸਸਕਾਰ ਵੀ ਉਸਦੇ ਜੱਦੀ ਪਿੰਡ ਨਾਰੰਗਵਾਲ ਹੀ ਕੀਤਾ ਗਿਆ। ਉਸਦੇ ਪਿੰਡ ਭਾਵੇਂ ਉਸਦੇ ਨਾਂ 'ਤੇ ਕੋਈ ਸਮਾਰਕ ਜਾਂ ਸੰਸਥਾ ਨਹੀਂ ਪਰ ਮਿੰਟਗੁਮਰੀ (ਸਾਹੀਵਾਲ) ਵਿਖੇ ਉਸਦੇ ਨਾਂ 'ਤੇ ਜਿੰਮਖਾਨਾ ਕਲੱਬ ਹੈ ਅਤੇ ਫਾਜ਼ਲਿਕਾ ਵਿਖੇ ਉਸਦੇ ਨਾਂ 'ਤੇ ਇੱਕ ਵੱਡੇ ਪਾਰਕ ਦਾ ਨਾਂ ਪਰਤਾਬ ਬਾਗ ਬੋਲਦਾ ਹੈ।

## *ਯਾਦ ਰੱਖਣ ਯੋਗ ਗੱਲਾਂ*



ਹਰਦੀਪ ਸਿੰਘ ਸੋਢੀ

*ਇਨਸਾਨ ਦੇ ਸ਼ੌਂਕ ਅਤੇ ਸੁਭਾਅ ਬਦਲਦੇ ਨਹੀਂ ਉਮਰ ਅਤੇ ਜ਼ਿੰਮੇਵਾਰੀਆਂ ਵਧਣ ਨਾਲ ਰੰਗ ਵਟਾ ਲੈਂਦੇ ਹਨ।

*ਅਸਲ ਗੂੰਗਾ ਤਾਂ ਰੱਬ ਵੱਲੋਂ ਹੀ ਹੀਣਾ ਹੁੰਦਾ ਹੈ ਫਿਰ ਵੀ ਇਸ਼ਾਰਿਆਂ ਨਾਲ ਬਹੁਤ ਕੁਝ ਕਹਿ ਜਾਂਦਾ ਹੈ, ਹੈਰਾਨੀ ਤਾਂ ਉਨ੍ਹਾਂ ਗੂੰਗਿਆਂ 'ਤੇ ਹੁੰਦੀ ਹੈ ਜੋ ਜ਼ੁਬਾਨ ਹੁੰਦੇ ਹੋਏ ਵੀ ਨਹੀਂ ਬੋਲਦੇ।

* ਪਾਣੀ ਦੇ ਹੱਥ ਅਤੇ ਬਾਹਵਾਂ ਨਹੀਂ ਹੁੰਦੀਆਂ ਫਿਰ ਵੀ ਬੰਦੇ ਨੂੰ ਡੋਬਣ ਦੀ ਅਥਾਹ ਸ਼ਕਤੀ ਹੁੰਦੀ ਹੈ।

* ਜਿਨ੍ਹਾਂ ਦੀ ਉਮਰ ਅਤੇ ਕਮਰ ਚਾਲੀ ਪਾਰ ਕਰ ਗਈ ਹੈ ਉਨ੍ਹਾਂ ਨੂੰ ਭੋਜਨ ਘੱਟ ਭਜਨ ਵੱਧ ਕਰਨ ਦੀ ਸਲਾਹ ਹੈ।

* ਜਿਸ ਨੂੰ ਝੁਕਣ ਦੀ ਆਦਤ ਨਹੀਂ ਉਹ ਦਰਿਆ ਦੇ ਕੰਢੇ 'ਤੇ ਖੜ੍ਹਾ ਵੀ ਪਿਆਸਾ ਹੀ ਰਹੇਗਾ।

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਅਤੇ ਸੁਖਬੀਰ ਬਾਦਲ ਨੂੰ ਸਜ਼ਾ ਦਾ ਮੁੱਦਾ

**(ਭਾਗ-1)**

ਸੰਸਾਰ ਭਰ ਵਿਚ ਫੈਲੇ ਸਿੱਖ ਭਾਈਚਾਰੇ ਨੂੰ ਅਗਵਾਈ ਦੇਣ ਅਤੇ ਇਸਦੀ ਹਸਤੀ, ਘੜਨ-ਸੰਵਾਰਨ ਦੇ ਸਬੰਧ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ, ਸਾਕਾ ਨੀਲਾ ਤਾਰਾ ਦੁਖਾਂਤ ਵਾਪਰਨ ਤੋਂ ਲੈ ਕੇ ਪਿਛਲੇ 4 ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਲਗਾਤਾਰ ਤਿੱਖੇ ਵਾਦ-ਵਿਵਾਦਾਂ ਅਤੇ ਚਰਚਾ ਦਾ ਵਿਸ਼ਾ ਬਣਦੀ ਆ ਰਹੀ ਹੈ। ਪ੍ਰੰਤੂ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਦੀਆਂ



**ਹਰਚਰਨ ਸਿੰਘ ਪਰਹਾਰ**
**ਫੋਨ:** 403-681-8689
**ਈਮੇਲ:** hp8689@gmail.com

ਵਿਟਰੀਆਂ ਹੋਈਆਂ 'ਲਾਡਲੀਆਂ ਫੌਜਾਂ' ਵਲੋਂ ਅਕਾਲੀ ਏਕਤਾ ਦੀਆਂ ਸਫਾਂ ਦੇ ਓਹਲੇ ਉਸਦੇ ਪੁੱਤਰ ਸੁਖਬੀਰ ਬਾਦਲ ਨੂੰ ਧੋਬੀ ਪਟੜਾ ਮਾਰਨ ਦੇ ਅੰਤਿਮ ਦਾਅ ਵਜੋਂ ਸਰਬਉਚ ਸੰਸਥਾ ਦੀ ਓਟ ਵਿਚ ਚਲੇ ਜਾਣ ਦੇ ਪਿਛਲੇ 5-6 ਮਹੀਨਿਆਂ ਤੋਂ ਪੰਜਾਬ ਅੰਦਰ ਜਿਸ ਤਰ੍ਹਾਂ ਦੀ ਬੂ-ਦਹਾਈ ਮਚੀ ਹੈ, ਉਸ ਤਰ੍ਹਾਂ ਦੀ ਸਥਿਤੀ ਪਹਿਲਾਂ ਕਦੇ ਵੇਖਣ 'ਚ ਨਹੀਂ ਆਈ ਸੀ। ਪੰਜ ਸਿੰਘ ਸਾਹਿਬਾਨ ਵਲੋਂ 2 ਦਸੰਬਰ, 2024 ਨੂੰ ਬਾਗੀ ਤੇ ਦਾਗੀ ਅਕਾਲੀ ਲੀਡਰਾਂ ਨੂੰ ਅਕਾਲ ਤਖਤ ਸਾਹਿਬ 'ਤੇ ਸੱਦ ਕੇ ਸੁਖਬੀਰ ਬਾਦਲ ਸਮੇਤ ਅਨੇਕਾਂ ਅਕਾਲੀ ਨੇਤਾਵਾਂ ਨੂੰ ਧਾਰਮਿਕ ਤੇ ਰਾਜਨੀਤਕ ਸਜ਼ਾਵਾਂ ਸੁਣਾਏ ਜਾਣ ਅਤੇ ਉਨ੍ਹਾਂ ਸਭ ਵਲੋਂ ਨਿਮਾਣੇ ਸਿੱਖਾਂ ਵਜੋਂ ਪ੍ਰਵਾਨ ਕਰਨ ਮਗਰੋਂ ਆਸ ਦੀ ਜੋ ਮੱਧਮ ਜਿਹੀ ਕਿਰਨ ਨਜ਼ਰ ਆਈ ਸੀ। ਉਹ ਇੱਕ ਵਾਰ ਤਾਂ ਨਰਾਇਣ ਸਿੰਘ ਚੌੜਾ ਵਲੋਂ ਕੀਤੇ 'ਚਮਤਕਾਰੀ ਕਾਰਨਾਮੇ' ਨਾਲ਼ ਪੂਰੀ ਤਰ੍ਹਾਂ ਮੱਧਮ ਪੈ ਗਈ ਸੀ। ਪਰ ਹੁਣ ਜਥੇਦਾਰ ਰਘਵੀਰ ਸਿੰਘ ਵਲੋਂ ਬਾਦਲ ਦਲ ਦੇ ਨੇਤਾਵਾਂ ਨੂੰ ਹੁੱਜਤਾਂ ਛੱਡ ਕੇ ਰਾਹ 'ਤੇ ਆ ਜਾਣ ਲਈ ਸਖ਼ਤ ਚਿਤਾਵਨੀ ਦਿੰਦੇ ਸਾਰ ਹੀ ਲਗਦੈ, ਕਿ ਸੰਕਟ ਹੱਲ ਹੋਣ ਦੇ ਆਸਾਰ ਮੁੜ ਪੈਦਾ ਹੋ ਗਏ ਹਨ। ਇਸ ਸਭ ਬਾਰੇ ਸੋਸ਼ਲ ਮੀਡੀਆ ਉਪਰ ਪਿਛਲੇ ਕਈ ਮਹੀਨਿਆਂ ਤੋਂ ਭਾਂਤ-ਭਾਂਤ ਦੇ ਰਾਜਸੀ ਮਾਹਿਰਾਂ, ਸਿੱਖ ਚਿੰਤਕਾਂ ਅਤੇ ਕਾਮਰੇਡੀ ਪਿਛੋਕੜ ਵਾਲ਼ੇ ਅਨੇਕਾਂ ਕੱਦਾਵਰ ਪੱਤਰਕਾਰਾਂ ਦੇ ਪ੍ਰਵਚਨਾਂ ਦਾ ਤਾਂਤਾ ਲੱਗਾ ਰਿਹਾ ਹੈ, ਜਿਹੜਾ ਪੂਰਨ ਜਿਹਾਦੀ ਜਾਹੋ-ਜਲਾਲ ਨਾਲ਼ ਅਜੇ ਵੀ ਨਿਰੰਤਰ ਜਾਰੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦੀ ਮਹਿਮਾ ਕੀ ਹੈ-ਪਿਛਲੇ ਸਮੇਂ ਦੌਰਾਨ ਇਸਨੇ ਅਕਾਲੀ ਰਾਜਨੀਤੀ 'ਤੇ ਕੁੰਡਾ ਰੱਖਣ ਲਈ ਕਿਤਨੀ ਕੁ ਸਾਰਥਕ ਭੂਮਿਕਾ ਨਿਭਾਈ ਹੈ; ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦਾ ਘੇਰਾ ਕੀ ਸਿਰਫ ਅਕਾਲੀ ਦਲ ਨਾਲ਼ ਸਬੰਧਤ ਸਿੱਖ ਹਲਕਿਆਂ ਤੱਕ ਹੀ ਸੀਮਤ ਹੈ? ਜਾਂ ਕੀ ਪੰਜਾਬ ਸਮੇਤ ਦੁਨੀਆਂ ਭਰ ਵਿਚ ਪੂਰਨ ਚੜ੍ਹਦੀ ਕਲਾ ਨਾਲ਼ ਵੱਖ-ਵੱਖ ਰਾਜਸੀ ਦਲਾਂ ਵਿਚ ਸ਼ਾਮਲ ਸਿੱਖਾਂ ਦਾ ਵੀ ਇਸ 'ਤੇ ਕੋਈ ਕਲੇਮ ਹੋ ਸਕਦਾ ਹੈ? ਜੇਕਰ ਅਜਿਹਾ ਹੈ ਤਾਂ ਕੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਦੀਆਂ ਸਮਾਕਲੀ ਦੌਰ ਦੇ ਸੈਕੂਲਰ ਰਾਜਤੰਤਰ ਅੰਦਰ ਕੋਈ ਸੀਮਾਵਾਂ ਜਾਂ ਸੰਭਾਵਨਾਵਾਂ ਹਨ? ਸੱਚੀ ਗੱਲ ਤਾਂ ਇਹ ਹੈ ਕਿ ਅੱਜ ਤੱਕ ਵੀ ਪੰਥ ਅੰਦਰ ਇਨ੍ਹਾਂ 'ਤੇ ਪੂਰਨ ਤਸੱਲੀਬਖਸ਼ ਸਹਿਮਤੀ ਨਹੀਂ ਬਣੀ?

2 ਦਸੰਬਰ, 2024 ਨੂੰ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਜਾਰੀ ਇਤਿਹਾਸਕ ਹੁਕਮਨਾਮੇ ਤੋਂ ਕੁਝ ਹੀ ਦਿਨ ਬਾਅਦ ਸ. ਹਜ਼ਾਰਾ ਸਿੰਘ ਮਿਸੀਸਾਗਾ ਦਾ 'ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਓਹਲੇ ਚੱਲ ਰਿਹਾ ਰਾਜਨੀਤਕ ਖੇਲ' ਸਿਰਲੇਖ ਹੇਠ 'ਪੰਜਾਬ ਟਾਈਮਜ਼' ਵਿਚ ਛਪਿਆ ਲੇਖ ਵਿਚਾਰਨਯੋਗ ਹੈ। ਇਸ ਪ੍ਰਥਾਏ ਉਨ੍ਹਾਂ ਵਲੋਂ ਕੁਝ ਗੰਭੀਰ ਖਦਸ਼ੇ ਪ੍ਰਗਟਾਏ ਗਏ ਹਨ। ਜਿਸ ਵਿਚ ਉਹ ਲਿਖਦੇ ਹਨ: 'ਸ੍ਰੀ ਅਕਾਲ ਤਖਤ ਸਾਹਿਬ 'ਤੇ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਿਹਾ ਘਟਨਾਕ੍ਰਮ ਨਿਰੋਲ ਸਿਆਸੀ ਹੈ। ਇਹ ਖੇਲ ਦੁਨੀਆ ਭਰ ਵਿਚ ਫੈਲੀਆਂ ਸਿੱਖ ਸੰਗਤਾਂ ਅੰਦਰ ਗੁਰੂ ਸਾਹਿਬਾਨ ਪ੍ਰਤੀ ਅਥਾਹ ਅਤੇ ਅਸੀਮ ਸ਼ਰਧਾ ਨੂੰ ਵਰਤਦਿਆਂ ਸ੍ਰੀ ਅਕਾਲ ਤਖਤ ਦੀ ਸਰਵਉੱਚਤਾ ਓਹਲੇ ਖੇਲ੍ਹਿਆ ਜਾ ਰਿਹਾ ਹੋਣ ਕਾਰਨ ਧਾਰਮਿਕ ਮਾਮਲਾ ਹੋਣ ਦਾ ਭੁਲੇਖਾ ਪਾਉਂਦਾ ਹੈ, ਪਰ ਅਸਲ ਵਿਚ ਇਹ ਸਿਆਸੀ 'ਰੀਵਾਈਵਲ' ਅਤੇ 'ਸਰਵਾਈਵਲ' ਦੇ ਘੋਲ਼ ਦੇ ਲੰਮੇ ਸਮੇਂ ਤੋਂ ਚੱਲਦੇ ਆ ਰਹੇ ਤਿਕੜਮਬਾਜ਼ ਸਿਲਸਿਲੇ ਦੀ ਗਾਥਾ ਦਾ ਹੀ ਅਗ਼ਲਾ ਕਾਂਡ ਹੈ। ਆਪਣੇ ਸਿਆਸੀ ਵਿਰੋਧੀਆਂ ਦਾ ਸਿਰ ਕੱਪਣ ਲਈ ਅਕਾਲ ਤਖਤ ਨੂੰ ਹਥਿਆਰ ਵਜੋਂ ਵਰਤਣ ਦੀ ਕੁਰੀਤੀ ਕਾਫੀ ਪੁਰਾਣੀ ਹੈ। 1984 ਤੋਂ ਬਾਅਦ ਖਾੜਕੂ ਸਿਆਸਤ ਨੇ ਰਵਾਇਤੀ ਅਕਾਲੀਆਂ ਦੀ ਥਾਂ ਲੈਣ ਲਈ ਅਕਾਲ ਤਖਤ ਦੀ ਬੇਦਰੇਗ ਵਰਤੋਂ ਕੀਤੀ। ਅਕਾਲੀ ਰਾਜਨੀਤੀ ਅੰਦਰ ਬਰਨਾਲੇ ਨੂੰ ਬੱਦੂ ਕਰਨ ਲਈ ਅਕਾਲ ਤਖਤ ਨੂੰ ਵਰਤਿਆ ਗਿਆ। ਫਿਰ ਬਾਦਲ ਵਿਰੋਧੀ ਧੜਿਆਂ ਨੇ ਬਾਦਲ ਨੂੰ ਸਿੱਖ ਸਿਆਸਤ ਵਿਚੋਂ ਭਜਾਉਣ ਲਈ ਅਕਾਲ ਤਖਤ ਨੂੰ ਵਰਤਿਆ। ਬਾਦਲ ਸਰਵਾਈਵ ਕਰ ਗਿਆ। ਹਾਲਾਤ ਬਦਲੇ, ਅਕਾਲ ਤਖਤ ਨੂੰ ਸਰਵਉੱਚ ਕਹਿ ਕੇ ਪ੍ਰਚਾਰਿਆ ਗਿਆ ਕੁਤਕਾ, ਬਾਦਲ ਹੱਥ ਆ ਗਿਆ। ਉਸਨੇ ਫਿਰ ਉਸੇ ਹਥਿਆਰ ਨਾਲ ਹੀ ਬਾਕੀ ਦੇ ਧੜੇ, ਜੋ ਅਕਾਲ ਤਖਤ ਸਰਵਉੱਚ, ਅਕਾਲ ਤਖਤ ਸਰਵਉੱਚ, ਕੂਕਦੇ ਹੁੰਦੇ ਸਨ, ਸਭ ਨਿੱਸਲ ਕਰ ਦਿੱਤੇ। ਕੋਈ ਕੁਸਕਣ ਜੋਗਾ ਨਾ ਛੱਡਿਆ। ਬਾਦਲ 'ਤੇ ਅਕਾਲ ਤਖਤ ਦੀ ਦੁਰਵਰਤੋਂ ਦੇ ਦੋਸ਼ ਲੱਗੇ। ਅਕਾਲ ਤਖਤ ਨੂੰ ਗੈਰ ਸਿਧਾਂਤਕ ਤੌਰ 'ਤੇ ਸਰਵਉੱਚ ਕਹਿ ਕੇ, ਜਥੇਦਾਰ ਨੂੰ ਸਰਵਉੱਚ ਕਹਿਣ ਦੀ ਪਿਰਤ ਬਾਰੇ ਵਿਦਵਾਨਾਂ ਨੇ ਮਹਿਸੂਸ ਤਾਂ ਜ਼ਰੂਰ ਕੀਤਾ ਕਿ ਇਹ ਗਲਤ ਹੋ ਰਿਹਾ ਹੈ, ਪਰ ਇਸ ਆਪ ਸਹੇੜੀ ਮੁਸੀਬਤ ਦਾ ਮੁਨਾਸਿਬ ਹੱਲ ਲੱਭਣ ਲਈ ਬਹੁਤਾ ਕਦੇ ਕੁਝ ਨਾ ਕਰ ਸਕੇ। ਅਸਲ ਵਿਚ ਉਹ ਵੀ ਅਕਾਲ ਤਖਤ ਨੂੰ ਹਥਿਆ ਕੇ ਵਿਰੋਧੀਆਂ ਦੀਆਂ ਰੜਕਾਂ ਕੱਢਣ ਬਾਰੇ ਹੀ ਸੋਚਦੇ ਰਹੇ।'

ਸ. ਹਜ਼ਾਰਾ ਸਿੰਘ ਨੇ ਆਪਣੇ ਇਸ ਅਹਿਮ ਲੇਖ ਦਾ ਤੋੜਾ, ਇਨ੍ਹਾਂ ਸਤਰਾਂ ਨਾਲ਼ ਤੋੜਿਆ ਹੈ: 'ਅਕਾਲੀ ਦਲ ਕਈ ਦਹਾਕਿਆਂ ਤੋਂ ਅਕਾਲ ਤਖਤ ਦੇ ਜਥੇਦਾਰਾਂ ਕੋਲ਼ ਆਪਣੇ ਜਥੇਬੰਦਕ ਮਸਲੇ ਲੈ ਕੇ ਜਾਂਦਾ ਰਿਹਾ ਹੈ, ਪਰ ਉਨ੍ਹਾਂ ਕੋਲ਼ੋਂ ਕਦੇ ਕੋਈ ਸਾਰਥਕ ਹੱਲ ਨਹੀਂ ਹੋਇਆ। ਸ. ਗੁਰਤੇਜ ਸਿੰਘ 1990 ਤੋਂ ਅਕਾਲੀ ਦਲ ਦੀ ਭਰਤੀ ਕਰਕੇ ਲੋਕਤੰਤਰੀ ਅਕਾਲੀ ਦਲ ਬਣਾਉਣ ਦੀ ਗੱਲ ਕਰਦਾ ਆ ਰਿਹਾ ਹੈ, ਪਰ ਟੇਕ ਅਕਾਲ ਤਖਤ 'ਤੇ ਰੱਖੀ ਹੋਣ ਕਾਰਨ ਲੋਕਤੰਤਰੀ ਅਕਾਲੀ ਦਲ ਬਣ ਨਹੀਂ ਸਕਿਆ। ਹੁਣ ਸਿੱਖ ਬੁੱਧੀਜੀਵੀਆਂ, ਵਿਦਵਾਨਾਂ ਅਤੇ ਆਮ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਕਾਲ ਤਖਤ ਦੇ ਜਥੇਦਾਰਾਂ ਰਾਹੀਂ ਜਥੇਬੰਦੀਆਂ ਦੇ ਜਥੇਬੰਦਕ ਮਾਮਲੇ ਨਾ ਹੱਲ ਹੋਏ ਹਨ ਅਤੇ ਨਾ ਹੀ ਹੋਣੇ ਹਨ। ਇਸ ਵਾਸਤੇ ਜਥੇਬੰਦੀਆਂ ਦੇ ਅੰਦਰ ਹੀ ਵਿਵਸਥਾ ਹੋਣੀ ਚਾਹੀਦੀ ਹੈ। ਨਵਾਂ ਅਕਾਲੀ ਦਲ ਵੀ ਅਕਾਲ ਤਖਤ ਦੇ ਜਥੇਦਾਰ ਰਾਹੀਂ ਬਣਵਾਉਣ ਵਾਲੀ ਗੱਲ ਨਾ ਸੰਭਵ ਹੋਈ ਹੈ ਅਤੇ ਨਾ ਹੋਣੀ ਹੈ। ਮੌਜੂਦਾ ਸਮੇਂ ਦਾ ਚੱਲ ਰਿਹਾ ਘਟਨਾ ਚੱਕਰ 'ਰੀਵਾਈਵਲ' ਅਤੇ 'ਸਰਵਾਈਵਲ' ਦਾ ਨਿਰੋਲ ਸਿਆਸੀ ਭੇੜ ਹੈ, ਜਿਸਦਾ ਅਸਲ ਫੈਸਲਾ ਸਿੱਖ ਵਿਰਸੇ ਤੋਂ ਪ੍ਰੇਰਨਾ ਦੇ ਨਾਲ ਪੰਜਾਬ ਦੇ ਪੇਂਡੂ ਗਰੀਬ ਲੋਕ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੀ ਕਰਨਗੀਆਂ, ਨਾ ਕਿ ਸਿੰਘ ਸਾਹਿਬਾਨ।'

ਹਜ਼ਾਰਾ ਸਿੰਘ ਦੀ ਉਪਰਲੀ ਲਿਖਤ ਦੇ ਪ੍ਰਤੀਕਰਮ ਵਿਚ ਸ੍ਰੀ ਅਕਾਲ ਤਖਤ ਦੀ ਸੰਸਥਾ ਦੇ ਪ੍ਰਮੁੱਖ ਸਿਧਾਂਤਕਾਰ ਡਾ. ਬਲਕਾਰ ਸਿੰਘ ਵਲੋਂ 'ਮੀਰੀ-ਪੀਰੀ ਵਿਚ ਉਲਝੀ ਜਥੇਦਾਰੀ ਸੰਸਥਾ' ਸਿਰਲੇਖ ਹੇਠ ਲਿਖਿਆ ਲੇਖ ਇਨ੍ਹਾਂ ਸਤਰਾਂ ਨਾਲ਼ ਸ਼ੁਰੂ ਕੀਤਾ ਹੈ: 'ਫਿਲਮ ਸ਼ੋਅਲੇ ਦੇ ਇੱਕ ਅੰਨ੍ਹੇ ਪਾਤਰ ਨੇ ਡਾਕੂਆਂ ਦੇ ਆਤੰਕਣ ਦੇ ਨਤੀਜੇ ਵਜੋਂ ਪਸਰੀ ਚੁੱਪ ਨੂੰ ਸਵਾਲ ਕੀਤਾ: "ਏਨਾ ਸੰਨਾਟਾ ਕਿਉਂ ਹੈ, ਭਾਈ"? ਏਸੇ ਹੀ ਸੁਰ ਵਿਚ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨੇ ਹਮੀਰ ਸਿੰਘ ਨਾਲ ਕੀਤੀ ਇੰਟਰਵਿਊ ਵਿਚ ਕਿਹਾ ਸੀ ਕਿ ਪੰਜ ਪਿਆਰਿਆਂ ਵਲੋਂ ਦੋ ਦਸੰਬਰ, 2024 ਨੂੰ ਲਏ ਗਏ ਫੈਸਲੇ ਨਾਲ ਕੋਈ ਵੀ ਸੰਤੁਸ਼ਟ ਕਿਉਂ ਨਹੀਂ ਹੈ? ਇਸ ਦਾ ਜਵਾਬ ਹਜ਼ਾਰਾ ਸਿੰਘ ਨੇ ਆਪਣੇ ਉਪਰੋਕਤ ਲੇਖ ਵਿਚ ਸਾਹਮਣੇ ਲਿਆਂਦਾ ਹੈ। ਇਨ੍ਹਾਂ ਹਵਾਲਿਆਂ ਨਾਲ ਮੈਨੂੰ ਜਥੇਦਾਰੀ ਸੰਸਥਾ ਮੀਰੀ-ਪੀਰੀ ਦਾ ਉਲਝਿਆ ਹੋਇਆ ਪ੍ਰਗਟਾਵਾ ਲੱਗ ਰਹੀ ਹੈ...। ਅਕਾਲ ਤਖਤ ਸਾਹਿਬ, ਸਿੱਖ ਸਿਧਾਂਤਕੀ ਹੈ ਅਤੇ ਜਥੇਦਾਰੀ ਸੰਸਥਾ ਏਸੇ ਦਾ ਪ੍ਰਬੰਧਕੀ ਵਰਤਾਰਾ ਹੈ। ਇਸ ਵਾਸਤੇ ਇਹ ਸਮਝਣਾ ਪਵੇਗਾ ਕਿ ਅਕਾਲ ਤਖਤ ਸਾਹਿਬ ਦੀ ਸਿਧਾਂਤਕੀ, ਮੀਰੀ-ਪੀਰੀ ਦੇ ਪ੍ਰਗਟਾਵੇ ਵਜੋਂ ਕਿਉਂ ਤੇ ਕਿਵੇਂ ਸਾਹਮਣੇ ਆਈ? ਮੀਰੀ-ਪੀਰੀ ਨੂੰ ਭਗਤੀ ਤੇ ਸ਼ਕਤੀ ਦੀ ਨਿਰੰਤਰਤਾ ਵਿਚ ਸਮਝਣ ਅਤੇ ਸਮਝਾਉਣ ਦੀ ਥਾਂ ਧਰਮ ਅਤੇ ਸਿਆਸਤ ਨੂੰ ਇੱਕ ਦੂਜੇ ਵਾਸਤੇ ਵਰਤਣ ਦੀ ਸਿਆਸਤ ਮੰਨ ਲਿਆ ਗਿਆ ਹੈ...। ਇਸ ਵੇਲੇ ਸਥਿਤੀ ਇਹ ਬਣੀ ਹੋਈ ਹੈ ਕਿ ਗੁਰਮਤੀ ਨਿਰਭਉ ਦੇ ਵਾਰਸ, ਚੁਫੇਰੇ ਖਿਲਰੇ ਭੈਅ ਵਿਚ ਉਲਝੇ ਹੋਏ ਹਨ। ਸ਼੍ਰੋਮਣੀ ਕਮੇਟੀ, ਅਕਾਲੀ ਦਲ ਦੇ ਭੈਅ ਵਿਚ ਹੈ, ਅਕਾਲੀ ਦਲ, ਅਕਾਲ ਤਖਤ ਦੇ ਭੈਅ ਵਿਚ ਹੈ ਅਤੇ ਅਕਾਲ ਤਖਤ ਨੂੰ ਸ਼੍ਰੋਮਣੀ ਕਮੇਟੀ ਦਾ ਭੈਅ ਸਤਾਈ ਜਾ ਰਿਹਾ ਹੈ। ਅੱਗੇ ਇਹ ਤਿੰਨੇ



ਜਥੇਦਾਰ ਰਘਬੀਰ ਸਿੰਘ



ਜਗਤਾਰ ਸਿੰਘ



ਜਤਿੰਦਰ ਪੰਨੂ

ਸੰਸਥਾਵਾਂ ਸੰਗਤ ਤੋਂ ਡਰੀ ਜਾ ਰਹੀਆਂ ਹਨ।'

ਦੋਹਾਂ ਲੇਖਾਂ ਵਿਚ ਵਿਦਵਾਨ ਸੱਜਣਾਂ ਵਲੋਂ



ਸੁਖਬੀਰ ਸਿੰਘ ਬਾਦਲ

ਲਿਖੇ ਵਿਚਾਰਾਂ ਤੋਂ ਸਥਿਤੀ ਤਾਂ ਬੇਸ਼ੱਕ ਕਾਫੀ ਸਪੱਸ਼ਟ ਹੋ ਜਾਂਦੀ ਹੈ, ਪਰ ਅਜਿਹੀ ਸਥਿਤੀ ਵਾਰ-ਵਾਰ ਕਿਉਂ ਬਣ ਰਹੀ ਹੈ? ਸਿੱਖ ਵਿਦਵਾਨਾਂ, ਬੁੱਧੀਜੀਵੀਨੁਮਾ ਪੱਤਰਕਾਰਾਂ ਵਿਚ ਇਨਾ ਗਹਿਰਾ ਭੰਬਲ਼ਭੂਸਾ ਕਿਉਂ ਬਣਿਆ ਰਹਿੰਦਾ ਹੈ? ਇਸ ਵਰਤਾਰੇ ਬਾਰੇ ਜਾਨਣ ਲਈ ਪਿਛਲੇ ਕੁਝ ਦਹਾਕਿਆਂ ਵਿਚ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਦੀ ਪੜਚੋਲ ਕਰਨ ਤੋਂ ਪਹਿਲਾਂ, ਪਿਛਲੀ ਅੱਧੀ ਸਦੀ ਤੋਂ ਅਕਾਲੀ ਸਿਆਸਤ ਅਤੇ ਸ੍ਰੀ ਅਕਾਲ ਤਖਤ ਵਿਚ ਵਾਰ-ਵਾਰ ਪੈ ਰਹੀ ਉਲਝਣ 'ਤੇ ਪੰਛੀ ਝਾਤ ਮਾਰ ਲਈ ਜਾਵੇ ਤਾਂ ਬੇਹਤਰ ਰਹੇਗਾ।

ਅਕਾਲ ਤਖਤ ਦੇ ਮੌਜੂਦਾ ਸਿਸਟਮ ਦੀ ਸ਼ੁਰੂਆਤ 1978 ਦੇ ਨਿਰੰਕਾਰੀਆਂ ਖ਼ਿਲਾਫ ਹੁਕਮਨਾਮੇ ਨਾਲ਼ ਹੁੰਦੀ ਹੈ। 1925 ਦੇ ਗੁਰਦੁਆਰਾ ਐਕਟ ਤੋਂ ਬਾਅਦ ਹੋਂਦ 'ਚ ਆਈ ਅਕਾਲ ਤਖਤ ਦੀ ਸੰਸਥਾ ਦਾ 1978 ਤੱਕ ਕੋਈ ਅਹਿਮ ਰੋਲ ਸਾਹਮਣੇ ਨਹੀਂ ਆਉਂਦਾ। ਉਸ ਤੋਂ ਬਾਅਦ ਅਕਾਲ ਤਖਤ ਦਾ ਰੋਲ ਉਦੋਂ ਸ਼ੁਰੂ ਹੁੰਦਾ ਹੈ, ਜਦੋਂ 1977 ਵਿਚ ਸਪੱਸ਼ਟ ਬਹੁਮਤ ਨਾਲ਼ ਪੰਜਾਬ ਵਿਚ ਪਹਿਲੀ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲ਼ੀ ਅਕਾਲੀ ਸਰਕਾਰ ਬਣੀ ਤਾਂ ਸਰਕਾਰ ਬਣਨ ਤੋਂ ਸਾਲ ਬਾਅਦ ਹੀ ਅਕਾਲੀਆਂ ਨੇ ਆਪਸ ਵਿਚ ਲੜਨਾ ਸ਼ੁਰੂ ਕਰ ਦਿੱਤਾ। ਇਸ ਕਾਟੋ-ਕਲੇਸ਼ ਦੀ ਸਿਖਰ ਉਦੋਂ ਹੋਈ, ਜਦੋਂ ਜਥੇਦਾਰ ਟੌਹੜਾ ਅਤੇ ਜਥੇਦਾਰ ਤਲਵੰਡੀ ਨੇ ਪੰਜਾਬ ਦੇ ਗਵਰਨਰ ਨੂੰ ਮੈਮੋਰੰਡਮ ਦੇ ਦਿੱਤਾ ਕਿ ਬਾਦਲ ਦੀ ਭ੍ਰਿਸ਼ਟ ਸਰਕਾਰ ਭੰਗ ਕਰ ਦਿੱਤੀ ਜਾਵੇ। ਉਸ ਤੋਂ ਬਾਅਦ ਅਕਾਲੀ ਲੀਡਰਸ਼ਿਪ ਵਿਚ ਸਪੱਸ਼ਟ ਫੁੱਟ ਪੈ ਗਈ। ਜਿਸਦਾ ਵਿਸਥਾਰ ਸ਼੍ਰੋਮਣੀ ਕਮੇਟੀ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਦੇ ਸਾਬਕਾ ਸੰਪਾਦਕ ਰੂਪ ਸਿੰਘ ਦੀ ਕਿਤਾਬ 'ਹੁਕਮਨਾਮੇ ਆਦੇਸ਼ ਸੰਦੇਸ਼...ਸ੍ਰੀ ਅਕਾਲ ਤਖ਼ਤ ਸਾਹਿਬ' ਵਿਚੋਂ ਮਿਲਦਾ ਹੈ। ਉਹ ਇਸ ਕਿਤਾਬ ਦੇ ਪੰਨਾ 79 'ਤੇ ਲਿਖਦੇ ਹਨ: 'ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਚੱਲ ਰਹੀ ਅਕਾਲੀ ਸਰਕਾਰ ਵਿਰੁੱਧ ਬਗਾਵਤ ਕਰਦੇ ਹੋਏ 27 ਸਤੰਬਰ, 1979 ਨੂੰ ਆਪਣੇ ਅਸਤੀਫੇ ਦੇ ਦਿੱਤੇ ਤਾਂ ਇਸ ਪੰਥਕ ਸੰਕਟ ਨੂੰ ਹੱਲ ਕਰਨ ਲਈ ਪੰਜ ਸਿੰਘ ਸਾਹਿਬਾਨ ਨੇ 6 ਅਕਤੂਬਰ, 1979 ਨੂੰ ਉਸੇ ਤਰ੍ਹਾਂ ਦਾ ਇੱਕ ਰਾਜਨੀਤਕ ਫੈਸਲਾ ਸੁਣਾਇਆ ਸੀ, ਜਿਸ ਤਰ੍ਹਾਂ ਦਾ ਹੁਣ 2 ਦਸੰਬਰ, 2024 ਨੂੰ ਸੁਣਾਇਆ ਗਿਆ ਸੀ। ਜਿਸ ਵਿਚ ਦੋਨਾਂ ਧੜਿਆਂ ਵਲੋਂ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਲਈ ਸੱਦੀਆਂ ਮੀਟਿੰਗਾਂ ਰੱਦ ਕਰ ਦਿੱਤੀਆਂ ਗਈਆਂ। 1 ਸਤੰਬਰ, 1979 ਨੂੰ ਅਕਾਲੀ ਦਲ ਵਿਚੋਂ ਕੱਢੇ ਲੀਡਰਾਂ, ਅਹੁਦੇਦਾਰਾਂ, ਜਥੇਦਾਰਾਂ ਨੂੰ ਬਹਾਲ ਕਰਨ ਦਾ ਹੁਕਮ ਜਾਰੀ ਕੀਤਾ ਗਿਆ। 1980 ਦੀਆਂ ਲੋਕ ਸਭਾ ਚੋਣਾਂ ਇਕੱਠੇ ਹੋ ਕੇ ਲੜਨ ਦਾ ਹੁਕਮ ਕੀਤਾ ਗਿਆ। ਜਥੇਦਾਰ ਤਲਵੰਡੀ ਤੇ ਜਥੇਦਾਰ ਟੌਹੜਾ ਨੂੰ ਅਸਤੀਫੇ ਵਾਪਿਸ ਲੈਣ ਲਈ ਕਿਹਾ ਗਿਆ।' ਇਹ ਕਹਾਣੀ ਬੜੀ ਲੰਬੀ ਹੈ ਕਿ ਕਿਵੇਂ ਜਥੇਦਾਰਾਂ ਦੇ ਉਨ੍ਹਾਂ ਹੁਕਮਾਂ ਦੀਆਂ ਅਕਾਲੀ ਲੀਡਰਾਂ ਨੇ ਧੱਜੀਆਂ ਉਡਾਈਆਂ। ਕਿਸੇ ਨੇ ਕੋਈ ਹੁਕਮ ਨਹੀਂ ਮੰਨਿਆ।'

2 ਦਸੰਬਰ, 2024 ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸੁਣਾਏ ਫੈਸਲੇ ਤੋਂ ਬਾਅਦ, ਜਿਸ ਤਰ੍ਹਾਂ ਸਾਡੇ ਕੁਝ ਪੱਤਰਕਾਰਾਂ ਅਤੇ ਵਿਦਵਾਨਾਂ ਤੋਂ ਖੁਸ਼ੀ ਸਾਂਭੀ ਨਹੀਂ ਜਾ ਰਹੀ ਸੀ ਕਿ ਜਥੇਦਾਰਾਂ ਨੇ ਪਹਿਲੀ ਵਾਰ ਅਕਾਲੀ ਫੂਲਾ ਸਿੰਘ ਬਣ ਕੇ ਇਤਿਹਾਸਕ ਫੈਸਲੇ ਕੀਤੇ ਹਨ। ਇਹੋ ਬੁੱਧੀਜੀਵੀ ਅਗਲੇ ਕੁਝ ਦਿਨਾਂ ਲਈ ਨਿਰਾਸ਼ਾ ਦੇ ਆਲਮ 'ਚ ਡੁੱਬੇ ਮਹਿਸੂਸ ਕਰਦੇ ਰਹੇ। ਉਨ੍ਹਾਂ ਅਨੁਸਾਰ ਕਿਸੇ ਅਕਾਲੀ ਲੀਡਰ ਨੇ ਕੋਈ ਹੁਕਮ ਨਹੀਂ ਮੰਨਿਆ, ਸਿਵਾਏ ਧਾਰਮਿਕ ਸਜ਼ਾ ਪੂਰੀ ਕਰਨ ਦੇ। ਅਸਲ ਵਿਚ ਅਕਾਲੀ ਲੀਡਰਸ਼ਿਪ ਵਲੋਂ ਸ਼੍ਰੋਮਣੀ ਕਮੇਟੀ ਰਾਹੀਂ ਤਖਤਾਂ ਦੇ ਜਥੇਦਾਰਾਂ ਨੂੰ ਆਪਣੇ ਹਿੱਤਾਂ ਅਨੁਸਾਰ ਵਰਤਣ ਦਾ ਇੱਕ ਲੰਬਾ ਇਤਿਹਾਸ ਹੈ। ਜਦੋਂ ਜਥੇਦਾਰ ਇਨ੍ਹਾਂ ਅਨੁਸਾਰ ਨਹੀਂ ਚੱਲਦੇ ਤਾਂ ਉਨ੍ਹਾਂ ਨੂੰ ਬੇਇੱਜ਼ਤ ਕਰ ਕੇ ਬਾਹਰ ਕੱਢਣ ਦਾ ਵਰਤਾਰਾ ਵੀ ਨਾਲ਼ੋ-ਨਾਲ਼ ਲਗਾਤਾਰ ਚੱਲਦਾ ਰਿਹਾ ਹੈ। ਵੈਸੇ ਤਾਂ ਇਹ ਵਰਤਾਰਾ 1961-62 ਵਿਚ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਹੋਰਾਂ ਦੇ ਮਰਨ ਵਰਤਾਂ ਤੋਂ ਸ਼ੁਰੂ ਹੋ ਚੁੱਕਾ ਸੀ। ਪਰ 1978 ਤੋਂ ਹੁਣ ਤੱਕ ਤਕਰੀਬਨ 50 ਸਾਲ ਦਾ ਇੱਕ ਲੰਬਾ ਇਤਿਹਾਸ ਹੈ। ਇਸ ਸਾਰੇ ਵਰਤਾਰੇ ਵਿਚ ਨਰਮ ਖਿਆਲੀ ਤੇ ਗਰਮ ਖਿਆਲੀ ਧੜਿਆਂ ਦਾ ਜ਼ੋਰ ਲੱਗਾ ਰਿਹਾ ਹੈ ਕਿ ਕੌਣ ਅਕਾਲ ਤਖਤ ਸਮੇਤ ਸਾਰੇ ਤਖਤਾਂ ਦੇ ਜਥੇਦਾਰਾਂ ਨੂੰ 'ਸਿਰਮੌਰ' ਬਣਾ ਕੇ ਆਪਣੇ ਹਿੱਤਾਂ ਅਨੁਸਾਰ ਵਿਰੋਧੀਆਂ ਨੂੰ ਚਿੱਤ ਕਰਨ ਲਈ ਵਰਤ ਸਕੇ। ਅਕਾਲੀਆਂ ਦੇ ਆਪਸੀ ਕਲੇਸ਼ ਅਤੇ ਫਿਰ ਖਾੜਕੂ ਧੜਿਆਂ ਦੀ ਅਗਵਾਈ ਕਰ ਰਹੇ ਸੰਤ ਭਿੰਡਰਾਂਵਾਲ਼ਿਆਂ ਵਿਚ ਚੱਲੇ ਵਿਵਾਦ ਨੇ ਸਥਿਤੀਆਂ ਨੂੰ ਜੂਨ, 1984 ਦੇ ਮੰਦਭਾਗੇ ਵਰਤਾਰਿਆਂ ਤੱਕ ਪਹੁੰਚਾਇਆ, ਪਰ ਅਕਾਲੀ ਲੀਡਰਸ਼ਿਪ ਨੇ ਕਦੇ ਕੋਈ ਸਬਕ ਸਿੱਖ ਕੇ ਸਿਸਟਮ ਦਰੁਸਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਇਸ ਸਾਰੇ ਵਰਤਾਰੇ ਨੂੰ ਸਮਝਣ ਲਈ ਕੁਝ ਘਟਨਾਵਾਂ ਦਾ ਜ਼ਿਕਰ ਮਹੱਤਵਪੂਰਨ ਹੈ। ਸਿੱਖ ਪੰਥ ਵਿਚਲੇ ਗਰਮ-ਖਿਆਲੀ ਪੰਥਕ ਧੜੇ ਅਕਸਰ ਇਹ ਪ੍ਰਚਾਰ ਕਰਦੇ ਹਨ ਕਿ ਰਵਾਇਤੀ ਅਕਾਲੀ ਸਾਡੀ ਇਸ ਮਹਾਨ ਸੰਸਥਾ ਅਕਾਲ ਤਖਤ ਅਤੇ ਉਸਦੇ ਜਥੇਦਾਰਾਂ ਨੂੰ ਟਿੱਚ ਨਹੀਂ ਸਮਝਦੇ। ਇਸ ਮਾਮਲੇ ਵਿਚ ਗਰਮ ਖਿਆਲੀ ਧਿਰਾਂ ਵੀ ਕੋਈ ਘੱਟ ਨਹੀਂ। ਜੇ ਤਾਕਤ ਉਨ੍ਹਾਂ ਦੇ ਹੱਥ ਵਿਚ ਹੋਵੇ ਤਾਂ ਉਹ ਕੀ ਕਰ ਸਕਦੇ ਹਨ, ਇਸਦਾ ਅੰਦਾਜ਼ਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਦੀ ਕਿਤਾਬ 'ਜੂਨ, 84: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ' ਦੇ ਪੰਨਾ 57 ਤੋਂ ਲੱਗਦਾ ਹੈ: 'ਦਮਦਮੀ ਟਕਸਾਲ ਦੇ ਖਾੜਕੂ ਸਿੰਘਾਂ ਨੇ 26 ਜਨਵਰੀ, 1986 ਨੂੰ ਅਕਾਲ ਤਖਤ ਸਾਹਿਬ 'ਤੇ ਸੱਦੇ 'ਸਰਬੱਤ ਖਾਲਸਾ' ਵਿਚ ਮਤਾ ਪਾਸ ਕਰ ਕੇ ਅਕਾਲ ਤਖਤ ਸਾਹਿਬ ਦੇ ਉਸ ਵਕਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੂੰ ਨਾ ਸਿਰਫ ਜਥੇਦਾਰੀ ਤੋਂ ਹਟਾ ਦਿੱਤਾ, ਸਗੋਂ ਪੰਥ ਵਿਚੋਂ ਵੀ ਛੇਕ ਦਿੱਤਾ ਅਤੇ ਉਸਦੀ ਜਗ੍ਹਾ ਸੰਤ ਭਿੰਡਰਾਂਵਾਲ਼ਿਆਂ ਦੇ ਭਤੀਜੇ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖਤ ਦਾ ਨਵਾਂ ਜਥੇਦਾਰ ਨਿਯੁਕਤ ਕਰ ਦਿੱਤਾ। ਉਨ੍ਹਾਂ ਦੇ ਜੇਲ੍ਹ 'ਚ ਹੋਣ ਕਾਰਨ ਟਕਸਾਲ ਵਿਚੋਂ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਐਕਟਿੰਗ ਜਥੇਦਾਰ ਲਗਾ ਦਿੱਤਾ। ਇਸੇ ਤਰ੍ਹਾਂ ਬਾਕੀ ਤਖਤਾਂ ਦੇ ਜਥੇਦਾਰ ਵੀ ਹਟਾ ਦਿੱਤੇ ਗਏ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਭੰਗ ਕਰ ਦਿੱਤਾ ਗਿਆ।'

ਖਾੜਕੂਆਂ ਦੇ ਸਰਬੱਤ ਖਾਲਸੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਾਲ਼ੇ ਪੰਜ ਸਿੰਘ ਸਾਹਿਬਾਨ ਨੇ ਵਿਧੀਬੱਧ ਢੰਗ ਅਨੁਸਾਰ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਦੇ ਸਹਿਯੋਗ ਨਾਲ਼ 16 ਫਰਵਰੀ, 1986 ਨੂੰ ਆਨੰਦਪੁਰ ਸਾਹਿਬ ਇੱਕ ਸਰਬੱਤ ਖਾਲਸਾ ਸੱਦਿਆ। ਜਿਸ ਵਿਚ ਇੱਕ ਅਹਿਮ ਮਤਾ ਪਾਸ ਕਰਕੇ ਦਰਬਾਰ ਸਾਹਿਬ ਕੰਪਲੈਕਸ ਨੂੰ 'ਤੱਤੇ ਅਨਸਰਾਂ' ਤੋਂ ਮੁਕਤ ਕਰਾਉਣ ਲਈ ਬਰਨਾ਼ਲਾ ਸਰਕਾਰ ਨੂੰ ਆਦੇਸ਼ ਦਿੱਤਾ ਗਿਆ। ਇਸ ਮਤੇ 'ਤੇ ਬਰਨਾਲਾ ਸਰਕਾਰ ਕੋਈ ਕਾਰਵਾਈ ਕਰਦੀ, ਇਸ ਤੋਂ ਪਹਿਲਾਂ ਹੀ 29 ਅਪਰੈਲ, 1986 ਨੂੰ ਪੰਥਕ ਕਮੇਟੀ ਨੇ ਆਪਣੇ ਤੌਰ 'ਤੇ ਦਰਬਾਰ ਸਾਹਿਬ ਅੰਦਰੋਂ ਸਿੱਖ ਪੰਥ ਵਲੋਂ ਭਾਰਤ ਤੋਂ ਵੱਖਰਾ ਸਿੱਖ ਦੇਸ਼ 'ਖਾਲਿਸਤਾਨ ਬਣਾਉਣ ਦਾ ਐਲਾਨ' ਕਰ ਦਿੱਤਾ ਅਤੇ ਆਪ ਉਥੋਂ ਖਿਸਕ ਗਏ। ਪੰਥਕ ਕਮੇਟੀ ਦੀ ਇਸ ਵੱਡੀ ਭੜਕਾਹਟ ਵਾਲ਼ੀ ਕਾਰਵਾਈ ਤੋਂ ਬਾਅਦ ਕੇਂਦਰ ਸਰਕਾਰ ਦਾ ਬਰਨਾਲਾ ਸਰਕਾਰ 'ਤੇ ਖਾੜਕੂਆਂ ਖ਼ਿਲਾਫ ਕਾਰਵਾਈ ਕਰਨ ਲਈ ਭਾਰੀ ਦਬਾਅ ਸੀ, ਪਰ ਬਰਨਾ਼ਲਾ ਸਾਹਿਬ ਦਰਬਾਰ ਸਾਹਿਬ ਵਿਚ ਅਜਿਹੀ ਕੋਈ ਸਖਤ ਕਾਰਵਾਈ ਨਹੀਂ ਕਰਨੀ ਚਾਹੁੰਦਾ ਸੀ, ਜਿਸ ਨਾਲ਼ ਕਿਸੇ ਤਰ੍ਹਾਂ ਦੀ ਬੇਅਦਬੀ ਦਾ ਦੋਸ਼ ਉਸ ਉਪਰ ਆਏ। ਪਰ ਅਖੀਰ ਬਰਨਾ਼ਲਾ ਸਰਕਾਰ ਨੇ 30 ਅਪਰੈਲ, 1986 ਨੂੰ ਦਰਬਾਰ ਸਾਹਿਬ ਅੰਦਰ ਪੁਲਿਸ ਭੇਜਣ ਦਾ ਫੈਸਲਾ ਕਰ ਲਿਆ। ਪੁਲਿਸ ਵਲੋਂ ਇਹ ਕਾਰਵਾਈ ਅਜਿਹੇ ਢੰਗ ਨਾਲ਼ ਕੀਤੀ ਗਈ ਕਿ ਸਾਰਾ ਕੁਝ ਬਿਨਾ ਖੂਨ-ਖਰਾਬੇ ਦੇ ਜਥੇਦਾਰ ਕਾਉਂਕੇ ਸਮੇਤ 150-200 ਖਾੜਕੂਆਂ ਨੂੰ ਗ੍ਰਿਫਤਾਰ ਕਰਨ ਦੇ ਨਾਲ਼ ਸਮਾਪਤ ਹੋ ਗਿਆ। ਚਾਹੀਦਾ ਤਾਂ ਇਹ ਸੀ ਕਿ ਸਰਬੱਤ ਖਾਲਸਾ ਦੇ ਆਦੇਸ਼ਾਂ ਅਨੁਸਾਰ ਸਾਰੀ ਅਕਾਲੀ ਲੀਡਰਸ਼ਿਪ ਅਤੇ ਸ਼੍ਰੋਮਣੀ ਕਮੇਟੀ, ਬਰਨਾ਼ਲਾ ਸਰਕਾਰ ਦੇ ਨਾਲ਼ ਖੜ੍ਹਦੀ, ਪਰ 2 ਮਈ, 1986 ਨੂੰ ਸ. ਬਾਦਲ, ਟੌਹੜਾ, ਸੁਖਜਿੰਦਰ ਸਿੰਘ ਆਦਿ ਵੱਡੇ ਲੀਡਰਾਂ ਨੇ ਗੈਰ-ਜ਼ਿੰਮੇਵਾਰਨਾ ਢੰਗ ਨਾ਼ਲ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ ਅਸਤੀਫੇ ਦੇ ਕੇ ਬਰਨਾ਼ਲਾ ਸਰਕਾਰ ਨੂੰ ਕਾਂਗਰਸ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਅਤੇ ਫਿਰ ਕੁਝ ਦਿਨਾਂ ਬਾਅਦ 8 ਮਈ, 1986 ਨੂੰ ਆਪਣੇ ਧੜੇ ਨਾਲ਼ ਸਬੰਧਤ 27 ਵਿਧਾਇਕਾਂ ਤੋਂ ਅਸਤੀਫੇ ਦਿਵਾ ਦਿੱਤੇ। ਜਿਸ ਨਾ਼ਲ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੋ-ਫਾੜ ਹੋ ਗਏ। ਇੱਥੇ ਇੱਕ ਹੋਰ ਹਾਸੋ-ਹੀਣੀ ਘਟਨਾ ਵਾਪਰੀ ਕਿ ਜਿਨ੍ਹਾਂ ਪੰਜ ਸਿੰਘ ਸਾਹਿਬਾਨ ਨੇ ਸਰਬੱਤ ਖਾਲਸਾ ਸੱਦ ਕੇ ਮਤਾ ਪਾਸ ਕਰਵਾਇਆ ਸੀ ਕਿ 'ਖਾੜਕੂਆਂ ਦੀਆਂ ਦਹਿਸ਼ਤੀ ਕਾਰਵਾਈਆਂ' ਖ਼ਿਲਾਫ ਬਰਨਾ਼ਲਾ ਸਰਕਾਰ ਸਖਤ ਐਕਸ਼ਨ ਲਵੇ, ਉਹ ਵੀ ਆਪਣੇ ਫੈਸਲੇ ਤੋਂ ਪਿਛਾਂਹ ਹਟ ਗਏ ਅਤੇ ਉਨ੍ਹਾਂ ਨੇ ਬਾਦਲ-ਟੌਹੜਾ ਦਲ ਦੇ ਹਿੱਤਾਂ ਅਨੁਸਾਰ ਦਰਬਾਰ ਸਾਹਿਬ ਦੀ ਪੁਲਿਸ ਭੇਜ ਕੇ ਕੀਤੀ ਬੇਅਦਬੀ ਦੇ ਦੋਸ਼ ਵਿਚ 15 ਮਈ, 1986 ਨੂੰ ਸੁਰਜੀਤ ਸਿੰਘ ਬਰਨਾ਼ਲਾ ਨੂੰ ਅਕਾਲ ਤਖਤ 'ਤੇ ਤਲਬ ਕਰ ਕੇ ਸਰਕਾਰ ਲਈ ਧਰਮ ਸੰਕਟ ਖੜ੍ਹਾ ਕਰ ਦਿੱਤਾ। ਪਰ ਸ. ਬਰਨਾਲਾ ਸਿਆਣਪ ਵਰਤਦਿਆਂ ਦੋ ਦਿਨਾਂ ਬਾਅਦ ਹੀ ਪੇਸ਼ ਹੋ ਗਏ ਤਾਂ 17 ਮਈ, 1986 ਨੂੰ ਉਨ੍ਹਾਂ ਨੂੰ ਧਾਰਮਿਕ ਸਜ਼ਾ ਸੁਣਾਈ ਗਈ, ਜੋ ਉਨ੍ਹਾਂ ਪ੍ਰਵਾਨ ਕਰ ਲਈ।

ਪਰ ਇਸ ਸਭ ਦੇ ਬਾਵਜੂਦ ਬਾਦਲ-ਟੌਹੜਾ ਧੜੇ ਬਰਨਾ਼ਲਾ ਸਰਕਾਰ ਡੇਗਣ ਲਈ ਤਰਲੋਮੱਛੀ ਹੋ ਰਹੇ ਸਨ। ਜਥੇਦਾਰ ਟੌਹੜਾ ਵਲੋਂ ਅਸਤੀਫਾ ਦੇਣ ਕਾਰਨ ਜਥੇਦਾਰ ਕਾਬਲ ਸਿੰਘ ਦੇ ਸ਼੍ਰੋਮਣੀ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਕਮੇਟੀ ਪ੍ਰਧਾਨ ਬਣਨ ਨਾਲ਼ ਪ੍ਰਬੰਧ ਬਰਨਾਲ਼ਾ ਹੱਥ ਆ ਗਿਆ ਸੀ। ਜਿਸ ਦੌਰਾਨ 16 ਸਤੰਬਰ, 1986 ਨੂੰ ਇੱਕ ਵਾਰ ਫਿਰ ਅਕਾਲੀਆਂ ਵਿਚ ਏਕਤਾ ਕਰਾਉਣ ਲਈ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਅਪੀਲ ਕੀਤੀ ਗਈ: 'ਸਾਰੇ ਅਕਾਲੀ ਧੜੇ ਆਪਣੇ ਮੱਤਭੇਦ ਭੁਲਾ ਕੇ ਪੰਥ ਦੀ ਚੜ੍ਹਦੀ ਕਲਾ, ਪੰਜਾਬ ਅਤੇ ਸਿੱਖਾਂ ਦੇ ਭਲੇ ਲਈ ਆਪਣੀਆਂ ਖ਼ੁਦਗਰਜੀਆਂ ਤਿਆਗ ਕੇ ਇਕੱਠੇ ਹੋ ਜਾਣ।' ਇਸ ਅਪੀਲ ਦਾ ਕਿਸੇ ਅਕਾਲੀ ਧੜੇ 'ਤੇ ਕੋਈ ਅਸਰ ਨਾ ਹੋਇਆ। ਇਸਦੇ ਉਲਟ ਜਦੋਂ ਬਹੁਤ ਸਾਰੇ ਅਕਾਲੀ ਲੀਡਰ ਬਰਨਾਲ਼ਾ ਗਰੁੱਪ ਛੱਡ ਕੇ ਬਾਦਲ-ਟੌਹੜਾ ਨਾਲ਼ ਆ ਰਲ਼ੇ ਤਾਂ 30 ਨਵੰਬਰ, 1986 ਨੂੰ ਟੌਹੜਾ-ਬਾਦਲ ਗਰੁੱਪ ਨੇ ਬਰਨਾਲ਼ਾ ਗਰੁੱਪ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਾਬਲ ਸਿੰਘ ਨੂੰ ਹਰਾ ਕੇ ਨਵੰਬਰ, 1986 ਵਿਚ ਟੌਹੜਾ ਨੂੰ ਦੁਬਾਰਾ ਪ੍ਰਧਾਨ ਚੁਣ ਲਿਆ। ਨਤੀਜੇ ਵਜੋਂ ਸ਼੍ਰੋਮਣੀ ਕਮੇਟੀ ਵਲੋਂ ਦਰਬਾਰ ਸਾਹਿਬ ਵਿਚੋਂ ਖਾੜਕੂ ਕਾਰਵਾਈਆਂ ਰੋਕਣ ਲਈ ਬਰਨਾਲ਼ਾ ਸਰਕਾਰ ਵਲੋਂ ਲਗਾਈ ਗਈ ਟਾਸਕ ਫੋਰਸ ਭੰਗ ਕਰ ਦਿੱਤੀ ਗਈ। ਜਿਸਨੇ ਖਾੜਕੂਆਂ ਲਈ ਦਰਬਾਰ ਸਾਹਿਬ 'ਤੇ ਕਬਜ਼ੇ ਦਾ ਰਾਹ ਦੁਬਾਰਾ ਪੱਧਰਾ ਕਰ ਦਿੱਤਾ। ਜਿਸ ਕਾਰਨ 1987-88 ਦੌਰਾਨ ਦਰਬਾਰ ਸਾਹਿਬ ਇੱਕ ਵਾਰ ਫਿਰ ਖਾੜਕੂ ਕਾਰਵਈਆਂ ਦਾ ਕੇਂਦਰ ਬਣ ਗਿਆ। ਜਥੇਦਾਰ ਟੌਹੜਾ ਨੇ ਖਾੜਕੂਆਂ ਦੇ ਦਬਾਅ ਹੇਠ ਬਿਨਾਂ ਕਿਸੇ ਦੀ ਰਾਏ ਲੈਣ ਦੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਤੋਂ ਜ਼ਬਰਦਸਤੀ ਅਸਤੀਫਾ ਲੈ ਕੇ 24 ਦਸੰਬਰ, 1986 ਨੂੰ ਪ੍ਰੋ. ਦਰਸ਼ਨ ਸਿੰਘ ਨੂੰ ਨਵਾਂ ਐਕਟਿੰਗ ਜਥੇਦਾਰ ਨਿਯੁਕਤ ਕਰ ਦਿੱਤਾ। ਜਦਕਿ ਉਨ੍ਹਾਂ ਨੂੰ ਪਤਾ ਸੀ ਕਿ ਉਹ ਜੂਨ, 1984 ਤੋਂ ਆਪਣੇ ਕੀਰਤਨਾਂ ਰਾਹੀਂ ਨੌਜਵਾਨਾਂ ਦੇ ਜਜ਼ਬਾਤਾਂ ਨੂੰ ਤਾਈ ਰੱਖਣ ਲਈ ਕੋਈ ਕਸਰ ਨਹੀਂ ਛੱਡ ਰਿਹਾ ਸੀ। ਇਸੇ ਦੌਰਾਨ ਟੌਹੜਾ ਸਾਹਿਬ ਨੇ ਖਾੜਕੂਆਂ ਦੇ ਦਬਾਅ ਹੇਠ 23 ਜਨਵਰੀ, 1987 ਨੂੰ ਤਖਤ ਕੇਸਗੜ੍ਹ ਆਨੰਦਪੁਰ ਸਾਹਿਬ ਅਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਵਲੋਂ ਥਾਪੇ ਸਾਰੇ ਜਥੇਦਾਰ ਹਟਾ ਕੇ ਦਮਦਮੀ ਟਕਸਾਲ ਵਲੋਂ ਥਾਪੇ ਜਥੇਦਾਰਾਂ ਨੂੰ ਮਾਨਤਾ ਦੇ ਦਿੱਤੀ ਤਾਂ ਕਿ ਬਰਨਾਲ਼ਾ ਸਰਕਾਰ ਤੋੜਨ ਲਈ ਰਾਹ ਪੱਧਰਾ ਹੋ ਸਕੇ। (ਪੁਸਤਕ: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 111-117)

ਇਸ ਤੋਂ ਬਾਅਦ ਜਥੇਦਾਰਾਂ ਦੇ ਰੋਲ ਦਾ ਇੱਕ ਹੋਰ ਨਵਾਂ ਚੈਪਟਰ ਸ਼ੁਰੂ ਹੁੰਦਾ ਹੈ, ਜਦੋਂ ਪ੍ਰੋ. ਦਰਸ਼ਨ ਸਿੰਘ ਨੇ ਖੁਦ ਹੀ 'ਬੇਲੋੜੀ' ਕਾਰਵਾਈ ਕਰਦਿਆਂ ਆਦੇਸ਼ ਜਾਰੀ ਕਰ ਦਿੱਤਾ ਕਿ ਸਾਰੇ ਅਕਾਲੀ ਧੜੇ ਭੰਗ ਕਰਕੇ ਅਸਤੀਫੇ ਅਕਾਲ ਤਖਤ 'ਤੇ ਭੇਜ ਦਿੱਤੇ ਜਾਣ। ਇਸ ਹੁਕਮ ਤੋਂ ਬਾਅਦ ਬਾਦਲ-ਟੌਹੜਾ, ਸੰਤ ਭਿੰਡਰਾਂਵਾਲ਼ਿਆਂ ਦੇ ਪਿਤਾ ਬਾਬਾ ਜੁਗਿੰਦਰ ਸਿੰਘ ਅਤੇ ਹੋਰ ਛੋਟੇ-ਮੋਟੇ ਧੜਿਆਂ ਨੇ ਆਪਣੇ ਧੜੇ ਭੰਗ ਕਰ ਕੇ ਅਸਤੀਫੇ ਭੇਜ ਦਿੱਤੇ। ਪਰ ਬਰਨਾਲ਼ਾ ਨੇ ਆਪਣਾ ਧੜਾ ਭੰਗ ਨਹੀਂ ਕੀਤਾ। ਉਸ ਲਈ ਵੱਡਾ ਧਰਮ-ਸੰਕਟ ਖੜਾ ਹੋ ਗਿਆ ਕਿ ਉਹ ਆਪਣਾ ਅਕਾਲੀ ਦਲ ਭੰਗ ਕਰ ਕੇ ਮੁੱਖ ਮੰਤਰੀ ਰਹਿ ਸਕੇਗਾ ਜਾਂ ਉਸਦੀ ਸਰਕਾਰ ਕਿਵੇਂ ਚੱਲੇਗੀ? ਜਿਸ ਬਾਰੇ ਜਥੇਦਾਰਾਂ ਸ਼ਾਇਦ ਗੰਭੀਰਤਾ ਨਾਲ਼ ਵਿਚਾਰ ਨਹੀਂ ਕੀਤੀ ਸੀ। ਪ੍ਰੋ. ਦਰਸ਼ਨ ਸਿੰਘ ਨੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਇੱਕ ਨਵਾਂ ਅਕਾਲੀ ਦਲ ਬਣਾ ਦਿੱਤਾ ਅਤੇ 9 ਫਰਵਰੀ, 1987 ਨੂੰ ਸੁਰਜੀਤ ਸਿੰਘ ਬਰਨਾਲ਼ਾ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਅਤੇ ਉਸਦਾ ਪੱਖ ਸੁਣੇ ਬਿਨਾਂ ਹੀ ਦੋ ਦਿਨ ਬਾਅਦ 11 ਫਰਵਰੀ, 1987 ਨੂੰ ਉਸਨੂੰ ਪੰਥ ਵਿਚੋਂ ਛੇਕ ਦਿੱਤਾ। ਦੂਜੇ ਪਾਸੇ ਖਾੜਕੂਆਂ ਨੇ ਦਰਬਾਰ ਸਾਹਿਬ ਵਿਚੋਂ ਸ਼੍ਰੋਮਣੀ ਕਮੇਟੀ ਮੁਲਾਜ਼ਮ ਭਜਾਉਣੇ ਸ਼ੁਰੂ ਕਰ ਦਿੱਤੇ ਅਤੇ ਗੰਨ ਦੀ ਨੋਕ 'ਤੇ 800 ਤੋਂ ਵੱਧ ਆਪਣੇ ਵਿਅਕਤੀ ਸ਼੍ਰੋਮਣੀ ਕਮੇਟੀ ਮੁਲਾਜ਼ਮ ਲਗਵਾ ਲਏ। ਦਰਬਾਰ ਸਾਹਿਬ ਅਤੇ ਪੰਜਾਬ ਵਿਚ ਵਧ ਰਹੀਆਂ ਖਾੜਕੂ ਕਾਰਵਾਈਆਂ ਕਾਰਨ ਕੇਂਦਰ ਸਰਕਾਰ ਨੇ 11 ਮਈ, 1987 ਨੂੰ ਬਰਨਾਲ਼ਾ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। (ਪੁਸਤਕ: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 118)

ਇਸ ਦੌਰਾਨ ਪ੍ਰੋ. ਦਰਸ਼ਨ ਸਿੰਘ ਨੇ ਪੰਜ ਸਿੰਘ ਸਾਹਿਬਾਨ ਵਲੋਂ 4 ਅਗਸਤ, 1987 ਨੂੰ ਸਿੱਖ ਕੌਮ ਦਾ ਰਾਜਸੀ ਨਿਸ਼ਾਨ ਮਿਥਣ ਲਈ 'ਵਰਲਡ ਸਿੱਖ ਕਨਵੈਨਸ਼ਨ' ਬੁਲਾ ਲਈ। ਸਵੇਰ ਤੋਂ ਚੱਲ ਰਹੇ ਇਸ ਇਕੱਠ ਵਿਚ ਕੋਈ ਫੈਸਲਾ ਨਹੀਂ ਹੋ ਰਿਹਾ ਸੀ, ਅਤੇ ਹਰ ਕੋਈ ਆਪੋ-ਆਪਣੇ ਘੋੜੇ ਭਜਾਈ ਜਾ ਰਿਹਾ ਸੀ। ਪ੍ਰੋ. ਦਰਸ਼ਨ ਸਿੰਘ ਨੂੰ ਕਮਲ ਪਿਆ ਹੋਇਆ ਸੀ ਤੇ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਇਸ ਆਪ ਸਹੇੜੀ ਬਿਪਤਾ ਵਿਚੋਂ ਬਾਹਰ ਨਿਕਲੇ ਤਾਂ ਕਿੰਜ ਨਿਕਲੇ। ਇਸ ਦੌਰਾਨ ਦੁਪਹਿਰੇ ਤਿੰਨ ਕੁ ਵਜੇ ਸੰਤ ਭਿੰਡਰਾਂਵਾਲ਼ਿਆਂ ਦੇ ਸਿਆਸੀ ਸਲਾਹਕਾਰ ਤੇ ਸਾਬਕਾ ਕਾਮਰੇਡ ਦਲਬੀਰ ਸਿੰਘ ਨੇ ਇੱਕ ਪਰਚੀ ਪ੍ਰੋ. ਸਾਹਿਬ ਨੂੰ ਭੇਜੀ, ਜਿਸ ਵਿਚ ਲਿਖਿਆ ਹੋਇਆ ਸੀ ਕਿ ਸਿੱਖਾਂ ਦਾ ਰਾਜਸੀ ਨਿਸ਼ਾਨਾ 'ਉਤਰੀ ਭਾਰਤ ਵਿਚ ਸਿੱਖਾਂ ਲਈ ਇੱਕ ਵੱਖਰਾ ਖਿੱਤਾ ਬਣਾਇਆ ਜਾਵੇ' ਕਹਿ ਦਿਉ। ਇਸ ਤਰ੍ਹਾਂ ਪਰਚੀ ਪੜ੍ਹ ਕੇ ਜਥੇਦਾਰ ਸਾਹਿਬ ਨੂੰ ਸੁਖ ਦਾ ਸਾਹ ਆਉਂਦਾ ਲੱਗਾ। ਉਨ੍ਹਾਂ ਨੇ ਕਾਹਲ਼ੀ ਨਾਲ ਉਸੇ ਵਕਤ ਰਾਜਸੀ ਨਿਸ਼ਾਨੇ, 'ਸਿੱਖਾਂ ਲਈ ਉਤਰੀ ਭਾਰਤ ਵਿਚ ਇੱਕ ਅਲੱਗ ਵੱਖਰਾ ਖਿੱਤਾ ਬਣਾਇਆ ਜਾਵੇ' ਦਾ ਮਤਾ ਪਾਸ ਕਰ ਦਿੱਤਾ। ਜਿਸਦਾ ਖਾੜਕੂਆਂ ਵਲੋਂ ਵਿਰੋਧ ਕੀਤਾ ਗਿਆ। ਉਹ ਖਾਲਿਸਤਾਨ ਤੋਂ ਬਿਨਾਂ ਕੋਈ ਵੀ ਗੱਲ ਸੁਣਨ ਲਈ ਤਿਆਰ ਨਹੀਂ ਸਨ। ਪ੍ਰੋ. ਦਰਸ਼ਨ ਸਿੰਘ ਆਪਣੀ ਜਾਨ ਬਚਾਅ ਕੇ ਉਥੋਂ ਖਿਸਕ ਗਏ ਅਤੇ ਖਾੜਕੂਆਂ ਦੀਆਂ ਧਮਕੀਆਂ ਤੋਂ ਡਰਦਿਆਂ ਅਕਾਲ ਤਖਤ ਛੱਡ ਕੇ ਜ਼ੀਰਕਪੁਰ ਜਾ ਡੇਰੇ ਲਾਏ ਅਤੇ ਜਥੇਦਾਰ ਦੀਆਂ ਸੇਵਾਵਾਂ ਨਿਭਾਉਣੀਆਂ ਛੱਡ ਦਿੱਤੀਆਂ। ਇਸ ਤੋਂ ਬਾਅਦ ਪੁਲਿਸ ਦੇ ਦਬਾਅ ਅਧੀਨ ਬਹੁਤੇ ਖਾੜਕੂ ਦਰਬਾਰ ਸਾਹਿਬ ਅੰਦਰੋਂ ਬੈਠ ਕੇ 1984 ਤੋਂ ਪਹਿਲਾਂ ਵਾਂਗ ਆਪਣੀਆਂ ਕਾਰਵਾਈਆਂ ਚਲਾਉਣ ਲੱਗੇ। (ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 123-129)

ਪ੍ਰੋ. ਦਰਸ਼ਨ ਸਿੰਘ ਦੇ ਅਸਤੀਫੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ 8 ਮਾਰਚ, 1988 ਨੂੰ ਖਾੜਕੂਆਂ ਵਲੋਂ ਥਾਪੇ ਭਾਈ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਮਾਨਤਾ ਦੇ ਦਿੱਤੀ ਗਈ। ਜਥੇਦਾਰ ਟੌਹੜਾ ਅਤੇ ਸ਼੍ਰੋਮਣੀ ਕਮੇਟੀ ਦੀ ਵਿਡੰਬਨਾ ਦੇਖੋ ਕਿ ਜਿਸ ਸਰਬੱਤ ਖਾਲਸਾ ਨੇ ਭਾਈ ਜਸਬੀਰ ਸਿੰਘ ਨੂੰ ਜਥੇਦਾਰ ਬਣਾ ਕੇ ਅਤੇ ਸ਼੍ਰੋਮਣੀ ਕਮੇਟੀ ਨੂੰ ਭੰਗ ਕਰਕੇ ਪੰਥਕ ਕਮੇਟੀ ਬਣਾ ਦਿੱਤੀ ਸੀ, ਉਨ੍ਹਾਂ ਦੇ ਹੀ ਜਥੇਦਾਰਾਂ ਨੂੰ ਮਾਨਤਾ ਦੇ ਦਿੱਤੀ ਗਈ। ਸਰਕਾਰ ਨੇ ਜਿਸ ਮਕਸਦ ਨੂੰ ਲੈ ਕੇ ਭਾਈ ਜਸਬੀਰ ਸਿੰਘ ਨੂੰ ਖਾਲਿਸਤਾਨ ਦੀ ਥਾਂ 'ਸਿੱਖਾਂ ਲਈ ਪੂਰਨ ਅਜ਼ਾਦੀ' ਦਾ ਨਾਹਰਾ ਦੇ ਕੇ ਜੇਲ੍ਹੋਂ ਤੋਰਿਆ ਸੀ, ਉਹ ਖਾੜਕੂਆਂ ਨੇ ਸਿਰੇ ਨਾ ਚੜ੍ਹਨ ਦਿੱਤਾ। ਉਨ੍ਹਾਂ ਦਿਨਾਂ ਵਿਚ ਹੀ 9 ਮਈ, 1988 ਨੂੰ ਦਰਬਾਰ ਸਾਹਿਬ ਅੰਦਰ ਲੁਕੇ ਖਾੜਕੂਆਂ ਖ਼ਿਲਾਫ ਪੁਲਿਸ ਵਲੋਂ 'ਬਲੈਕ ਥੰਡਰ' ਕਾਰਵਾਈ ਕੀਤੀ ਗਈ। ਭਾਈ ਜਸਬੀਰ ਸਿੰਘ ਨੂੰ ਪੁਲਿਸ ਨੇ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਸੀ। ਸ਼੍ਰੋਮਣੀ ਕਮੇਟੀ ਨੇ ਫਿਰ ਨਵਾਂ ਪੈਂਤੜਾ ਲੈਂਦੇ ਹੋਏ, ਆਪਣੀ 30 ਮਈ, 1988 ਦੀ ਮੀਟਿੰਗ ਵਿਚ ਜਥੇਦਾਰ ਹਰਚਰਨ ਸਿੰਘ ਦਿੱਲੀ ਨੂੰ ਅਕਾਲ ਤਖਤ ਦੇ ਨਵੇਂ ਜਥੇਦਾਰ ਸਮੇਤ ਦਮਦਮੀ ਟਕਸਾਲ ਦੇ ਬਾਕੀ ਜਥੇਦਾਰ ਵੀ ਬਦਲ ਦਿੱਤੇ। ਬੇਸ਼ੱਕ ਸਾਰੀ ਲੀਡਰਸ਼ਿਪ ਖਾੜਕੂਆਂ ਦੇ ਭੈਅ ਵਿਚ ਵਿਚਰ ਰਹੀ ਸੀ, ਫਿਰ ਵੀ ਉਨ੍ਹਾਂ ਹਿੰਮਤ ਕਰ ਕੇ 13 ਅਗਸਤ, 1988 ਨੂੰ ਪ੍ਰੋ. ਦਰਸ਼ਨ ਸਿੰਘ ਨੂੰ ਦੁਬਾਰਾ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਕਿਉਂਕਿ ਹਰਚਰਨ ਸਿੰਘ ਨੇ ਸਿਹਤ ਖਰਾਬ ਦਾ ਬਹਾਨਾ ਕਰਕੇ ਅਹੁਦਾ ਨਹੀਂ ਸੰਭਾਲ਼ਿਆ ਸੀ। 28 ਮਾਰਚ, 1990 ਨੂੰ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਵਿਚ ਲੀਡਰਾਂ ਵਲੋਂ ਇੱਕ ਦੂਜੇ ਨਾਲ਼ ਗਾਲ਼ੀ-ਗਲੋਚ ਤੇ ਧੱਕਾ-ਮੁੱਕੀ ਕਰਨ 'ਤੇ ਪ੍ਰੋ. ਦਰਸ਼ਨ ਸਿੰਘ ਨੇ ਗੁਰੂ ਦੀ ਹਜ਼ੂਰੀ ਵਿਚ ਅਜਿਹਾ ਕਰਨ ਤੋਂ ਰੋਕਿਆ। ਜਥੇਦਾਰ ਟੌਹੜਾ ਨੇ ਪ੍ਰੋ. ਦਰਸ਼ਨ ਸਿੰਘ ਦੀਆਂ ਇਛਾਵਾਂ ਅਨੁਸਾਰ ਖਰੂਦ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਜ਼ਬਤ ਵਿਚ ਲਿਆਉਣ ਦੀ ਕੋਸ਼ਿਸ਼ ਕਰਨ ਦੀ ਥਾਂ ਇਹ ਕਹਿ ਠੱਪਣ ਦੀ 'ਗੁਸਤਾਖੀ' ਕੀਤੀ ਕਿ ਜਥੇਦਾਰ ਸਾਹਿਬ ਤੁਸੀਂ ਸ਼ਾਂਤ ਰਹਿ ਕੇ ਸਾਰੀ ਕਾਰਵਾਈ ਦੇਖਦੇ ਰਹੋ…। ਕੀ ਤੁਹਾਨੂੰ ਸਿੱਖ ਰਹਿਤ ਮਰਿਯਾਦਾ ਦਾ ਸਾਡੇ ਨਾਲ਼ੋਂ ਵੱਧ ਪਤਾ ਹੈ? ਇਸ ਗਰਮ ਮਾਹੌਲ ਵਿਚ ਪ੍ਰੋ. ਦਰਸ਼ਨ ਸਿੰਘ ਅਸਤੀਫਾ ਦੇ ਕੇ ਮੀਟਿੰਗ ਤੋਂ ਵਾਕ ਆਊਟ ਕਰ ਗਏ। 9 ਜੂਨ, 1990 ਨੂੰ ਉਨ੍ਹਾਂ ਦੀ ਥਾਂ ਨਿਰੰਕਾਰੀ ਮੁਖੀ ਕਤਲ ਕਾਂਡ ਵਿਚ ਉਮਰ ਕੈਦ ਭੁਗਤ ਰਹੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਰਿਹਾਈ ਤੱਕ ਪ੍ਰੋ. ਮਨਜੀਤ ਸਿੰਘ ਨੂੰ ਐਕਟਿੰਗ ਜਥੇਦਾਰ ਬਣਾ ਦਿੱਤਾ ਗਿਆ। (ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 176-178)

ਪ੍ਰੋ. ਦਰਸ਼ਨ ਸਿੰਘ ਤੋਂ ਬਾਅਦ ਅਕਾਲੀਆਂ ਵਿਚ ਏਕਤਾ ਦਾ ਨਵਾਂ ਦੌਰ ਪ੍ਰੋ. ਮਨਜੀਤ ਸਿੰਘ ਦੇ ਜਥੇਦਾਰ ਬਣਨ ਨਾਲ਼ ਸ਼ੁਰੂ ਹੋਇਆ। ਇਹ ਉਹ ਦੌਰ ਸੀ, ਜਦੋਂ ਖਾੜਕੂਵਾਦ ਖਤਮ ਹੋ ਗਿਆ ਸੀ। ਰਵਾਇਤੀ ਅਕਾਲੀ ਲੀਡਰਸ਼ਿਪ ਦੁਬਾਰਾ ਰਾਜਸੀ ਪਿੜ੍ਹ ਵਿਚ ਜ਼ੋਰ ਅਜ਼ਮਾਈ ਕਰ ਰਹੀ ਸੀ। ਇੱਕ ਮਾਡਰੇਟ ਲੀਡਰ ਵਜੋਂ ਪ੍ਰਕਾਸ਼ ਸਿੰਘ ਬਾਦਲ ਦੇ ਧੜੇ ਦਾ ਉਭਾਰ ਹੋ ਰਿਹਾ ਸੀ। ਜਿਸ ਤੋਂ ਜਥੇਦਾਰ ਟੌਹੜਾ, ਸਿਮਰਨਜੀਤ ਸਿੰਘ ਮਾਨ, ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਛੋਟੇ-ਮੋਟੇ ਗਰਮ ਖਿਆਲੀ ਧੜੇ ਭੈਅ-ਭੀਤ ਹੋ ਰਹੇ ਸਨ। ਸਾਰੇ ਧੜੇ ਬਾਦਲ ਦੀ ਵਧਦੀ ਤਾਕਤ ਨੂੰ ਰੋਕਣਾ ਚਾਹੁੰਦੇ ਸਨ। ਪ੍ਰੋ. ਮਨਜੀਤ ਸਿੰਘ ਵਲੋਂ 13 ਅਪਰੈਲ, 1994 ਨੂੰ ਵਿਸਾਖੀ ਮੌਕੇ ਤਖਤ ਦਮਦਮਾ ਸਾਹਿਬ ਸੱਦੇ ਇੱਕ ਸਿੱਖ ਸੰਮੇਲਨ ਵਿਚ ਬਾਦਲ ਵਿਰੋਧੀ ਲੀਡਰਾਂ ਨੇ ਇੱਕ ਨਵਾਂ ਪੈਂਤੜਾ ਖੇਡਦਿਆਂ ਪ੍ਰੋ. ਸਾਹਿਬ ਨੂੰ ਅਪੀਲ ਕੀਤੀ ਕਿ ਉਹ ਦਖਲ ਦੇ ਕੇ ਸਾਰੇ ਅਕਾਲੀ ਧੜਿਆਂ ਨੂੰ ਇਕੱਠੇ ਕਰਨ। ਪ੍ਰੋ. ਸਾਹਿਬ ਨੇ ਕਿਹਾ ਕਿ ਜੇ ਤੁਸੀਂ ਲਿਖ ਕੇ ਦਿਓ ਤਾਂ ਅਸੀਂ ਦਖਲ ਦੇ ਸਕਦੇ ਹਾਂ। ਬਾਦਲ ਵਿਰੋਧੀ ਸਾਰੇ ਲੀਡਰਾਂ ਨੇ ਉਥੇ ਹੀ ਅਸਤੀਫੇ ਸੌਂਪ ਦਿੱਤੇ। ਬਾਦਲ ਨੇ ਮਜਬੂਰੀ ਵੱਸ ਇੱਕ ਖਾਲੀ ਪਰਚੀ 'ਤੇ ਦਸਤਖਤ ਕਰ ਕੇ ਫੜਾ ਦਿੱਤੇ, ਪਰ ਅਸਤੀਫਾ ਨਾ ਦਿੱਤਾ। ਮਈ 12, 1994 ਨੂੰ ਅਕਾਲ ਤਖਤ ਵਲੋਂ ਸਾਰੇ ਦਲਾਂ ਦਾ ਸਾਂਝਾ ਅਕਾਲੀ ਦਲ ਅੰਮ੍ਰਿਤਸਰ ਬਣਾ ਦਿੱਤਾ ਗਿਆ। ਪ੍ਰੋ. ਮਨਜੀਤ ਸਿੰਘ ਨੇ ਸਿੱਖਾਂ ਲਈ ਰਾਜਸੀ ਨਿਸ਼ਾਨਾ ਖਾਲਿਸਤਾਨ ਦੀ ਥਾਂ 'ਅੰਮ੍ਰਿਤਸਰ ਦਾ ਐਲਾਨਾਮਾ' ਰੱਖ ਲਿਆ। ਪਰ ਜਥੇਦਾਰਾਂ ਵਲੋਂ ਅਕਾਲੀਆਂ ਨੂੰ ਇਕੱਠੇ ਕਰਨ ਦੀ ਇਹ ਗੈਰ-ਸਿਧਾਂਤਕ ਕੋਸ਼ਿਸ਼ ਵੀ ਸਿਰੇ ਨਾ ਚੜ੍ਹੀ। ਇਸ ਸਬੰਧੀ ਸਿੱਖ ਵਿਦਵਾਨ ਅਜਮੇਰ ਸਿੰਘ ਨੇ 'ਅਜੀਤ' ਅਖ਼ਬਾਰ ਵਿਚ ਬਾਦਲ ਦਲ ਦੇ ਹੱਕ ਵਿਚ ਲੇਖਾਂ ਦੀ ਝੜੀ ਲਗਾ ਦਿੱਤੀ। ਬੇਸ਼ੱਕ ਅਜਮੇਰ ਸਿੰਘ ਨਾਲ਼ ਸਾਡੇ ਅਨੇਕਾਂ ਸਿਧਾਂਤਕ ਮੱਤਭੇਦ ਹਨ। ਪਰ ਉਹ ਆਰਟੀਕਲ ਪੜ੍ਹ ਕੇ ਪਤਾ ਲੱਗਦਾ ਹੈ ਕਿ ਅਜਮੇਰ ਸਿੰਘ ਨੇ ਸਿਧਾਂਤਕ ਪੱਖ ਤੋਂ ਉਸ ਵਕਤ ਠੀਕ ਸਟੈਂਡ ਲਿਆ ਸੀ। ਸ਼ਾਇਦ ਉਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਦੋਂ ਤੱਕ ਉਹ ਖਾੜਕੂ ਧਿਰਾਂ ਦੇ ਬੁਲਾਰੇ ਨਹੀਂ ਬਣੇ ਸਨ। ਜਲਦੀ ਹੀ ਸਾਰੇ ਧੜੇ ਹੌਲ਼ੀ-ਹੌਲ਼ੀ ਬਿਖਰ ਗਏ। ਅਗਲੇ ਦੋ ਸਾਲਾਂ ਵਿਚ ਅਕਾਲ ਤਖਤ ਤੋਂ ਬਾਗੀ ਹੋਇਆ ਬਾਦਲ ਧੜਾ ਸਭ ਤੋਂ ਮਜ਼ਬੂਤ ਹੋ ਕੇ ਨਿਕਲਿਆ।

ਜਥੇਦਾਰਾਂ ਵਲੋਂ ਸਿੱਖ ਸਿਆਸਤ ਵਿਚ ਦਖਲ-ਅੰਦਾਜ਼ੀ ਅਤੇ ਆਪਣੀ ਸਰਦਾਰੀ ਕਾਇਮ ਕਰਨ ਦਾ ਇੱਕ ਹੋਰ ਦੌਰ ਭਾਈ ਰਣਜੀਤ ਸਿੰਘ ਦੇ 12 ਅਕਤੂਬਰ, 1996 ਨੂੰ ਜੇਲ੍ਹ 'ਚੋਂ ਰਿਹਾਅ ਹੋ ਕੇ ਜਥੇਦਾਰ ਦਾ ਅਹੁਦਾ ਸੰਭਾਲਣ ਨਾਲ਼ ਸ਼ੁਰੂ ਹੁੰਦਾ ਹੈ। ਜਿਸਨੇ ਆਪਣੇ ਥੋੜ੍ਹੇ ਜਿਹੇ ਵਕਤ ਵਿਚ ਹੁਕਮਨਾਮੇ ਜਾਰੀ ਕਰਨ ਦੇ ਸਾਰੇ ਰਿਕਾਰਡ ਤੋੜ ਦਿੱਤੇ। ਇੱਥੋਂ ਤੱਕ ਕਿ ਉਸਨੇ ਪ੍ਰਚੱਲਤ ਪੰਚ ਪ੍ਰਧਾਨੀ ਪ੍ਰੰਪਰਾ ਭਾਵ ਪੰਜ ਸਿੰਘ ਸਾਹਿਬਾਨ ਵਲੋਂ ਹੁਕਮਨਾਮੇ ਜਾਰੀ ਕਰਨ ਨੂੰ ਰੱਦ ਕਰ ਕੇ ਇਕੱਲੇ ਨੇ ਆਪਣੇ ਦਸਤਖਤਾਂ ਹੇਠ ਹੁਕਮਨਾਮੇ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਸਨ। ਉਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਬਣਾਇਆ ਸੀ ਅਤੇ ਜਥੇਦਾਰ ਸਿਰਫ ਅਕਾਲ ਤਖਤ ਦਾ ਹੁੰਦਾ ਹੈ, ਬਾਕੀ ਤਖਤ ਤਾਂ ਸਿੱਖਾਂ ਨੇ ਬਾਅਦ ਵਿਚ ਬਣਾਏ ਸਨ। ਉਸਦਾ ਪੰਜ ਪ੍ਰਧਾਨੀ ਪ੍ਰੰਪਰਾ ਨਾਲ਼ ਕੋਈ ਸਬੰਧ ਨਹੀਂ। ਉਸ ਵਲੋਂ ਅਨੇਕਾਂ ਵਿਵਾਦਤ ਹੁਕਮਨਾਮੇ ਜਾਰੀ ਕੀਤੇ ਗਏ, ਜਿਨ੍ਹਾਂ ਵਿਚੋਂ ਲੰਗਰ ਨੂੰ ਤੱਪੜਾਂ 'ਤੇ ਬੈਠ ਕੇ ਛਕਣ ਅਤੇ ਵਿਆਹ ਮੈਰਿਜ ਪੈਲੇਸਾਂ ਵਿਚ ਨਾ ਕਰਨ ਬਾਰੇ ਸੀ। ਦੋਨਾਂ ਹੁਕਮਨਾਮਿਆਂ ਦਾ ਖਮਿਆਜ਼ਾ ਸਿੱਖ 25 ਸਾਲ ਬਾਅਦ ਵੀ ਦੁਨੀਆਂ ਭਰ 'ਚ ਭੁਗਤ ਰਹੇ ਹਨ। ਜਿਸ ਤਰ੍ਹਾਂ ਜਥੇਦਾਰਾਂ ਨੂੰ ਵਰਤ ਕੇ 1985 ਵਿਚ ਬਣੀ ਸੁਰਜੀਤ ਸਿੰਘ ਬਰਨਾਲ਼ਾ ਦੀ ਅਕਾਲੀ ਸਰਕਾਰ ਤੋੜਨ ਦੀਆਂ ਕੋਸ਼ਿਸ਼ਾਂ ਬਾਦਲ-ਟੌਹੜਾ ਨੇ ਰਲ਼ ਕੇ ਕੀਤੀਆਂ ਸਨ। ਕੁਝ ਇਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਜਥੇਦਾਰ ਟੌਹੜਾ ਵਲੋਂ 1997 ਵਿਚ ਬਣੀ ਬਾਦਲ ਸਰਕਾਰ ਵਿਰੁੱਧ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਵਾਰ ਬਾਦਲ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਸਿਰੇ ਚੜ੍ਹਨ ਤੋਂ ਰੋਕਣ ਲਈ ਟੌਹੜਾ ਖ਼ਿਲਾਫ ਸਖਤ ਐਕਸ਼ਨ ਦੇ ਰੌਅ ਵਿਚ ਸੀ। ਉਸੇ ਸਮੇਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਜਥੇਦਾਰ ਟੌਹੜਾ ਖ਼ਿਲਾਫ ਵੋਟਾਂ ਮੰਗਣ ਲਈ ਨਿਰੰਕਾਰੀ ਭਵਨ ਜਾਣ ਦਾ ਮੁੱਦਾ ਅਕਾਲ ਤਖਤ ਅੱਗੇ ਪੇਸ਼ ਕਰ ਦਿੱਤਾ। ਜਿਸਨੂੰ ਭਾਈ ਰਣਜੀਤ ਸਿੰਘ ਨੇ ਆਪਣੇ ਸਾਥੀ ਜਥੇਦਾਰਾਂ ਨੂੰ ਭਰੋਸੇ 'ਚ ਲਏ ਬਗੈਰ ਹੀ ਗੈਰ ਤਸੱਲੀਬਖਸ਼ ਢੰਗ ਨਾਲ਼ ਫੋਟੋਆਂ ਨਕਲੀ ਕਹਿ ਕੇ ਟੌਹੜਾ ਸਾਹਿਬ ਨੂੰ ਸਾਫ ਬਰੀ ਕਰ ਦਿੱਤਾ। ਪਰ ਬਾਦਲ-ਟੌਹੜਾ ਵਿਚ ਦੂਰੀਆਂ ਵਧਦੀਆਂ ਜਾ ਰਹੀਆਂ ਸਨ। ਇਸ ਤੋਂ ਪਹਿਲਾਂ ਕਿ ਬਾਦਲ ਕੋਈ ਕਾਰਵਾਈ ਕਰਦਾ, ਜਥੇਦਾਰ ਟੌਹੜਾ ਨੇ 31 ਦਸੰਬਰ, 1998 ਨੂੰ ਭਾਈ ਰਣਜੀਤ ਸਿੰਘ ਤੋਂ ਬਾਦਲ-ਟੌਹੜਾ ਨੂੰ ਆਪਣੀ ਲੜਾਈ ਖਾਲਸੇ ਦੀ ਤੀਜੀ ਸ਼ਤਾਬਦੀ ਤੱਕ ਅੱਗੇ ਪਾਉਣ ਦਾ ਹੁਕਮ ਜਾਰੀ ਕਰਵਾ ਦਿੱਤਾ। ਜਿਸਨੂੰ ਬਾਦਲ ਧੜਾ ਮੰਨਣ ਲਈ ਤਿਆਰ ਨਹੀਂ ਸੀ। ਜਿਸਦਾ ਅਕਾਲੀ ਅਤੇ ਸ਼੍ਰੋਮਣੀ ਕਮੇਟੀ ਲੀਡਰਸ਼ਿਪ ਦੇ ਨਾਲ਼-ਨਾਲ਼ ਦੋ ਤਖਤਾਂ ਦੇ ਜਥੇਦਾਰਾਂ ਪ੍ਰੋ. ਮਨਜੀਤ ਸਿੰਘ ਅਤੇ ਗਿਆਨੀ ਕੇਵਲ ਸਿੰਘ ਨੇ ਵੀ ਵਿਰੋਧ ਕੀਤਾ। ਇਸੇ ਦੌਰਾਨ ਭਾਈ ਰਣਜੀਤ ਸਿੰਘ ਨੇ 25 ਜਨਵਰੀ, 1999 ਨੂੰ ਤਖਤ ਕੇਸਗੜ੍ਹ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਅਤੇ ਰੋਜ਼ਾਨਾ ਅਜੀਤ ਅਖ਼ਬਾਰ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਨੂੰ ਤਲਬ ਕਰ ਲਿਆ। 1 ਫਰਵਰੀ, 1999 ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਭਾਈ ਰਣਜੀਤ ਸਿੰਘ ਅਤੇ ਜਥੇਦਾਰ ਟੌਹੜਾ ਤੋਂ ਅਸਤੀਫੇ ਦੀ ਮੰਗ ਕੀਤੀ ਗਈ। ਅਜਿਹੇ ਵਿਚ ਸਥਿਤੀ ਹੱਥੋਂ ਨਿਕਲਦੀ ਦੇਖ ਬਾਦਲ ਧੜੇ ਵਲੋਂ 11 ਫਰਵਰੀ, 1999 ਨੂੰ ਭਾਈ ਰਣਜੀਤ ਸਿੰਘ ਨੂੰ ਜਥੇਦਾਰੀ ਤੋਂ ਮੁਅੱਤਲ ਕਰ ਕੇ ਗਿਆਨੀ ਪੂਰਨ ਸਿੰਘ ਨੂੰ ਜਥੇਦਾਰ ਥਾਪ ਦਿੱਤਾ ਗਿਆ। ਉਸ ਤੋਂ ਬਾਅਦ ਜਥੇਦਾਰ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਹਟਾ ਕੇ 22 ਮਾਰਚ, 1999 ਨੂੰ ਬੀਬੀ ਜਗੀਰ ਕੌਰ ਨੂੰ ਨਵਾਂ ਪ੍ਰਧਾਨ ਥਾਪ ਦਿੱਤਾ।

ਬਾਦਲ ਧੜੇ ਨੂੰ ਖਾਲਸਾ ਸ਼ਤਾਬਦੀ ਮੌਕੇ ਭਾਈ ਰਣਜੀਤ ਸਿੰਘ ਅਤੇ ਜਥੇਦਾਰ ਟੌਹੜਾ ਨੂੰ ਬਾਹਰ ਦਾ ਰਸਤਾ ਦਿਖਾ ਕੇ ਕੁਝ ਰਾਹਤ ਮਿਲ ਗਈ ਸੀ ਅਤੇ ਉਨ੍ਹਾਂ ਆਪਣੀ ਮਰਜ਼ੀ ਅਨੁਸਾਰ ਸ਼ਤਾਬਦੀ ਸਮਾਗਮ ਕੀਤੇ। ਪਰ ਕੁਝ ਮਹੀਨਿਆਂ ਵਿਚ ਹੀ ਬੀਬੀ ਜਗੀਰ ਕੌਰ ਅਤੇ ਗਿਆਨੀ ਪੂਰਨ ਸਿੰਘ ਉਨ੍ਹਾਂ ਲਈ ਨਵੀਂ ਮੁਸੀਬਤ ਬਣ ਗਏ। ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਵਲੋਂ 1998 ਵਿਚ ਪਾਸ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦਾ ਫੈਸਲਾ ਕਰ ਲਿਆ, ਜੋ ਗਿਆਨੀ ਪੂਰਨ ਸਿੰਘ, ਦਮਦਮੀ ਟਕਸਾਲ, ਸੰਤ ਸਮਾਜ ਨੂੰ ਮਨਜ਼ੂਰ ਨਹੀਂ ਸੀ। ਅਜਿਹੀਆਂ ਅਫਵਾਹਾਂ ਚੱਲ ਰਹੀਆਂ ਸਨ ਕਿ ਬੀਬੀ ਜਗੀਰ ਕੌਰ ਗਿਆਨੀ ਪੂਰਨ ਸਿੰਘ ਨੂੰ ਜਥੇਦਾਰੀ ਤੋਂ ਹਟਾ ਦੇਵੇਗੀ? ਇਸ ਤੋਂ ਪਹਿਲਾਂ ਕਿ ਬੀਬੀ ਜਗੀਰ ਕੌਰ ਅਜਿਹਾ ਕਦਮ ਚੁੱਕਦੀ, ਗਿਆਨੀ ਪੂਰਨ ਸਿੰਘ ਨੇ ਇਕੱਲੇ ਤੌਰ 'ਤੇ ਮੱਧ ਪ੍ਰਦੇਸ਼ ਦੇ ਗੂਨਾ ਸ਼ਹਿਰ ਤੋਂ 25 ਜਨਵਰੀ, 2000 ਨੂੰ ਫੈਕਸ ਰਾਹੀਂ ਹੁਕਮਨਾਮਾ ਜਾਰੀ ਕਰਕੇ ਬੀਬੀ ਜਗੀਰ ਕੌਰ, 3 ਜਥੇਦਾਰਾਂ, ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੇ 5 ਮੈਂਬਰਾਂ ਨੂੰ ਪੰਥ ਵਿਚੋਂ ਛੇਕਣ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ 'ਤੇ ਪਾਬੰਦੀ ਲਾ ਦਿੱਤੀ। ਬੀਬੀ ਨੇ ਪੂਰਨ ਸਿੰਘ ਦਾ ਹੁਕਮਨਾਮਾ (ਫੈਕਸਨਾਮਾ) ਮੰਨਣ ਤੋਂ ਇਨਕਾਰ ਕਰਕੇ ਬਾਕੀ 4 ਸਿੰਘ ਸਾਹਿਬਾਨ ਤੋਂ ਬਿਆਨ ਜਾਰੀ ਕਰਵਾ ਦਿੱਤਾ ਕਿ ਗਿਆਨੀ ਪੂਰਨ ਸਿੰਘ ਦਾ ਹੁਕਮਨਾਮਾ ਸਿੱਖ ਮਰਿਯਾਦਾ ਦੇ ਉਲਟ ਹੈ। ਅਜਿਹੀ ਸਥਿਤੀ ਵਿਚੋਂ ਨਿਕਲਣ ਲਈ ਸ਼੍ਰੋਮਣੀ ਕਮੇਟੀ ਵਲੋਂ 28 ਮਾਰਚ, 2000 ਨੂੰ ਗਿਆਨੀ ਪੂਰਨ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਅਤੇ ਗਿਆਨੀ ਜੁਗਿੰਦਰ ਸਿੰਘ ਵੇਦਾਂਤੀ ਨੂੰ ਨਵਾਂ ਜਥੇਦਾਰ ਥਾਪ ਦਿੱਤਾ। ਜਥੇਦਾਰ ਵੇਦਾਂਤੀ ਨੇ ਪੰਜ ਸਿੰਘ ਸਾਹਿਬਾਨ ਦੀ ਆਪਣੀ 29 ਮਾਰਚ, 2000 ਦੀ ਪਹਿਲੀ ਮੀਟਿੰਗ ਵਿਚ ਗਿਆਨੀ ਪੂਰਨ ਸਿੰਘ ਵਲੋਂ ਬੀਬੀ ਜਗੀਰ ਕੌਰ ਨੂੰ ਪੰਥ ਵਿਚੋਂ ਛੇਕਣ ਸਮੇਤ ਸਾਰੇ ਹੁਕਮਨਾਮੇ ਰੱਦ ਕਰ ਦਿੱਤੇ। ਇਸ ਤੋਂ ਪਹਿਲਾਂ ਗਿਆਨੀ ਪੂਰਨ ਸਿੰਘ ਰਾਹੀਂ ਭਾਈ ਰਣਜੀਤ ਸਿੰਘ ਵਲੋਂ ਜਾਰੀ ਕੁਝ ਹੁਕਮਨਾਮੇ ਵੀ ਰੱਦ ਕੀਤੇ ਗਏ ਸਨ, ਜੋ ਬਾਦਲ ਧੜੇ ਨੂੰ ਰਾਸ ਨਹੀਂ ਆਉਂਦੇ ਸਨ, ਜਿਨ੍ਹਾਂ ਵਿਚ 'ਅਜੀਤ' ਦੇ ਸੰਪਾਦਕ ਬਰਜਿੰਦਰ ਸਿੰਘ ਨੂੰ ਅਕਾਲ ਤਖਤ 'ਤੇ ਤਲਬ ਕਰਨ ਦਾ ਹੁਕਮਨਾਮਾ ਪ੍ਰਮੁੱਖ ਸੀ। ਇਸੇ ਮੀਟਿੰਗ ਵਿਚ ਜਥੇਦਾਰ ਵੇਦਾਂਤੀ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਹਦਾਇਤ ਵੀ ਕੀਤੀ ਸੀ: 'ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲ਼ੇ ਮਾਹਰਾਂ ਦੀ ਕਮੇਟੀ ਬਣਾ ਕੇ ਤਖਤ ਸਾਹਿਬਾਨ ਦੇ ਜਥੇਦਾਰਾਂ, ਮੁੱਖ ਗ੍ਰੰਥੀਆਂ ਦੇ ਸੇਵਾ ਨਿਯਮ, ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ ਅਤੇ ਜ਼ਿੰਮੇਵਾਰੀਆਂ, ਸੇਵਾ ਮੁਕਤੀ ਆਦਿ ਦੇ ਨਿਯਮ ਨਿਰਧਾਰਤ ਕਰਨ ਤਾਂ ਕਿ ਅਕਾਲ ਤਖਤ ਸਾਹਿਬ ਤੋਂ ਹੁਕਮਨਾਮੇ ਜਾਰੀ ਕਰਨ ਦਾ ਸਪੱਸ਼ਟ ਵਿਧੀ-ਵਿਧਾਨ ਸੁਨਿਸ਼ਚਿਤ ਹੋਵੇ। ਜਿਸ ਨਾਲ਼ ਨਿੱਜੀ ਹਿੱਤਾਂ ਤੋਂ ਪ੍ਰੇਰਤ ਹੁਕਮਨਾਮੇ ਜਾਰੀ ਨਾ ਹੋ ਸਕਣ।'

ਉਪਰਲੀ ਲੰਬੀ-ਚੌੜੀ 50 ਕੁ ਸਾਲ ਦੀ ਅਕਾਲ ਤਖਤ, ਤਖਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ, ਅਕਾਲੀ ਦਲਾਂ, ਪੰਥਕ ਤੇ ਖਾੜਕੂ ਜਥੇਬੰਦੀਆਂ ਬਾਰੇ ਚਰਚਾ ਕਰਨ ਦਾ ਮਕਸਦ ਸਿਰਫ ਇਹ ਸੀ ਕਿ ਅਸੀਂ ਜਾਣ ਸਕੀਏ ਕਿ ਤਖਤਾਂ ਦੇ ਜਥੇਦਾਰ, ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਕਿਵੇਂ ਆਪਣੇ ਨਿੱਜ ਸਵਾਰਥਾਂ ਅਤੇ ਰਾਜਨੀਤਕ ਹਿੱਤਾਂ ਲਈ ਅਕਾਲ ਤਖਤ ਅਤੇ ਜਥੇਦਾਰਾਂ ਨੂੰ ਵਰਤਦੇ ਰਹੇ ਹਨ। ਇਸੇ ਤਰ੍ਹਾਂ ਜਦੋਂ ਵੀ ਜਥੇਦਾਰਾਂ ਨੂੰ ਆਪਣੇ ਸਰਬਉਚ ਹੋਣ ਦਾ ਭਰਮ ਪੈ ਜਾਂਦਾ ਤਾਂ ਕਿਵੇਂ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਲੀਡਰ ਇਨ੍ਹਾਂ ਨੂੰ ਬੇਇੱਜ਼ਤ ਕਰਕੇ ਘਰ ਤੋਰਦੇ ਅਤੇ ਖਾੜਕੂ ਇਨ੍ਹਾਂ ਦੇ ਗੋਲ਼ੀਆਂ ਵੀ ਮਾਰਦੇ ਸਨ। ਪਰ ਇਸ ਸਾਰੇ ਵਰਤਾਰੇ ਵਿਚ ਇੱਕ ਗੱਲ ਸਪੱਸ਼ਟ ਹੈ ਕਿ ਪ੍ਰਤੱਖ ਰੂਪ ਵਿਚ ਤਾਕਤ ਸ਼੍ਰੋਮਣੀ ਕਮੇਟੀ ਕੋਲ਼ ਹੀ ਹੁੰਦੀ ਹੈ, ਪਰ ਅਪ੍ਰਤੱਖ ਰੂਪ ਵਿਚ ਸ਼੍ਰੋਮਣੀ ਕਮੇਟੀ ਕੋਈ ਵੀ ਫੈਸਲਾ ਅਕਾਲੀ ਦਲ ਦੇ ਰਾਜਨੀਤਕ ਆਗੂਆਂ ਦੀ ਮਰਜ਼ੀ ਤੋਂ ਬਿਨਾਂ ਨਹੀਂ ਕਰ ਸਕਦੀ। ਇਸ ਵਾਰਤਾਲਾਪ ਨਾਲ਼ ਪਾਠਕਾਂ ਨੂੰ ਸ਼ਾਇਦ ਮੌਜੂਦਾ ਦੌਰ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਸਮਝਣ ਵਿਚ ਮੱਦਦ ਮਿਲੇਗੀ।

ਹੁਣ ਚੱਲਦੇ ਹਾਂ, ਅਕਾਲ ਤਖਤ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਵਿਚ ਚੱਲ ਰਹੇ ਨਵੇਂ ਵਿਵਾਦ ਵੱਲ। ਇਸਦੀ ਸ਼ੁਰੂਆਤ ਮਈ, 2007 ਵਿਚ ਸੱਚਾ ਸੌਦਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋਆਂ ਵਿਚ ਪ੍ਰਚਲਤ ਪੁਸ਼ਾਕ ਪਾ ਕੇ ਰੂ ਅਫਜ਼ਾ ਛਕਾਉਣ ਦਾ ਸਵਾਂਗ ਰਚਣ ਨਾਲ਼ ਹੋਈ ਸੀ। ਜਿਸ ਨੂੰ ਕਿ ਮੀਡੀਆ ਦੇ ਇੱਕ ਹਿੱਸੇ ਨੇ ਪਤਾ ਨਹੀਂ ਕਿਸ ਉਦੇਸ਼ ਨਾਲ ਅਜਿਹੀ ਸਨਸਨੀਖੇਜ਼ ਘਟਨਾ ਬਣਾ ਕੇ ਪੇਸ਼ ਕੀਤਾ, ਕਿ ਆਮ ਸਿੱਖਾਂ ਦਾ ਵੱਡਾ ਹਿੱਸਾ ਭੜਕ ਕੇ ਮਰਨ-ਮਾਰਨ ਲਈ ਤਿਆਰ ਹੋ ਗਿਆ। ਉਸ ਵਕਤ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਦੁਬਾਰਾ ਨਵੀਂ-ਨਵੀਂ ਅਕਾਲੀ ਸਰਕਾਰ ਬਣੀ ਸੀ। ਅਕਾਲੀ ਸਰਕਾਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਨੁਸਾਰ ਗੁਰਮੀਤ ਰਾਮ ਰਹੀਮ ਖ਼ਿਲਾਫ ਕੋਈ ਠੋਸ ਕਾਰਵਾਈ ਕਰਨ ਤੋਂ ਨਾਕਾਮ ਰਹੀ। ਕੁਝ ਸਮਾਂ ਬਾਅਦ ਹੀ ਭਾਰੀ ਦਬਾਅ ਵਿਚ ਤਖਤਾਂ ਦੇ ਜਥੇਦਾਰਾਂ ਨੇ ਡੇਰਾ ਮੁਖੀ ਖ਼ਿਲਾਫ ਇੱਕ ਹੁਕਮਨਾਮਾ ਜਾਰੀ ਕਰ ਦਿੱਤਾ ਕਿ ਡੇਰਾ ਮੁਖੀ ਸਮੇਤ ਡੇਰਾ ਸੱਚਾ ਸੌਦਾ ਦਾ ਪੂਰਨ ਰੂਪ ਵਿਚ ਬਾਈਕਾਟ ਕੀਤਾ ਜਾਵੇ। ਉਸ ਤੋਂ ਬਾਅਦ ਬਦਕਿਸਮਤੀ ਪੂਰਨ ਘਟਨਾਵਾਂ ਦਾ ਅਜਿਹਾ ਸਿਲਸਿਲਾ ਸ਼ੁਰੂ ਹੋਇਆ ਜੋ ਕਿ ਡੇਢ ਦਹਾਕੇ ਤੋਂ ਵੱਧ ਸਮੇਂ ਦੌਰਾਨ ਅਨੇਕਾਂ ਤਰਾਸਦੀਆਂ ਵਾਪਰਨ ਦੇ ਬਾਵਜੂਦ ਅੱਜ ਤੱਕ ਵੀ ਖਤਮ ਨਹੀਂ ਹੋਇਆ। ਇਸ ਬਾਰੇ ਪਿਛਲੀਆਂ ਤਿੰਨ ਸਰਕਾਰਾਂ ਨੇ ਜੋ ਕੀਤਾ, ਸਭ ਲੋਕਾਂ ਦੀ ਕਚਹਿਰੀ ਵਿਚ ਹੀ ਹੈ। ਇਸ ਲੇਖ ਵਿਚ ਜ਼ਿਆਦਾ ਵੇਰਵਾ ਦੇਣ ਦੀ ਲੋੜ ਨਹੀਂ ਹੈ।

ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ 2017 ਵਿਚ ਅਕਾਲੀਆਂ ਦੇ ਹਾਰ ਜਾਣ ਤੋਂ ਬਾਅਦ 5 ਸਾਲ ਕਾਂਗਰਸ ਦੀ ਸਰਕਾਰ ਰਹੀ, ਹੁਣ 2022 ਤੋਂ 'ਆਮ ਆਦਮੀ ਪਾਰਟੀ' ਦੀ ਸਰਕਾਰ ਹੈ। ਜੇ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਹੀ ਇਸ ਸਭ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ ਤਾਂ ਫਿਰ ਕੈਪਟਨ ਦੀ ਕਾਂਗਰਸ ਸਰਕਾਰ ਅਤੇ ਹੁਣ 'ਆਪ' ਦੀ ਭਗਵੰਤ ਮਾਨ ਸਰਕਾਰ, ਬਾਦਲਕਿਆਂ ਨੂੰ ਸਜ਼ਾਵਾਂ ਕਿਉਂ ਨਹੀਂ ਦੇ ਸਕੀ? ਕੀ ਜਥੇਦਾਰਾਂ ਨੂੰ 'ਕਾਂਗਰਸ' ਅਤੇ 'ਆਪ' ਲੀਡਰਸ਼ਿਪ ਤੋਂ ਸਪੱਸ਼ਟੀਕਰਨ ਨਹੀਂ ਲੈਣਾ ਚਾਹੀਦਾ ਸੀ?

ਬਾਕੀ ਸਾਰੀਆਂ ਧਿਰਾਂ ਦੀਆਂ ਗਲਤੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਦੇਸ਼-ਵਿਦੇਸ਼ ਦੇ ਸਿੱਖਾਂ ਵਿਚਲੇ ਗਰਮ-ਖਿਆਲੀ ਪੰਥਕ ਧੜੇ ਪਿਛ਼ਲੇ 15-20 ਸਾਲ ਵਿਚ ਬਾਦਲਾਂ, ਸ਼੍ਰੋਮਣੀ ਕਮੇਟੀ, ਤਖਤਾਂ ਦੇ ਜਥੇਦਾਰਾਂ ਖ਼ਿਲਾਫ ਬਹੁ-ਗਿਣਤੀ ਸਿੱਖਾਂ ਅੰਦਰ ਸਿੱਖ ਵਿਰੋਧੀ ਹੋਣ ਦਾ ਬਿਰਤਾਂਤ ਸਿਰਜਣ ਵਿਚ ਸਫਲ ਜ਼ਰੂਰ ਹੋਏ ਹਨ। ਪਰ ਉਨ੍ਹਾਂ ਨੂੰ ਲਾਂਭੇ ਕਰਨ ਵਿਚ ਸਫਲ ਨਹੀਂ ਹੋਏ। ਬਾਦਲਾਂ ਦੀ ਅਗਵਾਈ ਵਿਚ ਅਕਾਲੀ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਅਧੀਨ ਡੇਰਾ ਸੱਚਾ ਸੌਦਾ, ਬੇਅਦਬੀਆਂ ਦੇ ਮਸਲਿਆਂ 'ਤੇ ਕੁਝ ਅਜਿਹਾ ਕਰਨ ਤੋਂ ਅਸਮਰੱਥ ਰਹੇ, ਜਿਸ ਨਾਲ਼ ਸਿੱਖ ਮਨਾਂ ਨੂੰ ਸ਼ਾਂਤ ਕਰ ਸਕਦੇ। ਜਿਸ ਨਾਲ਼ ਧਾਰਮਿਕ ਖੇਤਰ ਦੇ ਨਾਲ਼-ਨਾਲ਼ ਉਹ ਪੰਜਾਬ ਅਤੇ ਸਿੱਖਾਂ ਵਿਚ ਆਪਣਾ ਸਿਆਸੀ ਆਧਾਰ ਗੁਆ ਬੈਠੇ। ਨਤੀਜੇ ਵਜੋਂ 2014 ਦੀਆਂ ਲੋਕ ਸਭਾ ਚੋਣਾਂ ਤੋਂ ਸ਼ੁਰੂ ਹੋ ਕੇ 2019 ਤੇ 2024 ਦੀ ਚੋਣਾਂ ਤੱਕ ਉਹ ਦੇਸ਼ ਦੀ ਪਾਰਲੀਮੈਂਟ ਦੀ ਸਿਆਸਤ ਵਿਚੋਂ ਬਾਹਰ ਹੋ ਗਏ। ਇਸੇ ਤਰ੍ਹਾਂ 2017 ਅਤੇ 2022 ਦੀਆਂ ਅਸਬੰਲੀ ਚੋਣਾਂ ਵਿਚ ਸੂਬੇ ਦੀ ਸਿਆਸਤ ਵਿਚੋਂ ਵੀ ਮਨਫੀ ਹੋ ਗਏ। ਇਤਨੇ ਵੱਡੇ ਸਿਆਸੀ ਨੁਕਸਾਨ ਤੋਂ ਬਾਅਦ ਵੀ ਉਹ ਲੋਕਾਂ ਦੀ ਮਾਨਸਿਕਤਾ ਨੂੰ ਕਿਉਂ ਨਹੀਂ ਸਮਝ ਸਕੇ, ਇਹ ਵੱਡਾ ਸਵਾਲ ਹੈ? ਮੌਜੂਦਾ ਹਾਲਾਤ ਵਿਚ ਕੇਂਦਰ ਦੀ ਭਾਜਪਾ ਸਰਕਾਰ, ਜਿਸ ਨਾਲ਼ ਅਕਾਲੀ ਦਲ ਦੀ 40 ਸਾਲ ਤੋਂ ਸਾਂਝ ਸੀ, ਉਹ ਵੀ ਕਿਸਾਨ ਮੋਰਚੇ ਦੌਰਾਨ 2020 ਵਿਚ ਟੁੱਟਣ ਨਾਲ਼, ਹੁਣ ਉਨ੍ਹਾਂ ਨੂੰ ਖਤਰਾ ਮਹਿਸੂਸ ਹੋ ਰਿਹਾ ਹੈ ਕਿ ਭਾਜਪਾ ਸ਼੍ਰੋਮਣੀ ਕਮੇਟੀ ਚੋਣਾਂ ਕਰਾ ਕੇ ਬਾਦਲ ਵਿਰੋਧੀ ਧੜਿਆਂ ਦਾ ਕਬਜ਼ਾ ਕਰਵਾ ਸਕਦੀ ਹੈ? ਹੁਣ ਵੱਡਾ ਸਵਾਲ ਤਾਂ ਇਹ ਹੈ ਕਿ ਉਪਰ ਦੱਸੇ ਘਟਨਾਵਾਂ ਦੇ ਸਾਰੇ ਵੇਰਵਿਆਂ ਅਨੁਸਾਰ ਜਦੋਂ ਬਾਦਲ ਅਕਾਲੀ ਦਲ ਪੂਰੀ ਤਰ੍ਹਾਂ ਮੂੰਧੇ-ਮੂੰਹ ਡਿਗਿਆ ਪਿਆ ਹੈ, ਕੀ ਬਾਦਲ ਵਿਰੋਧੀ ਧੜੇ, ਸ੍ਰੀ ਅਕਾਲ ਤਖਤ ਸਾਹਿਬ ਦੇ ਇਖਲਾਕੀ ਦਾਬੇ ਦੀ ਜਬਰਨ ਵਰਤੋਂ ਕਰ ਕੇ ਬਾਦਲ ਦਲੀਆਂ ਨੂੰ ਚਾਰੇ-ਪਾਸਿਓਂ ਚਿੱਤ ਕਰਕੇ ਬਾਕੀ ਧੜਿਆਂ ਦੇ ਗੈਰ-ਸਿਧਾਂਤਕ ਗੱਠਜੋੜ ਨਾਲ਼ ਪੰਥ ਵਿਚ ਨਵੀਂ ਰੂਹ ਫੂਕ ਸਕਣਗੇ…?

*(ਚਲਦਾ)*

# ਪਿਛਲੇ ਸੌ ਸਾਲ ਦੀ ਸਭ ਤੋਂ ਮਹਾਨ ਦੇਣ 'ਨਵਾਂ ਤੇ ਵੱਡਾ ਮਹਾਨ ਕੋਸ਼'

**ਪੁਸਤਕ ਪੜਚੋਲ**

**ਜਗਦੀਸ਼ ਕੌਰ ਪ੍ਰਯਾਗਰਾਜ**
ਫੋਨ: (91)-99567-57250

1927 ਵਿਚ ਪੰਥ ਰਤਨ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 14 ਸਾਲ ਤੋਂ ਵੱਧ ਸਮੇਂ ਦੀ ਮਿਹਨਤ ਨਾਲ ਆਪਣਾ ਸ਼ਾਹਕਾਰ 'ਮਹਾਨ ਕੋਸ਼' ਤਿਆਰ ਕੀਤਾ ਸੀ। ਉਹ ਵੀਹਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਰਚਨਾ ਸੀ। ਗਿਆਨ ਦਾ ਇਤਨਾ ਵੱਡਾ ਖ਼ਜ਼ਾਨਾ (ਕੋਸ਼) ਜਿਸ ਵਿਚ ਲਗਭਗ 64263 ਇੰਦਰਾਜ (ਐਂਟਰੀਆਂ) ਸਨ। ਹਾਲਾਂਕਿ ਉਸ ਤੋਂ ਪਹਿਲਾਂ ਤਾਰਾ ਸਿੰਘ ਨਰੋਤਮ ਦਾ 'ਗੁਰੂ ਗ੍ਰੰਥ ਗਿਰਾਰਥ ਕੋਸ਼' (1895) ਅਤੇ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' (1899) ਮੌਜੂਦ ਸਨ। ਪਰ ਉਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਕੁਝ ਗਿਣਤੀ ਦੇ ਸ਼ਬਦਾਂ ਦੀ ਵਿਆਖਿਆ ਕੀਤੀ ਹੋਈ ਸੀ। ਭਾਈ ਕਾਨ੍ਹ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਲਗਭਗ ਹਰ ਇਕ ਸ਼ਬਦ ਦਾ ਅਰਥ ਤੇ ਕਈਆਂ ਦਾ ਪਿਛੋਕੜ ਵੀ ਬਿਆਨ ਕੀਤਾ ਹੋਇਆ ਸੀ। ਉਨ੍ਹਾਂ ਨੇ ਬਹੁਤ ਸਾਰੇ ਸਿੱਖ ਸ਼ਹੀਦਾਂ ਅਤੇ ਨੇਤਾਵਾਂ ਸਬੰਧੀ ਐਂਟਰੀਆਂ ਵੀ ਲਿਖੀਆਂ ਸਨ। ਉਨ੍ਹਾਂ ਦੇ ਕੋਸ਼ ਵਿਚ 700 ਤੋਂ ਵਧ ਇਤਿਹਾਸਕ ਗੁਰਦੁਆਰਿਆ ਬਾਰੇ ਜਾਣਕਾਰੀ ਵੀ ਸੀ (ਪਰ ਭਾਈ ਸਾਹਿਬ ਦੇ ਆਪਣੇ ਲਿਖੇ ਮੁਖਬੰਦ ਅਨੁਸਾਰ ਇਹ ਜਾਣਕਾਰੀ ਪ੍ਰਦੁਮਣ ਸਿੰਘ ਬੱਡੋਂ ਦੀ ਲਿਖੀ ਹੋਈ ਸੀ, ਜਿਸ ਨੂੰ ਨਾਭਾ ਸਰਕਾਰ ਨੇ ਮਹਾਨ ਕੋਸ਼ ਵਿਚ ਦਰਜ ਕਰਨ ਲਈ ਗੁਰਦੁਆਰਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਵਾਸਤੇ ਤਨਖ਼ਾਹ 'ਤੇ ਰੱਖਿਆ ਸੀ)। ਮਹਾਨ ਕੋਸ਼ ਪੰਜਾਬੀ ਸਾਹਿਤ ਅਤੇ ਪੰਜਾਬ ਵਾਸਤੇ ਨਿਸ਼ਚੇ ਹੀ ਵੀਹਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਰਚਨਾ ਸੀ।

ਇਕ ਸੌ ਸਲ ਬੀਤਣ ਮਗਰੋਂ ਬਹੁਤ ਕੁਝ ਬਦਲ ਚੁਕਾ ਸੀ। ਇਸ ਕਰ ਕੇ ਇਸ ਮਹਾਨ ਕੋਸ਼ ਦੀ ਸੁਧਾਈ ਦੀ ਬਹੁਤ ਵੱਡੀ ਲੋੜ ਸੀ। ਪਰ, ਏਨਾ ਵੱਡਾ ਕਦਮ ਉਠਾਉਣ ਵਾਸਤੇ ਇਕ ਵਿਸ਼ੇਸ਼ ਵਿਭਾਗ ਦੀ ਲੋੜ ਸੀ, ਜੋ ਭਾਸ਼ਾ ਵਿਭਾਗ ਜਾਂ ਪੰਜਾਬੀ ਯੂਨੀਵਰਸਿਟੀ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗਾ ਅਦਾਰਾ ਕਰ ਸਕਦਾ ਸੀ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਨੇ ਵੀ ਇਹ ਹਿੰਮਤ ਨਾ ਕੀਤੀ। ਸ਼ਾਇਦ ਉਸ ਦਾ ਕਾਰਨ ਇਹ ਸੀ ਕਿ ਕਿਸੇ ਯੂਨੀਵਰਸਿਟੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਜਿੱਡੀ ਹਸਤੀ ਮੌਜੂਦ ਨਹੀਂ ਸੀ, ਜੋ ਏਡੇ ਵੱਡੇ ਕਾਰਜ ਦਾ ਬੀੜਾ ਚੁਕ ਸਕਦੀ। ਇਸ ਕਾਰਜ ਵਾਸਤੇ ਇਕੱਲਾ ਇਕ ਮੁਖੀ ਹੀ ਨਹੀਂ ਬਲਕਿ ਘਟ-ਘਟ ਅੱਠ-ਦੱਸ ਰੀਸਰਚ ਸਕਾਲਰਾਂ ਦੀ ਟੀਮ ਦੀ ਲੋੜ ਸੀ ਅਤੇ ਸ਼ਾਇਦ ਕਰੋੜਾਂ ਰੁਪਏ ਦੇ ਫ਼ੰਡ ਵੀ ਲੋੜੀਂਦੇ ਸਨ। ਇਸ ਕਰ ਕੇ ਇਹ ਪ੍ਰਾਜੈਕਟ ਸ਼ੁਰੂ ਨਾ ਹੋ ਸਕਿਆ।


ਪਰ, ਕਹਿੰਦੇ ਨੇ ਪਰਮਾਤਮਾ ਨੇ ਕੁਝ ਕੰਮ ਵਿਸ਼ੇਸ਼ ਵਿਅਕਤੀਆਂ ਵਾਸਤੇ ਰਾਖਵੇਂ ਰੱਖੇ ਹੁੰਦੇ ਹਨ ਜਿਵੇਂ ਉਸ ਨੇ 'ਮਹਾਨ ਕੋਸ਼' ਵਰਗੀ ਮਹਾਨ ਰਚਨਾ ਵਾਸਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੂੰ ਇਸ ਧਰਤੀ 'ਤੇ ਭੇਜਿਆ ਸੀ। ਭਾਈ ਕਾਨ੍ਹ ਸਿੰਘ ਬਹੁਤ ਵੱਡੀ ਸਰਕਾਰੀ ਨੌਕਰੀ ਛੱਡ ਕੇ ਇਸ ਮਹਾਨ ਸੇਵਾ ਵਿਚ ਜੁਟ ਗਏ ਸਨ। ਉਨ੍ਹਾਂ ਦੀ ਖ਼ੁਸ਼ਕਿਸਮਤੀ ਕਿ ਨਾਭਾ ਸਰਕਾਰ ਨੇ ਉਨ੍ਹਾਂ ਨੂੰ ਆਰਥਕ ਪੱਖ ਤੋਂ ਬੜੀ ਵੱਡੀ ਮਦਦ ਦਿੱਤੀ ਸੀ ਅਤੇ ਮਗਰੋਂ ਛਾਪਣ ਵਾਸਤੇ ਪਟਿਆਲਾ ਰਿਆਸਤ ਨੇ ਹਜ਼ਾਰਾਂ ਰੁਪੈ ਭੇਟ ਕੀਤੇ ਸਨ। ਭਾਵੇਂ ਸਰਕਾਰਾਂ ਨੇ ਉਨ੍ਹਾਂ ਦੀ ਆਰਥਕ ਸਹਾਇਤਾ ਕੀਤੀ ਸੀ, ਪਰ ਇਹ ਮਹਾਨ ਰਚਨਾ ਦੀ ਮਿਹਨਤ ਤਾਂ ਉਨ੍ਹਾਂ ਦੀ ਆਪਣੀ ਸੀ।

ਲਗਭਗ ਇਸ ਸੌ ਸਾਲ ਤਕ 'ਮਹਾਨ ਕੋਸ਼' ਤੋਂ ਅਗਲੇਰਾ ਕਾਰਜ ਨਾ ਹੋ ਸਕਿਆ। ਅਖ਼ੀਰ ਪਰਮਾਤਮਾ ਨੇ ਇਸ ਸੇਵਾ ਵਾਸਤੇ ਇਕ ਹੋਰ ਵਿਅਕਤੀ ਹਰਜਿੰਦਰ ਸਿੰਘ ਦਿਲਗੀਰ ਨੂੰ ਪੈਦਾ ਕੀਤਾ। ਉਸ ਨੇ ਵੀ ਬੜੀ ਕੋਸ਼ਿਸ਼ ਕੀਤੀ ਕਿ ਕੋਈ ਯੂਨੀਵਰਸਿਟੀ ਉਸ ਨੂੰ ਇਸ ਵਾਸਤੇ ਸਹਿਯੋਗ ਦੇਵੇ ਪਰ ਸਰਕਾਰੀ ਅਦਾਰਿਆਂ ਦੇ ਆਪਣੇ ਤਰੀਕੇ ਹੀ ਹੁੰਦੇ ਹਨ। ਉਥੇ ਫ਼ੈਸਲੇ ਕਿਸੇ ਅਲੌਕਿਕ ਤਰੀਕੇ ਨਾਲ ਹੀ ਹੋਇਆ ਕਰਦੇ ਹਨ। ਇਸ ਕਰ ਕੇ ਕਿਸੇ ਅਦਾਰੇ ਨੇ ਉਸ ਦੀ ਬਾਂਹ ਨਾ ਫੜੀ ਤੇ ਅਖ਼ੀਰ ਉਹ ਆਪ ਹੀ ਇਸ ਨਿਸ਼ਾਨੇ ਨੂੰ ਪੂਰਾ ਕਰਨ ਵਾਸਤੇ ਠਿਲ੍ਹ ਪਿਆ। ਅਪ੍ਰੈਲ 2022 ਵਿਚ ਦਿਲਗੀਰ ਨੇ 'ਨਵਾਂ ਤੇ ਵੱਡਾ ਮਹਾਨ ਕੋਸ਼' ਲੋਕਾਂ ਦੇ ਅਰਪਣ ਕਰ ਦਿੱਤਾ।

ਦਿਲਗੀਰ ਅਨੁਸਾਰ ਉਸ ਨੇ ਇਹ ਕਾਰਜ ਵੱਖ-ਵੱਖ ਪੜਾਵਾਂ ਵਿਚ ਲਗਭਗ 35 ਸਾਲ ਵਿਚ ਮੁਕੰਮਲ ਕੀਤਾ ਸੀ। ਉਹ ਪਹਿਲਾਂ ਸੰਨ 1997 ਵਿਚ 'ਸਿੱਖ ਰੈਫ਼ਰੈਂਸ ਬੁਕ' ਛਾਪ ਚੁਕਾ ਸੀ ਜਿਸ ਵਿਚ ਲਗਭਗ 2500 ਜੀਵਨੀਆਂ, 800 ਇਤਿਹਾਸਕ ਗੁਰਦੁਆਰਿਆਂ ਅਤੇ ਚਾਰ ਪੰਜ ਸੌ ਸਿਧਾਂਤਕ ਨੁਕਤਿਆਂ ਸਬੰਧੀ ਵੇਰਵਾ ਸੀ। ਉਸ ਪੁਸਤਕ ਨੇ ਦਿਲਗੀਰ ਦੇ 'ਨਵੇਂ ਤੇ ਵੱਡੇ ਮਹਾਨ ਕੋਸ਼' ਦੀ ਨੀਂਹ ਰੱਖ ਦਿੱਤੀ ਸੀ। ਸਿੱਖ ਇਤਿਹਾਸ ਵਾਸਤੇ ਉਸ ਨੇ ਸੰਨ 1978 ਵਿਚ 'ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ' ਲਿਖ ਕੇ ਬਹੁਤ ਸਮੱਗਰੀ ਇਕੱਠੀ ਕਰ ਲਈ ਹੋਈ ਸੀ। ਫਿਰ ਉਹ ਪੰਜ ਜਿਲਦਾਂ ਵਿਚ 'ਸਿੱਖ ਤਵਾਰੀਖ਼' (ਪੰਜਾਬੀ ਵਿਚ) ਅਤੇ ਦਸ ਜਿਲਦਾਂ ਵਿਚ 'ਸਿੱਖ ਹਿਸਟਰੀ' (ਅੰਗਰੇਜ਼ੀ ਵਿਚ) ਲਿਖ ਚੁਕਾ ਸੀ। ਇਸ ਤਰ੍ਹਾਂ ਉਸ ਕੋਲ ਜੀਵਨੀਆਂ, ਇਤਿਹਾਸ ਅਤੇ ਗੁਰਦੁਆਰਿਆਂ ਬਾਰੇ ਬਹੁਤ ਸਮੱਗਰੀ ਮੌਜੂਦ ਸੀ।

ਉਸ ਦੇ 'ਨਵਾਂ ਤੇ ਵੱਡਾ ਮਹਾਨ ਕੋਸ਼' ਦੇ ਵੱਡੇ ਆਕਾਰ ਦੇ 2748 ਪੰਨਿਆਂ ਵਿਚ ਵਿਚ ਇਕ ਲੱਖ ਤੋਂ ਵਧ ਐਂਟਰੀਆਂ ਹਨ। ਇਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਹਰ ਇਕ ਸ਼ਬਦ ਦਾ ਵਿਸਥਾਰ ਸਹਿਤ ਬਿਆਨ ਕੀਤਾ ਹੋਇਆ ਹੈ। ਇਸ ਬਿਆਨ ਦੇ ਨਾਲ ਉਸ ਨੇ ਉਹ ਸ਼ਬਦ ਹੀ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਵਿਚ ਉਸ ਵਰਗੇ ਕਈ ਕਈ ਸ਼ਬਦ ਦਿੱਤੇ ਹਨ, ਅਤੇ ਇਨ੍ਹਾਂ ਸਰਿਆਂ ਦੇ ਪੰਨਿਆਂ ਦੇ ਨੰਬਰ ਵੀ ਦਿੱਤੇ ਹਨ (ਭਾਈ ਕਾਨ੍ਹ ਸਿੰਘ ਨੇ ਕਿਸੇ ਸ਼ਬਦ ਦਾ ਵੀ ਪੰਨਾ ਨੰਬਰ ਨਹੀਂ ਦਿੱਤਾ ਜਿਸ ਕਰ ਕੇ ਉਸ ਸ਼ਬਦ ਦੀ ਭਾਲ ਕਰਨੀ ਔਖੀ ਸੀ। ਦਿਲਗੀਰ ਨੇ ਸਾਰੇ ਸਿੱਖ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ (ਲਗਭਗ 1000 ਗੁਰਦੁਆਰਿਆਂ) ਦਾ ਇਤਿਹਾਸ ਦਿੱਤਾ ਹੈ ਅਤੇ ਲਗਭਗ ਸਾਰੇ ਗੁਰਦੁਆਰਿਆਂ ਦੀਆਂ ਤਸਵੀਰਾਂ ਵੀ ਦਿੱਤੀਆਂ ਹਨ। ਉਸ ਦੇ ਆਪਣੇ ਕਹਿਣ ਅਨੁਸਾਰ ਉਸ ਨੇ ਲਗਭਗ 6 ਮਹੀਨੇ ਕਾਰ ਰਾਹੀਂ ਸਾਰੇ ਭਾਰਤ ਦਾ ਦੌਰਾ ਕਰ ਕੇ ਗੁਰਦੁਆਰਿਆਂ ਦਾ ਇਤਿਹਾਸ ਇਕੱਠਾ ਕੀਤਾ। ਬਹੁਤ ਸਾਰੇ ਗੁਰਦੁਆਰਿਆਂ ਦੇ ਆਪ ਦਰਸ਼ਨ ਕੀਤੇ ਸਨ, ਜਿਸ ਦਾ ਪ੍ਰਮਾਣ ਇਹ ਹੈ ਕਿ ਬਹੁਤ ਸਾਰੀਆਂ ਤਸਵੀਰਾਂ ਵਿਚ ਉਹ ਆਪ ਖੜ੍ਹਾ ਨਜ਼ਰ ਵੀ ਆਉਂਦਾ ਹੈ। ਇਸ ਵਿਚ ਗੁਰਦੁਆਰਿਆਂ ਦਾ ਪੂਰਾ ਪਤਾ, ਜ਼ਿਲ੍ਹਾ, ਤਹਿਸੀਲ, ਵੱਡੇ ਸ਼ਹਿਰਾਂ ਤੋਂ ਫ਼ਾਸਲਾ ਆਦਿ ਵੀ ਦਿੱਤੇ ਹਨ। ਉਸ ਦਾ ਅਤੇ ਭਾਈ ਕਾਨ੍ਹ ਸਿੰਘ (ਦਰਅਸਲ ਪ੍ਰਦੁਮਣ ਸਿੰਘ ਬੱਡੋਂ) ਦੇ ਗੁਰਦੁਆਰਿਆਂ ਦੇ ਇਤਿਹਾਸ ਦਾ ਅੰਤ ਇਹ ਹੈ ਕਿ ਪ੍ਰਦੁਮਣ ਸਿੰਘ ਨੇ ਉਹੀ ਲਿਖ ਦਿੱਤਾ ਸੀ ਜੋ ਉਸ ਨੇ ਉਸ ਇਲਾਕੇ ਦੇ ਲੋਕਾਂ ਤੋਂ ਸੁਣਿਆ ਸੀ। ਦਿਲਗੀਰ ਨੇ ਹਰ ਇਕ ਗੁਰਦੁਆਰੇ ਦਾ ਇਤਿਹਾਸ ਚੰਗੀ ਤਰ੍ਹਾਂ ਘੋਖ ਕੇ ਲਿਖਿਆ ਅਤ ਇਸ ਵਿਚ ਕਾਲਪਨਿਕ ਗੱਲਾਂ ਅਤੇ ਗ਼ਲਤ ਜਾਣਕਾਰੀ ਨੂੰ ਰੱਦ ਕਰ ਕੇ ਅਸਲ ਇਤਿਹਾਸ ਪੇਸ਼ ਕੀਤਾ ਹੈ। ਉਸ ਨੇ ਬਹੁਤ ਸਾਰੇ ਗੁਰਦੁਆਰਿਆਂ ਦੇ ਇਤਿਹਾਸ ਬਾਰੇ ਗੁਰਦੁਆਰਿਆਂ 'ਤੇ ਲੱਗੇ ਬੋਰਡਾਂ ਵਿਚਲੀਆਂ ਭਿਆਨਕ ਗ਼ਲਤੀਆਂ ਸਬੰਧੀ ਵੀ ਲਿਖਿਆ ਹੈ।

ਉਸ ਨੇ ਦੂਜੇ ਧਰਮਾਂ ਦੇ ਲਗਭਗ ਸਾਰੇ ਧਾਰਮਿਕ ਨਗਰਾਂ ਤੋਂ ਇਲਾਵਾ ਬਹੁਤ ਸਾਰੇ ਲਗਭਗ ਦੋ ਸੌ ਮਹਤਵਪੂਰਨ ਇਤਿਹਾਸਕ ਅਤੇ ਵੱਡੇ ਸ਼ਹਿਰਾਂ ਅਤੇ ਦੇਸ਼ਾਂ ਬਾਰੇ ਇੰਦਰਾਜ ਦਿੱਤੇ ਹਨ ਜੋ ਬੇਸ਼ ਕੀਮਤੀ ਜਾਣਕਾਰੀ ਨਾਲ ਭਰਪੂਰ ਹਨ। ਇਨ੍ਹਾਂ ਵਿਚ ਲੰਡਨ, ਮੱਕਾ, ਮਦੀਨਾ, ਕਰਬਲਾ, ਯੋਰੋਸ਼ਲਮ, ਬਗ਼ਦਾਦ, ਕਾਬੁਲ, ਜਲਾਲਾਬਾਦ, ਲਾਹੌਰ, ਮੁਲਤਾਨ, ਪਾਕਪਟਨ, ਸਿਆਲਕੋਟ, ਕਾਸ਼ੀ (ਬਨਾਰਸ), ਹਰਦੁਆਰ, ਜਗਨਾਥ ਪੁਰੀ, ਬਦਰੀ ਨਾਥ, ਕੇਦਾਰ ਨਾਥ, ਗੰਗੋਤਰੀ, ਯਮਨੋਤਰੀ, ਵੈਸ਼ਨੋ ਦੇਵੀ, ਜੁਆਲਾ ਜੀ, ਨੈਣਾ ਦੇਵੀ, ਉਜੈਨ, ਗਯਾ, ਸਾਰਨਾਥ, ਕਪਿਲਵਸਤੂ, ਮੁੰਬਈ (ਬੰਬਈ), ਕਲਕੱਤਾ, ਪਟਨਾ, ਦਿੱਲੀ, ਅੰਮ੍ਰਿਤਸਰ, ਅਨੰਦਪੁਰ, ਕੀਰਤਪੁਰ, ਪਾਉਂਟਾ, ਨੰਦੇੜ, ਨਾਨਕਮੱਤਾ, ਹੇਮਕੁੰਟ ਅਤੇ ਅਨੇਕਾਂ ਹੋਰ ਥਾਂਵਾਂ ਵੀ ਸ਼ਾਮਿਲ ਹਨ। ਉਸ ਨੇ ਬਹੁਤ ਸਾਰੇ ਕਿਲ੍ਹਿਆਂ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਹੈ। ਇਨ੍ਹਾਂ ਥਾਂਵਾਂ ਦੀਆਂ ਸੈਂਕੜੇ ਤਸਵੀਰਾਂ ਵੀ ਦਿੱਤੀਆਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਰੰਗੀਨ ਹਨ। ਉਸ ਨੇ ਬਹੁਤ ਸਾਰੇ ਨਗਰਾਂ ਦੇ ਹਵਾਈ ਦ੍ਰਿਸ਼ ਦੀਆਂ ਰੰਗੀਨ ਤਸਵੀਰਾਂ ਵੀ ਦਿੱਤੀਆਂ ਹਨ। ਉਸ ਨੇ ਮੱਕਾ, ਮਦੀਨਾ, ਕਾਸ਼ੀ, ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਅਣਗਿਣਤ ਦੁਰਲਭ ਤਸਵੀਰਾਂ ਵੀ ਦਿੱਤੀਆਂ ਹਨ।



ਡਾ. ਹਰਜਿੰਦਰ ਸਿੰਘ ਦਿਲਗੀਰ ਅਤੇ 'ਨਵੇਂ ਤੇ ਵੱਡੇ ਮਹਾਨ ਕੋਸ਼' ਦਾ ਸਰਵਰਕ।

ਦਿਲਗੀਰ ਨੇ ਲਗਭਗ 2500 ਸਿੱਖਾਂ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵਿਅਕਤੀਆਂ ਦੀਆਂ ਜੀਵਨੀਆਂ ਵੀ ਦਿੱਤੀਆਂ ਹਨ। ਉਸ ਦਾ ਇਹ ਕੰਮ ਬਹੁਤ ਮਿਹਨਤ ਵਾਲਾ ਸੀ। ਪਤਾ ਨਹੀਂ ਉਸ ਨੇ ਕਿੰਨੇ ਐਨਸਾਈਕਲੋਪੀਡੀਆ ਵੇਖੇ ਹੋਣਗੇ। ਇੰਗਲੈਂਡ ਵਿਚ ਰਹਿੰਦਾ ਹੋਣ ਕਰ ਕੇ ਉਸ ਕੋਲ ਵੱਡੀਆਂ ਲਾਇਬਰੇਰੀਆਂ ਦੀ ਸਹੂਲਤ ਮੌਜੂਦ ਸੀ।

ਦਿਲਗੀਰ ਦਾ 'ਨਵਾਂ ਤੇ ਵੱਡਾ ਮਹਾਨ ਕੋਸ਼' ਪਹਿਲੇ ਸਾਰੇ ਕੋਸ਼ਾਂ ਤੋਂ ਇਕ ਹੋਰ ਗੱਲ ਕਰ ਕੇ ਵੀ ਮਹੱਤਵਪੂਰਨ ਹੈ ਕਿ ਉਸ ਨੇ ਪੰਜਾਬੀ ਦੇ ਹਰ ਸ਼ਬਦ ਦਾ ਪ੍ਰਾਕ੍ਰਿਤ, ਪਾਲੀ, ਅਪਭ੍ਰੰਸ਼ ਅਤੇ ਸੰਸਕ੍ਰਿਤ ਪਿਛੋਕੜ ਵੀ ਦਿੱਤਾ ਹੈ। ਪਹਿਲੇ ਕੋਸ਼ਾਂ ਵਾਲਿਆਂ ਨੂੰ ਸ਼ਾਇਦ ਪ੍ਰਾਕ੍ਰਿਤ, ਪਾਲੀ ਤੇ ਅਪਭ੍ਰੰਸ਼ ਬੋਲੀਆਂ (ਜੋ ਕਿ ਪੰਜਾਬੀ ਦੇ ਹਜ਼ਾਰਾਂ ਸ਼ਬਦਾਂ ਦੀ ਜੜ੍ਹ ਹਨ) ਦਾ ਗਿਆਨ ਨਹੀਂ ਸੀ; ਉਹ ਕੇਵਲ ਸੰਸਕ੍ਰਿਤ ਦਾ ਪਿਛੋਕੜ ਹੀ ਸਮਝਦੇ ਰਹੇ ਸਨ। ਦਿਲਗੀਰ ਨੇ ਅਰਬੀ, ਫ਼ਾਰਸੀ ਤੇ ਤੁਰਕੀ ਦੇ ਲਗਭਗ ਅੱਠ ਹਜ਼ਾਰ ਸ਼ਬਦਾਂ ਦਾ ਅਰਥ ਅਤੇ ਪਿਛੋਕੜ ਵੀ ਦਿੱਤਾ ਹੈ। ਉਸ ਨੇ ਲਹਿੰਦੀ (ਮੁਲਤਾਨੀ), ਪੋਠੋਹਾਰੀ, ਪੁਆਧੀ, ਸਿੰਧੀ ਆਦਿ ਦੇ ਬਹੁਤ ਸਾਰੇ ਸ਼ਬਦ ਵੀ ਦਿੱਤੇ ਹਨ।

ਪੰਜਾਬ ਦੇ ਇਤਿਹਾਸ ਵਿਚ ਚੱਲੀਆਂ ਲਹਿਰਾਂ, ਮੋਰਚਿਆਂ, ਘਟਨਾਵਾਂ ਅਤੇ ਜਥੇਬੰਦੀਆਂ ਦਾ ਇਤਿਹਾਸ ਵੀ ਵਰਣਣ ਕੀਤਾ ਹੈ ਜਿਵੇਂ ਗ਼ਦਰ ਪਾਰਟੀ, ਬਬਰ ਅਕਾਲੀ ਲਹਿਰ, ਸ਼੍ਰੋਮਣੀ ਅਕਾਲੀ ਦਲ, ਬਬਰ ਖ਼ਾਲਸਾ, ਦਲ ਖ਼ਾਲਸਾ ਅਤੇ ਹੋਰ ਕਈ, ਜਿਨ੍ਹਾਂ ਦਾ ਵੇਰਵਾ ਕਿਸੇ ਕੋਸ਼ ਵਿਚ ਨਹੀਂ ਮਿਲਦਾ।

ਇਸ ਵਿਚ ਕੋਈ ਸੰਸਾ ਨਹੀਂ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦਾ 'ਮਹਾਨ ਕੋਸ਼' ਆਪਣੇ ਸਮੇਂ ਦੀ ਸਭ ਤੋਂ ਮਹਤਵਪੂਰਨ ਰਚਨਾ ਸੀ, ਪਰ ਦਿਲਗੀਰ ਦਾ ਇਹ ਕੋਸ਼ ਉਸ ਤੋਂ ਕਈ ਗੁਣਾ ਕੀਮਤੀ ਦੇਣ ਹੈ। ਸੱਚ ਤਾਂ ਇਹ ਹੈ ਕਿ 'ਨਵਾਂ ਤੇ ਵੱਡਾ ਮਹਾਨ ਕੋਸ਼' ਇੱਕੀਵੀਂ ਸਦੀ ਦੀ ਸਭ ਤੋਂ ਵਧ ਮੱਹਤਵਪੂਰਨ ਰਚਨਾ ਹੈ। ਇਹ ਰਚਨਾ ਵੇਖ ਕੇ ਅਚੰਭਾ ਹੁੰਦਾ ਹੈ। ਜਿਵੇਂ 'ਮਹਾਨ ਕੋਸ਼' ਨੇ ਭਾਈ ਕਾਨ੍ਹ ਸਿੰਘ ਜੀ ਨੂੰ ਅਮਰ ਕਰ ਦਿੱਤਾ ਸੀ, ਇਸ 'ਨਵਾਂ ਤੇ ਵੱਡਾ ਮਹਾਨ ਕੋਸ਼' ਨੇ ਦਿਲਗੀਰ ਨੂੰ ਸਦਾ ਵਾਸਤੇ ਅਮਰ ਕਰ ਦਿੱਤਾ ਹੈ। ਕਾਨ੍ਹ ਸਿੰਘ ਤੋਂ ਇਕ ਸੌ ਸਾਲ ਮਗਰੋਂ ਦਿਲਗੀਰ ਪੈਦਾ ਹੋਇਆ ਸੀ ਤੇ ਕੀ ਪਤਾ ਇਕ ਸੌ ਸਾਲ ਮਗਰੋਂ ਹੋਰ ਵੀ ਕੋਈ ਹਸਤੀ ਆਏਗੀ ਜੋ ਕੋਈ ਹੋਰ ਕਾਰਨਾਮਾ ਅੰਜਾਮ ਕਰ ਦਿਖਾਏਗੀ।

# ਰਿਸ਼ਤਿਆਂ ਬਾਰੇ ਸਾਵਧਾਨ ਕਰਦਾ ਨਾਵਲ 'ਗੰਧਲ਼ੇ ਰਿਸ਼ਤੇ'



**ਸ਼ਿਵਚਰਨ ਜੱਗੀ ਕੁੱਸਾ**

ਹਰ ਹਮਦਰਦ ਲੇਖਕ ਲੋਕਾਂ ਲਈ ਇੱਕ ਚੌਕੀਦਾਰ ਵਾਂਗ ਹੁੰਦਾ ਹੈ, ਜੋ 'ਜਾਗਦੇ ਰਹੋ' ਦਾ ਹੋਕਾ ਦੇ ਕੇ ਸੁੱਤੇ ਲੋਕਾਂ ਨੂੰ ਖ਼ਤਰੇ ਤੋਂ ਸੁਚੇਤ ਕਰਦਾ ਹੈ। ਲੇਖਕ ਕੋਲ ਕੋਈ ਭੰਗੀਆਂ ਵਾਲੀ ਤੋਪ ਤਾਂ ਹੁੰਦੀ ਨਹੀਂ, ਜੋ ਉਸ ਨੇ ਚਲਾ ਕੇ ਬੁਰਾਈ ਨੂੰ ਮਾਰ ਘੱਤਣਾ ਹੁੰਦਾ ਹੈ। ਪਰ ਕਲਮ ਦੇ ਨਸ਼ਤਰ ਨਾਲ ਕਿਸੇ ਨੂੰ ਜਾਗਰੂਕ ਕਰ ਕੇ ਜਾਗਰਿਤੀ ਲਿਆ ਦੇਣਾ ਵੀ ਇੱਕ ਕਰਾਂਤੀ ਹੀ ਹੁੰਦੀ ਹੈ, ਜੋ ਬੁਰਾਈ ਦੀ ਜੜ੍ਹ ਪੁੱਟਣ ਦੇ ਸਮਰੱਥ ਹੁੰਦੀ ਹੈ। ਕਮਲ ਗਿੱਲ ਦਾ ਨਾਵਲ 'ਗੰਧਲ਼ੇ ਰਿਸ਼ਤੇ' ਪੜ੍ਹਦਿਆਂ ਮੈਨੂੰ ਦੋ ਮਹਾਨ ਲੇਖਕ ਔਰਤਾਂ ਜੋਸੇਫ਼ਾਈਨ ਡੌਜ ਅਤੇ ਜੇਨ ਐਡਮ ਦੀ ਯਾਦ ਆਉਂਦੀ ਹੈ, ਕਿ ਕਿਵੇਂ ਉਨ੍ਹਾਂ ਨੇ ਔਰਤਾਂ ਦੇ ਹੱਕਾਂ ਦੀ ਖ਼ਾਤਰ ਆਪਣੀ ਕਲਮ ਦੀ ਜੰਗ ਲੜੀ। ਜਿੱਥੇ ਅਸੀਂ 'ਆਪਣਾ ਮਾਰੂ - ਛਾਵੇਂ ਸਿੱਟੂ' ਦੀ ਰਟ ਲਾਉਂਦੇ ਸਾਹ ਨਹੀਂ ਲੈਂਦੇ, ਉਥੇ ਕਮਲ ਗਿੱਲ ਦਾ ਹਥਲਾ ਨਾਵਲ 'ਆਪਣਿਆਂ' ਤੋਂ ਹੀ 'ਬਚਣ' ਦੀ ਸਿੱਖਿਅਤ ਚੇਤਾਵਨੀ ਦਿੰਦਾ ਹੈ। ਇਸ ਨਾਵਲ ਤੋਂ ਇਹ ਸਬਕ ਅਤੇ ਸੇਧ ਵੀ ਮਿਲਦੀ ਹੈ, ਕਿ ਸਭ ਤੋਂ ਵੱਧ ਤੁਹਾਡੇ ਆਪਣੇ ਹੀ 'ਹਲ਼ਕਦੇ' ਹਨ, ਜੋ ਤੁਹਾਨੂੰ ਦੰਦ ਮਾਰਨ ਲੱਗੇ 'ਸੀ' ਤੱਕ ਨਹੀਂ ਕਰਦੇ। ਇਹ ਤਾਂ ਮੈਂ ਨਹੀਂ ਕਹਿ ਸਕਦਾ ਕਿ 'ਗੰਧਲ਼ੇ ਰਿਸ਼ਤੇ' ਨਾਵਲ ਕਲਪਿਤ ਹੈ, ਜਾਂ ਕਿਸੇ ਸੱਚਾਈ ਉੱਪਰ ਅਧਾਰਿਤ ਹੈ? ਪਰ ਜੋ ਵੀ ਹੈ, ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਬਿਰਤਾਂਤ ਅਤੇ ਅਖੌਤੀ ਰਿਸ਼ਤਿਆਂ ਉੱਪਰ 'ਕਲੰਕ' ਬਣ ਕੇ ਲੱਗੇ ਰਿਸ਼ਤੇਦਾਰਾਂ ਉੱਪਰ ਉਂਗਲ਼ ਧਰਦਾ ਹੈ। ਬੰਦਾ ਓਦੋਂ ਘੋਰ ਨਿਰਾਸ਼ ਅਤੇ ਕਰੋਧੀ ਵੀ ਹੋ ਜਾਂਦਾ ਹੈ, ਜਦ 'ਆਪਣੇ' ਵਿਸ਼ਵਾਸ ਵਾਲ਼ੇ ਰਿਸ਼ਤੇਦਾਰ ਹੀ ਤੁਹਾਡੀਆਂ ਨਾਬਾਲਿਗ ਬਾਲੜੀਆਂ ਦੀ ਇੱਜ਼ਤ-ਆਬਰੂ 'ਤੇ ਹਮਲਾਵਰ ਬਣ, ਚੀਰ-ਹਰਣ ਲਈ ਉਤਾਰੂ ਹੋ ਜਾਂਦੇ ਹਨ।

ਇਸ ਨਾਵਲ ਦੀ ਕਹਾਣੀ ਇੱਕ ਬੁੱਧੀਜੀਵੀ, ਪਰ ਨਿਰਾਸ਼ ਅਤੇ ਬਦਕਿਸਮਤ ਔਰਤ ਕੈਲਾਸ਼ ਜੀ ਦੇ ਆਲ਼ੇ-ਦੁਆਲ਼ੇ ਘੁੰਮਦੀ ਹੈ, ਜਿਸ ਨੂੰ ਅੱਲ੍ਹੜ ਵਰੇਸ ਵੇਲ਼ੇ ਦੁਸ਼ਟ ਲਾਲੇ ਤੋਂ ਲੈ ਕੇ ਬਾਲ ਵਰੇਸ ਤੋਂ ਜੁਆਨੀ ਦੀ ਸਰਦਲ ਉੱਪਰ ਪੈਰ ਰੱਖਦੀ ਨੂੰ ਉਸ ਦੇ ਆਪਣੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਵੀ ਨਹੀਂ ਬਖ਼ਸ਼ਦੇ, ਸਗੋਂ ਆਦਮਖੋਰਾਂ ਵਾਂਗ ਸਰੀਰ ਨੋਚਣ ਪੈਂਦੇ ਨੇ। ਕਮਲ ਗਿੱਲ ਦੀ ਲਿਖਣ ਅਤੇ ਪਾਰਖੂ ਕਲਾ ਕਮਾਲ ਦੀ ਹੈ। ਉਸ ਦਾ ਬਿਰਤਾਂਤਕ ਅੰਦਾਜ਼ ਬੜਾ ਸ਼ਾਨਦਾਰ ਹੈ ਅਤੇ ਉਸ ਨੂੰ ਆਪਣੀ ਗੱਲ ਕਹਿਣ ਦਾ ਬਾਖ਼ੂਬੀ ਵੱਲ ਹੈ। ਔਰਤ ਦਾ ਦੁੱਖ ਅਤੇ ਪੀੜ ਸੁਣ ਕੇ ਉਹ ਔਰਤ ਹੋਣ ਦੇ ਨਾਤੇ ਵੀ ਔਰਤ ਵੱਲ ਉਲਾਰ ਨਹੀਂ ਹੁੰਦੀ, ਸਗੋਂ ਆਪਣਾ ਮਾਨਸਿਕ ਸੰਤੁਲਨ ਬਣਾਈ ਰੱਖਦੀ ਹੈ। ਉਹ ਕਦੇ-ਕਦੇ ਗੰਭੀਰ ਵੀ ਹੁੰਦੀ ਹੈ ਅਤੇ ਮਜ਼ਾਕੀਆ ਬਿਰਤਾਂਤ ਵੀ ਸਿਰਜਦੀ ਹੈ, ਜੋ ਨਾਵਲ ਨੂੰ ਹੋਰ ਵੀ ਦਿਲਚਸਪ ਬਣਾਉਂਦਾ ਹੈ। ਪਰ ਮੈਂ ਇਹ ਸੋਚ ਕੇ ਪ੍ਰੇਸ਼ਾਨ ਹੁੰਦਾ ਹਾਂ ਕਿ ਜਦ ਕਮਲ ਨੇ ਇਹ ਨਾਵਲ ਲਿਖਿਆ ਹੋਵੇਗਾ, ਤਾਂ ਉਹ ਮਾਨਸਿਕ ਤੌਰ ਉੱਪਰ ਖ਼ੁਦ ਕਿਹੜੀਆਂ ਗੁੰਝਲਦਾਰ ਪ੍ਰਸਥਿਤੀਆਂ ਵਿਚ ਦੀ ਵਿਚਰੀ ਹੋਵੇਗੀ...?



ਔਰਤਾਂ ਦੀ ਸ਼ੈਲੀ ਦੀਆਂ ਕਿਤਾਬਾਂ ਇੱਕ ਭਾਵਨਾਤਮਿਕ ਪ੍ਰਤੀਬਿੰਬ ਵਿਚ ਮੁੱਖ ਪਾਤਰ ਦੀ ਪਾਲਣਾ ਕਰਦੀਆਂ ਹਨ, ਜਦੋਂ ਉਹ ਆਪਣੀ ਜ਼ਿੰਦਗੀ ਵਿਚ ਮੁਸ਼ਕਿਲਾਂ ਨਾਲ਼ ਦੋ ਹੱਥ ਕਰ ਰਹੀ ਹੁੰਦੀ ਹੈ। ਪਾਠਕ ਉਸ ਦੇ ਤਜਰਬਿਆਂ ਦੀ ਪਾਲਣਾ ਕਰਦਾ ਹੈ, ਕਿਉਂਕਿ ਉਸ ਦੀ ਜ਼ਿੰਦਗੀ ਵਿਚ ਤਬਦੀਲੀਆਂ ਅਤੇ ਵਿਅਕਤੀਗਤ ਵਿਕਾਸ ਹੁੰਦਾ ਹੈ। ਉਹ ਉਸ ਨੂੰ ਲੋਕਾਂ ਅਤੇ ਰਿਸ਼ਤਿਆਂ ਦੇ ਨਾਲ ਉਸ ਦੇ ਵਿਵਹਾਰ ਵਿਚ ਦੇਖਦੇ ਹਨ, ਜਿਵੇਂ ਕਿ ਉਹ ਜੀਵਨ ਦੇ ਸੰਘਰਸ਼ਾਂ ਤੋਂ ਬਦਲਦੀ ਹੈ। ਇਸੇ ਤਰ੍ਹਾਂ ਕਮਲ ਗਿੱਲ ਨੂੰ ਮੈਂ ਇੱਕ ਸੁਚੱਜੀ, ਕਿਰਿਆਸ਼ੀਲ ਜਰਨਲਿਸਟ ਅਤੇ ਸਫ਼ਲ ਅਖ਼ਬਾਰ ਸੰਪਾਦਕਾ ਵਜੋਂ ਦੇਖਿਆ ਅਤੇ ਜਾਣਿਆ ਹੈ। ਪਰ ਮੈਂ ਕਦੇ ਇਹ ਗੱਲ ਨਹੀਂ ਸੀ ਸੋਚੀ, ਕਿ ਉਹ ਇੱਕ ਵਿਸ਼ਿਸ਼ਟ ਨਾਵਲਕਾਰਾ ਵੀ ਹੋਵੇਗੀ। ਇਹ ਸੱਚ ਮੈਨੂੰ ਅਚੰਭੇ ਭਰੀ ਖ਼ੁਸ਼ੀ ਦਿੰਦਾ ਹੈ। ਮੈਂ ਉਸ ਦੀਆਂ ਕਈ ਕਹਾਣੀਆਂ ਵੱਖੋ-ਵੱਖ ਅਖ਼ਬਾਰਾਂ ਵਿਚ ਪੜ੍ਹੀਆਂ ਸਨ। ਪਰ ਉਸ ਦਾ ਇਹ ਨਾਵਲ ਪੜ੍ਹ ਕੇ, ਉਸ ਦੀ ਪਤਾਲ਼ ਦੀਆਂ ਗਹਿਰਾਈਆਂ ਮਾਪਦੀ ਸਿਰਜਣ ਸ਼ਕਤੀ ਅਤੇ ਪ੍ਰਾਪਤੀ ਮੇਰੀ ਖ਼ੁਸ਼ੀ ਨੂੰ ਹੋਰ ਵੀ ਦੂਣ-ਸਵਾਇਆ ਕਰ ਗਈ।

ਇਸ ਸਾਰੇ ਨਾਵਲ ਵਿਚ ਕੈਲਾਸ਼ ਮੈਡਮ ਆਪਣੀ ਪੂਰੀ ਜ਼ਿੰਦਗੀ ਵਿਚ ਬੇਹੱਦ ਸੰਘਰਸ਼ ਕਰਦੀ ਹੈ। ਕਈ ਜਗਾਹ 'ਤੇ ਇੰਜ ਵੀ ਜਾਪਦਾ ਹੈ ਕਿ ਉਹ ਹੁਣ ਇਸ 'ਖਲਜੱਗਣ' ਨੂੰ ਝੱਲਣ ਦੀ 'ਆਦੀ' ਹੋ ਗਈ ਹੈ ਅਤੇ ਉਸ ਨੂੰ ਕੋਈ ਅਗਲਾ 'ਖ਼ਤਰਾ' ਡਰਾਉਂਦਾ ਨਹੀਂ। ਅਖੀਰ ਉਹ 'ਵੰਨ ਮੈਨ ਆਰਮੀ' ਬਣ ਕੇ ਸਮਾਜ ਵਿਚ ਵਿਚਰਦੀ ਹੈ। ਜਦ ਕਿਸੇ ਨੂੰ ਬਹੁਤਾ ਹੀ ਸਤਾਇਆ ਗਿਆ ਹੋਵੇ, ਅਤੇ ਪੈਰ-ਪੈਰ ਉੱਪਰ ਠੋਕਰਾਂ ਵੱਜੀਆਂ ਹੋਣ, ਤਾਂ ਜ਼ਖ਼ਮ ਵੀ ਬਹੁਤੇ ਨਹੀਂ ਚਸਕਦੇ। ਜਦੋਂ ਤੁਹਾਨੂੰ ਸਮਾਜ ਜਾਂ ਸਮਾਜ ਦੇ ਅਖੌਤੀ ਠੇਕੇਦਾਰ 'ਕੂੜਾ-ਕਬਾੜਾ' ਜਾਂ 'ਪੈਰ ਦੀ ਜੁੱਤੀ' ਅਤੇ 'ਵਰਤਣ ਵਾਲੀ ਚੀਜ਼' ਮੰਨ ਕੇ ਤੁਹਾਨੂੰ 'ਟਿੱਚ' ਸਮਝਣ, ਫਿਰ ਤੁਹਾਡੀ ਜ਼ਮੀਰ ਜੁਆਲਾਮੁਖੀ ਬਣ ਤੁਰਦੀ ਹੈ ਅਤੇ ਸਾਹਮਣੇ ਵਾਲ਼ੇ ਨੂੰ ਸਾੜ ਕੇ ਰਾਖ਼ ਕਰਨ ਲਈ ਕਰਵਟ ਲੈਂਦੀ ਹੈ। ਜਦ ਅੰਨ ਅਤੇ ਅਕਲ ਦੇ ਵੈਰੀ ਆਪਣੀ ਹਉਮੈਂ ਨੂੰ ਪੱਠੇ ਪਾਉਣ, ਜਾਂ ਸ਼ੇਖ਼ੀ ਮਾਰਨ ਦੀ ਬਿਰਤੀ ਨਾਲ ਬਿਨਾ ਕਾਰਨ ਬਦਨਾਮੀ 'ਤੇ ਉਤਾਰੂ ਹੋ ਜਾਣ, ਫਿਰ ਜ਼ਮੀਰ ਵੱਲੋਂ ਲਿਆ ਗਿਆ ਫ਼ੈਸਲਾ ਤੁਹਾਨੂੰ ਜੀਣ ਦਾ ਵੱਲ ਅਤੇ ਜ਼ਮਾਨੇ ਦੇ ਢਿੱਡ 'ਚ ਟੱਕਰ ਮਾਰਨ ਦੀ ਜਾਚ ਸਿਖਾਉਂਦਾ ਹੈ। ਨਾਲ਼ ਹੀ ਨਾਲ ਇਹ ਵੀ ਚਾਨਣ ਕਰਦਾ ਹੈ, ਕਿ ਜਦ ਖਾਂਦੇ ਦੀ ਦਾਹੜੀ ਹਿੱਲਣ ਲੱਗ ਜਾਵੇ, ਤਾਂ ਸਾਹਮਣੇ ਵਾਲ਼ੇ ਦੀ ਟੀਰੀ ਅੱਖ ਵਿਚ ਸੇਹ ਦਾ ਤੱਕਲ਼ਾ ਕਿਵੇਂ ਗੱਡਣਾ ਹੈ। ਕਮਲ ਗਿੱਲ ਲਿਖਣ ਸਮੇਂ ਸੁੱਤੀ ਪਈ ਵੀ ਸੱਪ ਵਾਂਗ ਅੱਖਾਂ ਖੋਲ੍ਹ ਕੇ ਰੱਖਦੀ ਹੈ।

ਕੁੱਲ ਮਿਲ਼ਾ ਕੇ ਕਮਲ ਗਿੱਲ ਦਾ ਨਾਵਲ 'ਗੰਧਲ਼ੇ ਰਿਸ਼ਤੇ' ਇੱਕ ਬਿਹਤਰੀਨ ਅਤੇ ਔਰਤ ਦੀ ਪੀੜ ਦਾ ਅਹਿਸਾਸ ਕਰ ਕੇ, ਉਸ ਨਾਲ਼ ਦੁੱਖ ਵੰਡਾਉਣ ਵਾਲ਼ਾ ਉੱਤਮ ਨਾਵਲ ਹੈ। ਮੈਂ ਕਮਲ ਗਿੱਲ ਨੂੰ ਇਸ ਦਿਲਚਸਪ ਅਤੇ ਸਿੱਖਿਆਦਾਇਕ ਨਾਵਲ ਸਿਰਜਣ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ। ਇਹ ਨਾਵਲ ਹਰ ਮਾਂ, ਬਾਪ ਅਤੇ ਧੀ-ਭੈਣ ਨੂੰ ਪੜ੍ਹਨਾ ਚਾਹੀਦਾ ਹੈ। ਮੈਨੂੰ ਪੂਰੀ ਆਸ ਹੈ ਕਿ 'ਗੰਧਲ਼ੇ ਰਿਸ਼ਤੇ' ਨਾਵਲ ਪੜ੍ਹ ਕੇ ਅੱਖਾਂ ਮੀਟ ਕੇ 'ਨੇੜਲੇ' ਰਿਸ਼ਤੇਦਾਰਾਂ ਉੱਪਰ ਵਿਸ਼ਵਾਸ ਕਰਨ ਵਾਲ਼ੇ ਮਾਪੇ ਆਪਣੀਆਂ ਬਾਲੜੀਆਂ ਨਾਲ ਹੋਣ ਵਾਲ਼ੇ ਸ਼ੋਸ਼ਣ ਪ੍ਰਤੀ ਜਾਗਰੂਕ ਹੋਣਗੇ। ਮੈਂ ਪੁਰਜ਼ੋਰ ਅਪੀਲ ਕਰਾਂਗਾ ਕਿ ਇਹ ਨਾਵਲ ਹਰ ਘਰ ਵਿਚ ਮੌਜੂਦ ਹੋਣਾ ਚਾਹੀਦਾ ਹੈ, ਤਾਂ ਕਿ ਲੋਕ ਪੜ੍ਹ ਕੇ ਸਾਵਧਾਨ ਹੋ ਸਕਣ ਅਤੇ ਘਾਹ ਦੇ ਸੱਪਾਂ ਤੋਂ ਬਚਿਆਂ ਦੇ ਹੁੰਦੇ ਸ਼ੋਸ਼ਣ ਨੂੰ ਠੱਲ੍ਹ ਪਾਈ ਜਾ ਸਕੇ। ਕਮਲ ਗਿੱਲ ਤੋਂ ਮੈਨੂੰ ਇਸ ਤੋਂ ਵੀ ਵੱਧ ਸਿੱਖਿਆਦਾਇਕ ਅਤੇ ਗੁਣਾਂ ਦੀ ਗੁਥਲੀ ਵਰਗੇ ਹੋਰ ਨਾਵਲਾਂ ਦੀ ਆਸ ਰਹੇਗੀ।

# ਡਾ. ਸਿੰਘ ਤੇ ਪੰਡਤ ਨਹਿਰੂ ਨੂੰ ਚਾਹੁਣ ਵਾਲਿਆਂ ਦੇ ਰੰਗ-ਢੰਗ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਅੱਜ ਦੇ ਦਿਨ ਮੇਰੇ ਲਈ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਪੰਡਤ ਨਹਿਰੂ ਦੀ ਗੱਲ ਕਰਨਾ ਆਪ-ਬੀਤੀ ਤੇ ਜੱਗਬੀਤੀ ਦੇ ਵਰਕੇ ਫਰੋਲਣਾ ਹੈ। ਮੈਂ ਦੇਸ਼ ਸੇਵਕ ਸਮਾਚਾਰ ਪੱਤਰ ਨੂੰ ਲੀਹੇ ਪਾਉਣ ਵਿਚ ਰੁੱਝਾ ਹੋਇਆ ਸਾਂ ਕਿ 1996 ਦੇ ਕਿਸੇ ਦਿਨ ਮੈਨੂੰ ਲਾਜਪਤ ਰਾਇ ਭਵਨ ਵਾਲਿਆਂ ਦਾ ਸੰਦੇਸ਼ ਆ ਗਿਆ ਕਿ ਉੱਥੇ ਕੋਈ ਕਾਨਫਰੰਸ ਹੋ ਰਹੀ ਹੈ ਤੇ ਮੈਂ ਉਸ ਵਿਚ ਹਾਜ਼ਰੀ ਭਰਨੀ ਹੈ। ਭਵਨ ਦੇ ਪਰਵੇਸ਼ ਦੁਆਰ ਪਹੁੰਚਿਆ ਤਾਂ ਕੁੱਝ ਜਾਣੇ ਪਹਿਚਾਣੇ ਚਿਹਰੇ ਗੱਲਾਂ ਕਰਦੇ ਮਿਲੇ। ਮੈਂ ਵੀ ਉਨ੍ਹਾਂ ਵਿਚ ਰਲ ਗਿਆ। ਅਚਾਨਕ ਹੀ ਬੋਲ ਸੁਣਾਈ ਦਿੱਤੇ, 'ਮੁੱਖ ਮਹਿਮਾਨ ਆ ਗਏ ਹਨ, ਕੁਰਸੀਆਂ ਖਾਲੀ ਹਨ। ਮੁੱਖ ਪ੍ਰਬੰਧਕ ਮੈਨੂੰ ਇਕ ਪਾਸੇ ਲਿਜਾ ਕੇ ਕਹਿਣ ਲੱਗਿਆ, "ਤੁਸੀਂ ਮੌਕਾ ਸਾਂਭੋ ਤੇ ਮੈਂ ਸਭਨਾਂ ਨੂੰ ਸੀਟਾਂ ਸਾਂਭਣ ਲਈ ਪਰੇਰਦਾ ਹਾਂ।" ਮੌਕੇ ਤੋਂ ਉਸਦਾ ਭਾਵ ਮਨਮੋਹਨ ਸਿੰਘ ਸੀ। ਮਨਮੋਹਨ ਸਿੰਘ ਕੇਂਦਰ ਦੇ ਵਿਤ ਮੰਤਰੀ ਸਨ ਉਨ੍ਹਾਂ ਨੇ ਉਦਘਾਟਨ ਕਰਨਾ ਸੀ ਤੇ ਉਹ ਦੋ-ਚਾਰ ਮਿੰਟ ਪਹਿਲਾਂ ਹੀ ਆ ਗਏ ਸਨ। ਮੈਂ ਉਨ੍ਹਾਂ ਨੂੰ ਅਗਲੀ ਸੀਟ ਉੱਤੇ ਬੈਠਾ ਕੇ ਉਨ੍ਹਾਂ ਦੇ ਕੋਲ ਬੈਠ ਗਿਆ। "ਮੈਂ ਤੁਹਾਡੇ ਵਿਦਿਆਰਥੀ ਨਾਲ ਦੇ ਸਾਥੀ ਸੁਰਜੀਤ ਹਾਂਸ ਦਾ ਦੋਸਤ ਹਾਂ" ਮੈਨੂੰ ਹੋਰ ਕੁੱਝ ਨਾ ਸੁੱਝਿਆ ਤਾਂ ਗੱਲ ਤੋਰਨ ਲਈ ਹਾਂਸ ਦਾ ਨਾਂ ਲਿਆ ਜਿਹੜਾ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਮਨਮੋਹਨ ਸਿੰਘ ਦੇ ਕਾਲਜ ਵਿਚ ਇਤਿਹਾਸ ਦੀ ਐਮ.ਏ. ਦਾ ਵਿਦਿਆਰਥੀ ਸੀ। "ਉਹ ਤਾਂ ਅੱਜ ਕਲ੍ਹ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਚ ਵਿਜ਼ਟਿੰਗ ਪ੍ਰੋਫੈਸਰ ਹਨ।" ਮਨਮੋਹਨ ਸਿੰਘ ਨੇ ਹਾਂਸ ਬਾਰੇ ਇਹ ਸ਼ਬਦ ਏਦਾਂ ਬੋਲੇ ਜਿਵੇਂ ਕੋਈ ਆਪਣੇ ਤੋਂ ਵੱਡੇ ਬੰਦੇ ਦੀ ਗੱਲ ਕਰਦਾ ਹੈ।

ਹਾਲ ਕਮਰਾ ਏਨਾ ਖਾਲੀ ਨਹੀਂ ਸੀ ਜਿੰਨਾ ਪ੍ਰਬੰਧਕਾਂ ਦੀ ਘਬਰਾਹਟ ਤੇ ਉਨ੍ਹਾਂ ਦੇ ਸਾਹਾਂ ਦੀ ਧੌਂਕਣੀ ਦਰਸਾ ਰਹੀ ਸੀ। 8-10 ਮਿੰਟ ਹੋਰ ਤੇ ਸਾਰੀਆਂ ਸੀਟਾਂ ਭਰ ਗਈਆਂ। ਮੈਂ ਤੇ ਡਾ. ਮਨਮੋਹਨ ਸਿੰਘ ਉਨ੍ਹਾਂ ਵੇਲਿਆਂ ਦੇ ਹੁਸ਼ਿਆਰਪੁਰ ਕਾਲਜ ਦੀਆਂ ਗੱਲਾਂ ਕਰਦੇ ਰਹੇ ਜਿਹੜਾ ਲਾਹੌਰ ਤੋਂ ਉੱਜੜ ਕੇ ਆਈ ਪੰਜਾਬ ਯੂਨੀਵਰਸਿਟੀ ਦਾ ਮੁੱਖ ਦਫਤਰ ਬਣ ਚੁੱਕਿਆ ਸੀ। ਡਾਕਟਰ ਸਾਹਬ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦਿਨਾਂ ਵਿਚ ਪ੍ਰਸਿੱਧ ਕਲਾ ਪਾਰਖੂ ਤੇ ਆਰਟ ਹਿਸਟੋਰੀਅਨ ਬੀ ਐਨ ਗੋਸਵਾਮੀ ਵੀ ਆਈ.ਏ.ਐਸ. ਅਧਿਕਾਰੀ ਵਾਲੀ ਨੌਕਰੀ ਛੱਡ ਕੇ ਉਚੇਰੀ ਵਿਦਿਆ ਲਈ ਉਸ ਕਾਲਜ ਵਿਚ ਆ ਗਿਆ ਸੀ। ਮੈਂ ਦੱਸਿਆ ਕਿ ਖਾਲਸਾ ਕਾਲਜ ਮਾਹਲਪੁਰ ਵਾਲਾ ਯਸ਼ਦੀਪ ਬੈਂਸ ਵੀ ਉਨ੍ਹਾਂ ਵਾਲੇ ਕਾਲਜ ਦਾ ਵਿਦਿਆਰਥੀ ਸੀ, ਜਿਹੜਾ ਅਮਰੀਕਾ ਜਾ ਕੇ ਸ਼ੇਕਸਪੀਅਰ ਤੇ ਸਕਾਲਰ ਵਜੋਂ ਪ੍ਰਸਿੱਧ ਹੋਇਆ। ਇਨ੍ਹਾਂ ਸਾਰਿਆਂ ਦੀ ਪੜ੍ਹਾਈ ਦੇ ਵਿਸ਼ੇ ਤਾਂ ਵੱਖ-ਵੱਖ ਸਨ ਪਰ ਇੱਕ ਹੀ ਹੋਸਟਲ ਵਿਚ ਰਹਿੰਦੇ ਹੋਣ ਕਾਰਨ ਇੱਕ ਦੂਜੇ ਦੇ ਚੰਗੇ ਜਾਣੂ ਸਨ। ਖ਼ੂਬੀ ਇਹ ਕਿ ਉਨ੍ਹਾਂ ਦੀ ਗੱਲ ਕਰਦੇ ਸਮੇਂ ਡਾ. ਮਨਮੋਹਨ ਸਿੰਘ ਉਨ੍ਹਾਂ ਲਈ ਉੱਤਮੀ ਸੰਬੋਧਨ ਵਰਤ ਰਹੇ ਸਨ ਤੇ ਮੈਂ ਉੱਕਾ ਹੀ ਨਹੀਂ। ਜਦੋਂ ਤੱਕ ਮੈਨੂੰ ਆਪਣੀ ਅਣਗਹਿਲੀ ਦਾ ਅਹਿਸਾਸ ਹੋਇਆ ਪ੍ਰਬੰਧਕ ਉਨ੍ਹਾਂ ਨੂੰ ਮੰਚ ਉੱਤੇ ਲਿਜਾ ਚੁੱਕੇ ਸਨ। ਇਹ ਮੇਰੀ ਉਨ੍ਹਾਂ ਨਾਲ ਪਹਿਲੀ ਤੇ ਆਖਰੀ ਮਿਲਣੀ ਸੀ ਜਿਸ ਵਿਚ ਮੈਂ ਉਨ੍ਹਾਂ ਦੇ ਸਲੀਕੇ ਨੂੰ ਜਾਣਿਆ।

ਇਹ ਵੀ ਦੱਸ ਦਿਆਂ ਕਿ ਇਨ੍ਹਾਂ ਸੱਜਣਾ ਦੇ ਹੁਸ਼ਿਆਰਪੁਰ ਪੜ੍ਹਨ ਸਮੇਂ ਮੈਂ ਮਾਹਿਲਪੁਰ ਛੱਡ ਕੇ ਆਪਣੇ ਮਾਮਿਆਂ ਕੋਲ ਦਿੱਲੀ ਜਾ ਚੁੱਕਿਆ ਸਾਂ ਭਾਵੇਂ ਹੁਸ਼ਿਆਰਪੁਰ ਉਥੋਂ 20 ਕਿਲੋਮੀਟਰ ਹੀ ਸੀ ਪਰ ਮੇਰੇ ਬਾਪੂ ਜੀ ਨੂੰ ਮਾਹਿਲਪੁਰ ਤੱਕ ਪਿੰਡ ਤੋਂ ਸਾਈਕਲ ਉੱਤੇ ਜਾਣਾ ਤਾਂ ਗਵਾਰਾ ਸੀ ਪਰ ਹੁਸ਼ਿਆਰਪੁਰ ਪੜ੍ਹਨ ਲਈ ਹੋਸਟਲ ਵਿਚ ਰਹਿਣ ਦਾ ਖਰਚਾ ਉੱਕਾ ਹੀ ਨਹੀਂ। ਬਾਪੂ ਜੀ ਰੋਜ਼ੀ ਰੋਟੀ ਲਈ ਊਠਾਂ ਉਤੇ ਸਾਮਾਨ ਢੋਂਦੇ ਸਨ, ਮਨਮੋਹਨ ਸਿੰਘ ਦੇ ਪਿਤਾ ਕਰਿਆਨੇ ਦੀ ਦੁਕਾਨ ਕਰਦੇ ਸਨ ਤੇ ਗੋਸਵਾਮੀ ਦਾ ਪਰਿਵਾਰ ਵੀ ਮਨਮੋਹਨ ਸਿੰਘ ਵਾਂਗ ਪਾਕਿਸਤਾਨ ਤੋਂ ਉੱਜੜ ਕੇ ਆਇਆ ਸੀ ਪਰ ਉਸਦੇ ਪਿਤਾ ਜੀ ਹੁਸ਼ਿਆਰਪੁਰ ਜੱਜ ਲਗੇ ਹੋਏ ਸਨ। ਯਸ਼ਦੀਪ ਬੈਂਸ ਜਿਹੜਾ ਮੇਰੇ ਬੀ.ਏ. ਕਰਦੇ ਸਮੇਂ ਉਥੋਂ ਐਫ.ਏ. ਕਰ ਰਿਹਾ ਸੀ ਦੇ ਪਿਤਾ ਗੁਰਬਚਨ ਸਿੰਘ ਦੀ ਮਾਹਿਲਪੁਰ ਵਿਚ ਚੋਖੀ ਜਾਇਦਾਦ ਸੀ ਤੇ ਬਾਬੂ ਜੀ ਵਜੋਂ ਜਾਣੇ ਜਾਂਦੇ ਸਨ। ਏਧਰ ਹਾਂਸ ਦੇ ਪਿਤਾ ਗੋਰੀ ਸਰਕਾਰ ਵੇਲੇ ਨਹਿਰਾਂ ਦੇ ਓਵਰਸੀਅਰ ਸਨ।

ਇਹ ਸਬੱਬ ਦੀ ਗੱਲ ਹੈ ਕਿ ਮਨਮੋਹਨ ਸਿੰਘ ਦੇ ਅਕਾਲ ਚਲਾਣੇ ਤੋਂ ਇੱਕ ਦਿਨ ਪਹਿਲਾਂ ਭਾਰਤ ਨੂੰ ਮਾਰੂਤੀ 800 ਵਰਗੀ ਸੋਹਣੀ ਸੁਨੱਖੀ ਕਾਰ ਦੇਣ ਵਾਲਾ ਓਧਾਮੂ ਸ਼ਜ਼ੀਕੀ ਵੀ 94 ਸਾਲ ਦੀ ਉਮਰ ਭੋਗ ਕੇ ਤੁਰ ਗਿਆ ਤੇ ਚਾਰ ਦਿਨ ਪਿੱਛੋਂ ਅਮਰੀਕਾ ਦਾ ਸੌ ਸਾਲਾ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਵੀ। ਇਨ੍ਹਾਂ ਸਭਨਾਂ ਨੇ 2024 ਦੇ ਅੰਤਮ ਸਪਤਾਹ ਨੂੰ ਮਹਾਨ ਸ਼ਖ਼ਸੀਅਤਾਂ ਤੋਰਨ ਵਾਲਾ ਬਣਾ ਦਿੱਤਾ। ਇਨ੍ਹਾਂ ਵਿਚੋਂ ਮਨਮੋਹਨ ਸਿੰਘ ਇਕੱਲਾ ਹੀ ਸੀ ਜਿਸ ਨੇ



ਪਾਕਿਸਤਾਨ ਦੇ ਨਿੱਕੇ ਜਿਹੇ ਪਿੰਡ ਵਿਚ ਜਨਮ ਲੈ ਕੇ ਆਪਣੀ ਬੁੱਧੀ ਵਿਵੇਕ ਸਦਕਾ ਵਜ਼ੀਫੇ ਪ੍ਰਾਪਤ ਕਰਦਿਆਂ ਆਕਸਫੋਰਡ ਤੇ ਕੈਂਬਰਿਜ ਤੋਂ ਵਿਦਿਆ ਪ੍ਰਾਪਤ ਕੀਤੀ। ਰਾਸ਼ਟਰੀ ਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਮੁਖੀ ਰਹੇ। ਪਲਾਨਿੰਗ ਕਮਿਸ਼ਨ, ਭਾਰਤੀ ਰਿਜ਼ਰਵ ਬੈਂਕ, ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਅੰਤਰਰਾਸ਼ਟਰੀ ਸਾਊਥ ਕਮਿਸ਼ਨ ਜੇਨੀਵਾ ਤੇ ਇੱਕ ਪ੍ਰਮੁੱਖ ਲੋਕਤੰਤਰ ਦੇ ਦੋ ਵਾਰ ਪ੍ਰਧਾਨ ਮੰਤਰੀ ਵਜੋਂ। ਇਨ੍ਹਾਂ ਵਿਚ 1995 ਵਾਲਾ ਇੰਡੀਅਨ ਸਾਇੰਸ ਕਾਂਗਰਸ ਵਾਲਾ ਜਵਾਹਰ ਲਾਲ ਨਹਿਰੂ ਪੁਰਸਕਾਰ ਵੀ ਸ਼ਾਮਲ ਕਰ ਲਈਏ ਤਾਂ ਮਿਰਜ਼ਾ ਗਾਲਿਬ ਦਾ ਸ਼ਿਅਰ ਚੇਤੇ ਆ ਜਾਵੇਗਾ:

ਮੰਜ਼ਿਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ
ਅਰਸ਼ ਸੇ ਇਧਰ ਹੋਤਾ ਕਾਸ਼ ਕਿ ਮਕਾਂ ਅਪਨਾ

ਪੰਡਤ ਜਵਾਹਰ ਲਾਲ ਨਹਿਰੂ ਦੇ ਦੇਹਾਂਤ ਸਮੇਂ ਮੈਂ ਬੱਸ ਰਾਹੀਂ ਪਟਿਆਲਾ ਤੋਂ ਦਿੱਲੀ ਜਾ ਰਿਹਾ ਸਾਂ। 27 ਮਈ ਦਾ ਤਪਸ਼ ਭਰਿਆ ਦਿਨ ਸੀ। ਅੰਬਾਲਾ ਤੋਂ ਚੜ੍ਹਨ ਵਾਲੇ ਟਿਕਟ ਚੈੱਕਰ ਨੇ ਤਪਸ਼ ਹੋਰ ਵੀ ਤੇਜ਼ ਕਰ ਦਿੱਤੀ। ਉਹ ਕਿਸੇ ਗੱਲੋਂ ਕੰਡਕਟਰ ਤੋਂ ਖਫਾ ਸੀ ਤੇ ਬੱਸ ਵਿਚ ਪ੍ਰਵੇਸ਼ ਕਰਦੇ ਸਾਰ ਉਹਦੇ ਉੱਤੇ ਵਰ੍ਹ ਪਿਆ। ਸਵਾਰੀਆਂ ਨੇ ਗਰਮੀ ਦਾ ਵਾਸਤਾ ਪਾ ਕੇ ਉਸਨੂੰ ਠੰਢਾ ਕੀਤਾ ਤਾਂ ਬੱਸ ਸ਼ਾਹਾਬਾਦ ਮਾਰਕੰਡਾ ਲੰਘ ਚੁੱਕੀ ਸੀ। ਇਸ ਤੋਂ ਪਿੱਛੋਂ ਤੁਹਾਨੂੰ ਪਤੈ ਪੰਡਤ ਜੀ ਚੱਲ ਵੱਸੇ ਹਨ? ਉਸਦੇ ਵਾਕ ਨੇ ਸਾਰੇ ਮਾਹੌਲ ਨੂੰ ਸ਼ਾਂਤ ਕਰ ਦਿੱਤਾ। "ਕਿਹੜੇ ਪੰਡਤ ਜੀ?" ਕਿਸੇ ਦੀ ਮਰੀ ਜਿਹੀ ਆਵਾਜ਼ ਆਈ। "ਆਪਣੇ ਪ੍ਰਧਾਨ ਮੰਤਰੀ ਪੰਡਤ ਨਹਿਰੂ।"

ਚੈੱਕਰ ਨੇ ਸਹਿਜ ਨਾਲ ਉੱਤਰ ਦਿੱਤਾ। ਇਹ ਸੁਣਦੇ ਸਾਰ ਡਰਾਈਵਰ ਨੇ ਬਰੇਕਾਂ ਲਾ ਕੇ ਬੱਸ ਸੜਕ ਦੇ ਖੱਬੇ ਹੱਥ ਖੜ੍ਹੀ ਕਰ ਦਿੱਤੀ ਤੇ ਸਾਰੇ ਮਾਹੌਲ ਮੁਰਦੇਹਾਣੀ ਛਾ ਗਈ। ਸਵਾਰੀਆਂ ਦੇ ਮਨਾਂ ਵਿਚ ਡਰਾਈਵਰ ਦਾ ਇਹਤਰਾਮ ਸੀ। ਬੱਸ ਦੇ ਮੁੜ ਚਲਦਿਆਂ ਸਾਰ ਪੰਡਤ ਨਹਿਰੂ ਦੀ ਉਸਤਤ ਵਿਚ ਏਨੀਆਂ ਗੱਲਾਂ ਹੋਈਆਂ ਕਿ ਹਰ ਕਿਸੇ ਨੂੰ ਗਰਮੀ ਦੀ ਤਪਸ਼ ਭੁੱਲ ਗਈ। ਪਤਾ ਹੀ ਨਹੀਂ ਲਗਿਆ ਕਦ ਪਾਣੀਪਤ ਪਹੁੰਚ ਗਏ। ਉਦੋਂ ਏਥੇ ਅੱਜ ਵਾਲਾ ਫਲਾਈ ਓਵਰ ਨਹੀਂ ਸੀ ਬਣਿਆ। ਕੀ ਵੇਖਦੇ ਹਾਂ ਕਿ ਖੱਬੇ ਸੱਜੇ ਦੀਆਂ ਦੁਕਾਨਾਂ ਬੰਦ ਹਨ ਤੇ ਸਾਰੇ ਵਸਨੀਕ ਇੱਕ ਵੱਡੇ ਜਲੂਸ ਦੇ ਰੂਪ ਵਿਚ ਤੁਰ ਰਹੇ ਹਨ।

ਇੱਕ ਵੱਡਾ ਜਲੂਸ ਚੁਪਚਾਪ ਜਾ ਰਿਹਾ ਸੀ ਕਿ ਡਰਾਈਵਰ ਨੇ ਅਚਾਨਕ ਬਰੇਕਾਂ ਲਾ ਕੇ ਪਹਿਲਾਂ ਵਾਂਗ ਹੀ ਬੱਸ ਰੋਕ ਲਈ। ਭੀੜ ਦਾ ਕੋਈ ਅੰਤ ਨਹੀਂ ਸੀ। ਮੈਂ ਵੇਖਿਆ ਕਿ ਜਲੂਸ ਵਾਲੇ ਡਰਾਈਵਰ ਨੂੰ ਹੇਠਾਂ ਵਲ ਖਿੱਚਦੇ ਹੋਏ ਅਬਾ-ਤਬਾ ਬੋਲ ਰਹੇ ਸਨ। ਇਹ ਵੀ ਕਿ ਉਸਨੇ ਹੌਰਨ ਕਿਉਂ ਵਜਾਇਆ ਸੀ। ਡਰਾਈਵਰ ਸਿੱਖ ਸੀ ਤੇ ਅਸੀਂ ਹਰਿਆਣਾ ਦੇ ਉਸ ਗੜ੍ਹ ਵਿਚੋਂ ਲੰਘ ਰਹੇ ਸਾਂ ਜਿੱਥੇ ਪੰਜਾਬੀ ਸੂਬੇ ਦੀ ਮੰਗ ਕਾਰਨ ਹਰਿਆਣਵੀ ਹਿੰਦੂ ਸਿੱਖਾਂ ਨੂੰ ਵੇਖ ਨਹੀਂ ਸਨ ਸੁਖਾਂਦੇ। ਡਰਾਈਵਰ ਨੂੰ ਕੋਈ ਵੀ ਆਂਚ ਆ ਸਕਦੀ ਸੀ। ਉਸ ਡਰਾਈਵਰ ਨੂੰ ਜਿਸਦਾ ਪੰਡਤ ਜੀ ਪ੍ਰਤੀ ਮੋਹ ਤੇ ਸਤਿਕਾਰ ਅਸੀਂ ਅੱਧਾ ਪੌਣਾ ਘੰਟਾ ਪਹਿਲਾਂ ਹੀ ਤੱਕਿਆ ਸੀ।

ਮੈਂ ਮੌਕਾ ਸਾਂਭਣ ਲਈ ਦਖਲ ਦੇਣਾ ਚਾਹਿਆ ਤਾਂ ਥੱਲੇ ਉਤਰ ਕੇ ਕੀ ਵੇਖਦਾ ਹਾਂ ਕਿ ਸਿੱਖ ਡਰਾਈਵਰ ਨੂੰ ਸੀਟ ਤੋਂ ਥੱਲੇ ਵੱਲ ਖਿੱਚਣ ਵਾਲਿਆਂ ਵਿਚ ਸਿੱਖ ਬਹੁਤੇ ਸਨ ਤੇ ਹਿੰਦੂ ਘੱਟ। ਸ਼ਾਇਦ ਏਸ ਲਈ ਕਿ ਇਸ ਮੌਕੇ ਹਿੰਦੂਆਂ ਦਾ ਦਖਲ ਸਥਿਤੀ ਨੂੰ ਗਲਤ ਅਰਥ ਪ੍ਰਦਾਨ ਕਰ ਸਕਦਾ ਸੀ। ਇਹੋ ਜਿਹੇ ਵਿਚ ਬੱਸ ਤੋਂ ਥੱਲੇ ਉਤਰ ਕੇ ਉਨ੍ਹਾਂ ਨੂੰ ਸਮਝਾਉਣ ਦੀ ਸ਼ਕਤੀ ਵੀ ਮੈਨੂੰ ਮਾੜੀ ਖਬਰ ਸੁਣ ਕੇ ਸਿੱਖ ਡਰਾਈਵਰ ਵਲੋਂ ਬੱਸ ਖੜੀ ਕਰਨ ਤੋਂ ਮਿਲੀ ਸੀ। ਜਦ ਮੈਂ ਤੱਕਿਆ ਕਿ ਕਿਸੇ ਪ੍ਰਕਾਰ ਦੀ ਦੁਰਘਟਨਾ ਦੀ ਸੰਭਾਵਨਾ ਨਹੀਂ ਤਾਂ ਉਨ੍ਹੀਂ ਪੈਰੀਂ ਵਾਪਸ ਪਰਤ ਕੇ ਆਪਣੀ ਸੀਟ ਉੱਤੇ ਜਾ ਬੈਠਿਆ।

ਜੇ ਪੰਡਤ ਨਹਿਰੂ ਵਾਲੀ ਉਸ ਗੱਲ ਦਾ ਪ੍ਰਸੰਗ ਏਥੇ ਵੀ ਜੜਦਾ ਹੋਵੇ ਮੇਰਾ ਮਨ ਤਦ ਵੀ ਦੱਸੇ ਬਿਨਾਂ ਨਹੀਂ ਸੀ ਰਹਿ ਸਕਦਾ।

**ਅੰਤਿਕਾ**

ਇਸ ਵਰ੍ਹੇ ਦਾ ਰਾਸ਼ਟਰੀ ਸਾਹਿਤ ਅਕਾਡਮੀ ਪੁਰਸਕਾਰ ਜੇਤੂ ਹਿੰਦੀ ਸ਼ਾਇਰਾ ਗਗਨ ਗਿੱਲ।

ਪਿਤਾ ਨੇ ਕਿਹਾ
ਮੈਂ ਤੈਨੂੰ ਅਜੇ ਤੱਕ ਵਿਦਾ ਨਹੀਂ ਕੀਤਾ
ਤੂੰ ਮੇਰੇ ਅੰਦਰ ਹੈਂ
ਦੁੱਖ ਦੀ ਥਾਵੇਂ
.....
ਚਿੰਤਾ ਨਾ, ਕਰ
ਪਿਤਾ ਨੇ ਕਿਹਾ
ਹੁਣ ਦੁੱਖ ਹੀ ਤੇਰਾ ਪਿਤਾ ਹੈ
ਅਨੁਵਾਦ: ਅਮਰਜੀਤ ਕੌਂਕੇ

# ਸੰਘਰਸ਼ ਜੀਵਨ ਦਾ ਮੂਲ ਮੰਤਰ ਹੈ

***ਦੋਸਤੋ, ਸੰਘਰਸ਼ ਸਾਨੂੰ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਦਾ ਅਨੁਭਵ ਕਰਵਾਉਂਦਾ ਹੈ, ਸਾਨੂੰ ਚੰਗੇ-ਮਾੜੇ ਦੀ ਪਛਾਣ ਕਰਵਾਉਂਦਾ ਹੈ, ਸਾਨੂੰ ਨਿਰੰਤਰ ਕਾਰਜਸ਼ੀਲ ਰਹਿਣਾ ਸਿਖਾਉਂਦਾ ਹੈ, ਸਮੇਂ ਦੀ ਕਦਰ ਸਿਖਾਉਂਦਾ ਹੈ, ਜਿਸ ਕਾਰਨ ਅਸੀਂ ਪ੍ਰੇਰਿਤ ਹੁੰਦੇ ਹਾਂ ਅਤੇ ਸਸ਼ਕਤੀਕਰਨ ਦੇ ਨਾਲ ਦੁਬਾਰਾ ਆਪਣੇ ਟੀਚੇ ਲਈ ਸਮਰਪਿਤ ਹੋ ਜਾਂਦੇ ਹਾਂ।***

**ਐਡਵੋਕੇਟ ਕਿਸ਼ਨ ਸਨਮੁਖਦਾਸ**
ਭਵਨਾਨੀ ਗੋਂਦੀਆ ਮਹਾਰਾਸ਼ਟਰ

ਮਨੁੱਖ ਦੇ ਜੀਵਨ ਵਿਚ ਸੰਘਰਸ਼, ਮਿਹਨਤ ਅਤੇ ਹੁਨਰ ਉਹ ਤਿੰਨ ਹਥਿਆਰ ਹਨ ਜੋ ਜ਼ਿੰਦਗੀ ਵਿਚ ਸਫਲਤਾ ਦੇ ਮੂਲ ਮੰਤਰ ਹਨ, ਇਨ੍ਹਾਂ ਤਿੰਨਾਂ ਮੰਤਰਾਂ ਦੇ ਬਲ 'ਤੇ ਹਰ ਮਨੁੱਖ ਆਪਣੀ ਜ਼ਿੰਦਗੀ ਦੀ ਗੱਡੀ ਨੂੰ ਆਪਣੀ ਮੰਜ਼ਲਿ 'ਤੇ ਲਿਜਾਣ 'ਚ ਸਫਲ ਹੁੰਦਾ ਹੈ। ਕਿਉਂਕਿ ਅੱਜ ਦੇ ਯੁੱਗ ਵਿੱਚ ਸਫ਼ਲਤਾ ਹਾਸਲ ਕਰਨ ਲਈ ਸਾਨੂੰ ਸੰਘਰਸ਼ ਦੀ ਪੌੜੀ ਚੜ੍ਹਨੀ ਪੈਂਦੀ ਹੈ, ਭਾਵੇਂ ਅਸੀਂ ਇਸ ਪੌੜੀ ਤੋਂ ਕਈ ਵਾਰ ਖਿਸਕੀਏ, ਪਰ ਜੇਕਰ ਸਫ਼ਲਤਾ ਹਾਸਲ ਕਰਨ ਦਾ ਜਜ਼ਬਾ ਅਤੇ ਹਿੰਮਤ ਹੋਵੇ ਤਾਂ ਫਿਸਲਣ ਤੋਂ ਬਾਅਦ ਅਸੀਂ ਮੁੜ ਖੜ੍ਹੇ ਹੋ ਸਕਦੇ ਹਾਂ। ਸਫਲਤਾ ਪੌੜੀਆਂ ਚੜ੍ਹਨਾ ਹੈ। ਇਸ ਨੂੰ ਸੰਘਰਸ਼ ਦਾ ਨਾਮ ਦਿੱਤਾ ਗਿਆ ਹੈ, ਇਸ ਰਾਹੀਂ ਅਸੀਂ ਯਕੀਨੀ ਤੌਰ 'ਤੇ ਸਫਲਤਾ ਦੀ ਇਸ ਪੌੜੀ ਦੇ ਆਖਰੀ ਪਹੀਏ ਤੱਕ ਪਹੁੰਚ ਸਕਾਂਗੇ ਅਤੇ ਆਪਣਾ, ਆਪਣੇ ਪਰਿਵਾਰ ਅਤੇ ਭਾਰਤ ਦਾ ਨਾਮ ਰੌਸ਼ਨ ਕਰ ਸਕਾਂਗੇ।

ਦੋਸਤੋ, ਜੇਕਰ ਅਸੀਂ ਕੀੜੀ ਤੋਂ ਸਖ਼ਤ ਮਿਹਨਤ, ਬਗਲੇ ਤੋਂ ਕਾਰੀਗਰੀ ਅਤੇ ਮੱਕੜੀ ਤੋਂ ਕਾਰੀਗਰੀ ਸਿੱਖਣ ਦੀ ਗੱਲ ਕਰੀਏ ਤਾਂ ਛੋਟੀ ਕੀੜੀ ਇੱਕ ਮਹੀਨਾ ਸਖ਼ਤ ਮਿਹਨਤ ਕਰਕੇ ਸਾਰਾ ਸਾਲ ਆਰਾਮ ਨਾਲ ਅਤੇ ਬੇਫਿਕਰ ਹੋ ਕੇ ਆਪਣਾ ਜੀਵਨ ਬਤੀਤ ਕਰਦੀ ਹੈ। ਸਖ਼ਤ ਮਿਹਨਤ ਤੋਂ ਬਿਨਾਂ ਜ਼ਿੰਦਗੀ ਖੁਸ਼ਹਾਲ ਅਤੇ ਬੇਫਿਕਰ ਨਹੀਂ ਹੋ ਸਕਦੀ, ਇਹ ਉਸ ਛੋਟੀ ਕੀੜੀ ਦੀ ਜ਼ਿੰਦਗੀ ਦਾ ਸਬਕ ਹੈ। ਭਾਵੇਂ ਬਗਲਾ ਆਪਣੇ ਦਿਖਾਵੇ ਲਈ ਜਾਣਿਆ ਜਾਂਦਾ ਹੈ, ਪਰ ਬਗਲੇ ਦਾ ਦਿਖਾਵਾ ਵੀ ਮਨੁੱਖ ਨੂੰ ਬਹੁਤ ਵੱਡਾ ਸਬਕ ਸਿਖਾਉਂਦਾ ਹੈ।ਰਸਤਾ ਬਦਲੋ ਪਰ ਟੀਚਾ ਨਾ ਬਦਲੋ।ਕਈ ਵਾਰ ਬਹੁਤ ਮਿਹਨਤ ਕਰਨ ਤੋਂ ਬਾਅਦ ਵੀ ਕੰਮ ਪੂਰਾ ਨਹੀਂ ਹੁੰਦਾ, ਪਰ ਉਹੀ ਕੰਮ ਘੱਟ ਮਿਹਨਤ ਨਾਲ ਵੀ ਪੂਰਾ ਕੀਤਾ ਜਾ ਸਕਦਾ ਹੈ, ਇਸ ਨੂੰ ਕਰਨ ਲਈ ਤੁਹਾਡੇ ਕੋਲ ਸਿਰਫ ਇੱਕ ਚਾਲ ਜਾਂ ਵਿਧੀ ਹੋਣੀ ਚਾਹੀਦੀ ਹੈ। ਦੁਨੀਆ ਦਾ ਹਰ ਜੀਵ ਆਪਣੇ ਰਹਿਣ-ਸਹਿਣ ਅਤੇ ਭੋਜਨ ਦਾ ਪ੍ਰਬੰਧ ਆਪਣੇ ਤਰੀਕੇ ਨਾਲ ਕਰਦਾ ਹੈ, ਪਰ ਮੱਕੜੀਆਂ ਦੁਆਰਾ ਜਾਲਾ ਬਣਾਉਣਾ ਬਹੁਤ ਦਿਲਚਸਪ ਅਤੇ ਬਹੁਤ ਮੁਸ਼ਕਲ ਹੈ, ਸਾਨੂੰ ਇਨ੍ਹਾਂ ਮੁਸ਼ਕਲ ਹਾਲਾਤਾਂ ਵਿੱਚ ਸਫਲਤਾ ਪ੍ਰਾਪਤ ਕਰਨ ਦੇ ਗੁਣ ਸਿੱਖਣੇ ਪੈਂਦੇ ਹਨ।

ਦੋਸਤੋ, ਜੇਕਰ ਅਸੀਂ ਸੰਘਰਸ਼ ਅਤੇ ਮਿਹਨਤ ਦੀ ਗੱਲ ਕਰੀਏ ਤਾਂ ਸਾਡੇ ਬਜ਼ੁਰਗਾਂ ਨੇ ਸਾਨੂੰ ਵਾਰ-ਵਾਰ ਸਮਝਾਇਆ ਹੈ ਕਿ ਦੇਖੋ ਇਹ ਕੀੜੀ ਕੰਧ 'ਤੇ ਚੜ੍ਹਦਿਆਂ ਕਿੰਨੀ ਵਾਰ ਡਿੱਗਦੀ ਹੈ ਪਰ ਫਿਰ ਉੱਠ ਕੇ ਵਾਰ-ਵਾਰ ਚੜ੍ਹਦੀ ਹੈ, ਇਸ ਤੋਂ ਸਿੱਖੋ! ਗੱਲ ਕੀ ਹੈ, ਇੰਨੇ ਵੱਡੇ ਮਨੁੱਖੀ ਸਰੀਰ ਦੇ ਸਾਹਮਣੇ ਕੀੜੀ ਦੀ ਮਿਸਾਲ ਸਦੀਆਂ ਤੋਂ ਸੰਘਰਸ਼ ਅਤੇ ਮਿਹਨਤ ਦੇ ਰੂਪ ਵਿਚ ਮਨੁੱਖਾਂ ਦੇ ਸਾਹਮਣੇ ਆਉਂਦੀ ਆ ਰਹੀ ਹੈ, ਜਿਸ ਤੋਂ ਅਸੀਂ ਸਿੱਖਦੇ ਹਾਂ ਕਿ ਸਾਨੂੰ ਜੀਵ-ਜੰਤੂਆਂ ਨੂੰ ਵੀ ਹਜ਼ਾਰਾਂ ਵਾਰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇਨਸਾਨਾਂ ਤੋਂ ਛੋਟੇ ਹੁੰਦੇ ਹਨ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਭਾਵਨਾ ਨੂੰ ਦਿਲ ਵਿੱਚ ਰੱਖਣਾ ਪੈਂਦਾ ਹੈ, ਇਹ ਭਾਵਨਾ ਬਾਅਦ ਵਿੱਚ ਮਨੁੱਖ ਨੂੰ ਮਹਾਨ ਮਨੁੱਖ ਵਿੱਚ ਬਦਲ ਦਿੰਦੀ ਹੈ।



ਦੋਸਤੋ, ਜੇਕਰ ਅਸੀਂ ਆਪਣੀ ਜ਼ਿੰਦਗੀ ਦੇ ਸੰਘਰਸ਼ ਦੀ ਗੱਲ ਕਰੀਏ ਤਾਂ ਇੱਕ ਛੋਟੀ ਕੀੜੀ ਜਦੋਂ ਦਾਣੇ ਲੈ ਕੇ ਚੱਲਦੀ ਹੈ, ਕੰਧਾਂ 'ਤੇ ਚੜ੍ਹਦੀ ਹੈ, ਤਾਂ ਉਹ ਸੌ ਵਾਰ ਖਿਸਕ ਜਾਂਦੀ ਹੈ।ਮਨ ਵਿਚ ਵਿਸ਼ਵਾਸ ਹਿੰਮਤ ਨਾਲ ਨਾੜਾਂ ਨੂੰ ਭਰ ਦਿੰਦਾ ਹੈ, ਚੜ੍ਹਨਾ ਅਤੇ ਡਿੱਗਣਾ, ਡਿੱਗਣ ਤੋਂ ਬਾਅਦ ਨਹੀਂ ਚੜ੍ਹਨਾ, ਦੁਖਦਾਈ ਹੈ. ਆਖ਼ਰਕਾਰ, ਕਿਸੇ ਦੀ ਮਿਹਨਤ ਵਿਅਰਥ ਨਹੀਂ ਜਾਂਦੀ, ਕੋਸ਼ਿਸ਼ ਕਰਨ ਵਾਲੇ ਹਾਰਦੇ ਨਹੀਂ ਹਨ। ਜ਼ਿੰਦਗੀ ਸੰਘਰਸ਼ ਦਾ ਦੂਸਰਾ ਨਾਮ ਹੈ, ਇੱਕ ਗੱਲ ਹਮੇਸ਼ਾ ਯਾਦ ਰੱਖੋ, ਆਪਣੀ ਮੰਜ਼ਲਿ ਦਾ ਅੱਧਾ ਰਸਤਾ ਤੈਅ ਕਰਨ ਤੋਂ ਬਾਅਦ, ਪਿੱਛੇ ਮੁੜ ਕੇ ਨਾ ਦੇਖੋ, ਪਰ ਬਾਕੀ ਅੱਧੀ ਦੂਰੀ ਪੂਰੇ ਜੋਸ਼ ਅਤੇ ਵਿਸ਼ਵਾਸ ਨਾਲ ਤੈਅ ਕਰੋ, ਅੱਧ ਵਿਚਾਲੇ ਪਰਤਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਵਾਪਸੀ 'ਤੇ ਤੁਹਾਨੂੰ ਹੋਵੇਗਾ. ਸਿਰਫ ਉਹੀ ਦੂਰੀ ਨੂੰ ਕਵਰ ਕਰਨ ਲਈ ਜੋ ਤੁਹਾਨੂੰ ਟੀਚੇ ਤੱਕ ਪਹੁੰਚਣ ਦੇ ਯੋਗ ਬਣਾਵੇਗੀ।

ਦੋਸਤੋ, ਸੰਘਰਸ਼ ਸਾਨੂੰ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਦਾ ਅਨੁਭਵ ਕਰਵਾਉਂਦਾ ਹੈ, ਸਾਨੂੰ ਚੰਗੇ-ਮਾੜੇ ਦੀ ਪਛਾਣ ਕਰਵਾਉਂਦਾ ਹੈ, ਸਾਨੂੰ ਨਿਰੰਤਰ ਕਾਰਜਸ਼ੀਲ ਰਹਿਣਾ ਸਿਖਾਉਂਦਾ ਹੈ, ਸਮੇਂ ਦੀ ਕਦਰ ਸਿਖਾਉਂਦਾ ਹੈ, ਜਿਸ ਕਾਰਨ ਅਸੀਂ ਪ੍ਰੇਰਿਤ ਹੁੰਦੇ ਹਾਂ ਅਤੇ ਸਸ਼ਕਤੀਕਰਨ ਦੇ ਨਾਲ ਦੁਬਾਰਾ ਆਪਣੇ ਟੀਚੇ ਲਈ ਸਮਰਪਿਤ ਹੋ ਜਾਂਦੇ ਹਾਂ। ਅਤੇ ਜੀਵਨ ਜੀਉਣਾ ਸ਼ੁਰੂ ਕਰੀਏ।ਅੱਗੇ ਵਧਣ ਵਿਚ ਸਫਲਤਾ ਨਾ ਮਿਲੇ ਤਾਂ ਵੀ ਕੋਈ ਫਰਕ ਨਹੀਂ ਪੈਂਦਾ, ਘੱਟੋ-ਘੱਟ ਤਜਰਬਾ ਤਾਂ ਨਵਾਂ ਹੀ ਹੋਵੇਗਾ।ਵਾਰ- ਵਾਰ ਹਾਰਨ ਦੇ ਬਾਵਜੂਦ ਹਿੰਮਤ ਨਾਲ ਆਪਣੇ ਨਿਸ਼ਾਨੇ ਵੱਲ ਵਧਣਾ ਹੀ ਸੰਘਰਸ਼ ਹੈ। ਆਪਣੀ ਹਰ ਅਸਫਲਤਾ ਤੋਂ ਕੁਝ ਸਿੱਖੋ ਅਤੇ ਨਿਡਰ ਹੋ ਕੇ ਆਪਣੀ ਮੰਜ਼ਲਿ ਵੱਲ ਵਧੋ, ਸੰਘਰਸ਼ ਹੀ ਸਾਡੇ ਜੀਵਨ ਦਾ ਸਭ ਤੋਂ ਵੱਡਾ ਵਰਦਾਨ ਹੈ ਅਤੇ ਇਹ ਸਾਨੂੰ ਸਹਿਣਸ਼ੀਲ, ਸੰਵੇਦਨਸ਼ੀਲ ਅਤੇ ਪ੍ਰਮਾਤਮਾ ਵਰਗਾ ਬਣਾਉਂਦਾ ਹੈ, ਜਦੋਂ ਤੱਕ ਜ਼ਿੰਦਗੀ ਵਿੱਚ ਸੰਘਰਸ਼ ਨਹੀਂ ਹੁੰਦਾ, ਜ਼ਿੰਦਗੀ ਜਿਊਣ ਦੀ ਸ਼ੈਲੀ ਦਾ ਅਨੁਭਵ ਵੀ ਨਹੀਂ ਹੋ ਸਕਦਾ , ਸੱਚੀ ਖੁਸ਼ੀ, ਖੁਸ਼ੀ, ਸਫਲਤਾ।ਜਿਸ ਤਰ੍ਹਾਂ ਪੱਥਰ ਬਿਨਾਂ ਸੱਟ ਲੱਗਣ ਵਾਲਾ ਰੱਬ ਨਹੀਂ ਹੈ।ਇਸੇ ਤਰ੍ਹਾਂ ਸੰਘਰਸ਼ ਦੇ ਸੇਕ ਤੋਂ ਬਿਨਾਂ ਮਨੁੱਖਾ ਜੀਵਨ ਨਾ ਤਾਂ ਪ੍ਰਫੁੱਲਤ ਹੋ ਸਕਦਾ ਹੈ, ਨਾ ਸਿਖਰ 'ਤੇ ਪਹੁੰਚ ਸਕਦਾ ਹੈ ਅਤੇ ਨਾ ਹੀ ਮਨਚਾਹੀ ਸਫ਼ਲਤਾ ਪ੍ਰਾਪਤ ਕਰ ਸਕਦਾ ਹੈ।

ਦੋਸਤੋ, ਜੇਕਰ ਮੱਕੜੀ ਤੋਂ ਸ਼ਿਲਪਕਾਰੀ ਸਿੱਖਣ ਦੀ ਗੱਲ ਕਰੀਏ ਤਾਂ ਇਹ ਮਿਸਾਲ ਵੀ ਸਾਡੇ ਬਜ਼ੁਰਗਾਂ ਨੇ ਪੀੜ੍ਹੀ ਦਰ ਪੀੜ੍ਹੀ, ਦਹਾਕਿਆਂ ਤੋਂ ਦਿੱਤੀ ਹੈ, ਕਿ ਦੇਖੋ ਮੱਕੜੀ ਨੇ ਕਿੰਨਾ ਸੋਹਣਾ ਜਾਲ ਬਣਾਇਆ ਹੈ, ਇਸਦੀ ਕਲਾ ਤਾਂ ਦੇਖੋ, ਜ਼ਰਾ।ਅੱਜ ਅਸੀਂ ਉਸ ਮੱਕੜੀ ਬਾਰੇ ਜਾਣਦੇ ਹਾਂ ਜੋ ਕਲਾ ਦੇ ਕੰਮ ਨੂੰ ਹੁਨਰ ਦਾ ਨਾਮ ਦੇ ਕੇ ਸਾਨੂੰ ਆਪਣੇ ਮਨ ਵਿੱਚ ਬਿਠਾਉਣਾ ਹੈ ਕਿ ਜਦੋਂ ਸਾਡੇ ਤੋਂ ਹਜ਼ਾਰਾਂ ਗੁਣਾ ਛੋਟਾ ਜੀਵ ਅਜਿਹਾ ਸੁੰਦਰ ਕੰਮ ਕਰ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ ਕਰ ਸਕਦੇ। ਇਹ! ਇਹ ਮਨੁੱਖੀ ਸੋਚ ਮਨੁੱਖੀ ਬੌਧਿਕ ਸਮਰੱਥਾ ਦੇ ਕਿਸੇ ਨਾ ਕਿਸੇ ਪੱਧਰ 'ਤੇ ਬੰਦ ਹੋਏ ਦਰਵਾਜ਼ਿਆਂ ਨੂੰ ਖੋਲ੍ਹਣ ਦਾ ਕੰਮ ਕਰਦੀ ਹੈ ਅਤੇ ਇੱਕ ਵਾਰ ਜਦੋਂ ਇਹ ਦਰਵਾਜ਼ਾ ਖੁੱਲ੍ਹ ਜਾਂਦਾ ਹੈ, ਤਾਂ ਸਾਡੇ ਕੋਲ ਪ੍ਰਤਿਭਾ ਦੀਆਂ ਲੰਬੀਆਂ ਪ੍ਰਾਪਤੀਆਂ ਹੁੰਦੀਆਂ ਹਨ ਅਤੇ ਅਸੀਂ ਆਪਣੇ ਕਬੀਲੇ ਦੇ ਨਾਲ ਭਾਰਤ ਮਾਤਾ ਦਾ ਨਾਮ ਵਿਸ਼ਵ ਪੱਧਰ 'ਤੇ ਉੱਚਾ ਕਰਨ ਵਿੱਚ ਸਫਲ ਹੋਵਾਂਗੇ। ਪੱਧਰ ਦੇ ਯੋਗ ਹੋ ਜਾਵੇਗਾ।

ਦੋਸਤੋ, ਜੇਕਰ ਅਸੀਂ ਹੁਨਰ ਦੀ ਗੱਲ ਕਰੀਏ ਤਾਂ ਅੱਜ ਦੇ ਸਮੇਂ ਵਿੱਚ ਅਸੀਂ ਹੁਨਰ ਜਾਂ ਕਾਰੀਗਰੀ ਜਾਂ ਪ੍ਰਤਿਭਾ ਦਾ ਨਾਮ ਬਹੁਤ ਸੁਣ ਰਹੇ ਹਾਂ, ਭਾਰਤ ਸਰਕਾਰ ਦੇ ਲਗਭਗ ਹਰ ਮੰਤਰਾਲੇ ਦੇ ਪ੍ਰੋਗਰਾਮਾਂ ਦੀ ਸੂਚੀ ਵਿੱਚ ਹੈ ਅਤੇ ਏ ਹੁਨਰ ਵਿਕਾਸ ਲਈ ਵੱਖਰਾ ਪ੍ਰੋਗਰਾਮ ਦੇਸ਼ ਭਰ ਵਿੱਚ ਹੁਨਰ ਹਾਟ ਦਾ ਆਯੋਜਨ ਕਰਕੇ ਅਤੇ ਹਰ ਮਨੁੱਖ ਦੁਆਰਾ ਬਣਾਈ ਗਈ ਕਲਾ, ਵਸਤੂਆਂ ਅਤੇ ਸੇਵਾਵਾਂ ਨੂੰ ਦਿਖਾਉਣ ਲਈ ਰਣਨੀਤਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸਦਾ ਨਤੀਜਾ ਅਸੀਂ ਕਰ ਸਕਦੇ ਹਾਂ। ਵਿਜ਼ਨ 2047, ਵਿਜ਼ਨ ਪ੍ਰਾਪਤ ਕਰੋ ਅਸੀਂ 5 ਟ੍ਰਿਲੀਅਨ ਡਾਲਰ ਦੀ ਭਾਰਤੀ ਅਰਥਵਿਵਸਥਾ, ਇੱਕ ਨਵੇਂ ਭਾਰਤ, ਇੱਕ ਨਵੇਂ ਭਾਰਤ ਦੀ ਕਹਾਣੀ ਸਮੇਤ ਬਹੁਤ ਸਾਰੇ ਵਿਜ਼ਨ ਤਿਆਰ ਕੀਤੇ ਹਨ ਅਤੇ ਇਸ 'ਤੇ ਤੇਜ਼ੀ ਨਾਲ ਅੱਗੇ ਵਧ ਰਹੇ ਹਾਂ, ਜਿਸ ਦੇ ਦੂਰਗਾਮੀ ਨਤੀਜੇ ਅਸੀਂ ਆਉਣ ਵਾਲੇ ਸਾਲਾਂ ਵਿੱਚ ਯਕੀਨੀ ਤੌਰ 'ਤੇ ਦੇਖਾਂਗੇ।

ਇਸ ਲਈ, ਜੇ ਅਸੀਂ ਉਪਰੋਕਤ ਸਾਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਸੰਘਰਸ਼ ਹੀ ਜੀਵਨ ਦਾ ਮੂਲ ਮੰਤਰ ਹੈ।ਸੰਘਰਸ਼ ਹੀ ਜ਼ਿੰਦਗੀ ਹੈ। ਆਓ, ਕੀੜੀ ਤੋਂ ਸਖ਼ਤ ਮਿਹਨਤ, ਬਗਲੇ ਤੋਂ ਕਾਰੀਗਰੀ ਅਤੇ ਮੱਕੜੀ ਤੋਂ ਕਾਰੀਗਰੀ ਸਿੱਖ ਕੇ ਆਪਣੀ ਜ਼ਿੰਦਗੀ ਜੀਈਏ, ਸੰਘਰਸ਼ ਹੀ ਸਫ਼ਲ ਜੀਵਨ ਦੀ ਕੁੰਜੀ ਹੈ, ਆਉਣ ਵਾਲਾ ਕੱਲ੍ਹ ਉਦੋਂ ਹੀ ਚੰਗਾ ਹੋਵੇਗਾ ਜਦੋਂ ਅਸੀਂ ਅੱਜ ਤੋਂ ਇਸ ਲਈ ਸਖ਼ਤ ਮਿਹਨਤ ਕਰਾਂਗੇ।

*- ਐਡਵੋਕੇਟ ਕਿਸ਼ਨ ਸ਼ਾਂਤੀ ਦੇਵੀ ਸਨਮੁਖਦਾਸ*
*ਭਵਨਾਨੀਨ ਗੋਂਡੀਆ ਮਹਾਰਾਸ਼ਟਰ 9284141425*

# ਪੰਜਾਬ ਸਰਕਾਰ ਲਈ ਨਵੀਂਆਂ ਵੰਗਾਰਾਂ ਲੈ ਕੇ ਆਵੇਗਾ ਨਵਾਂ ਸਾਲ

**ਚੰਡੀਗੜ੍ਹ :** ਪੰਜਾਬ ਸਰਕਾਰ ਲਈ ਨਵਾਂ ਸਾਲ ਨਵੀਆਂ ਵੰਗਾਰਾਂ ਲੈ ਕੇ ਆਵੇਗਾ। ਰਾਜਨੀਤਕ ਮਾਹਿਰਾਂ ਇਹ ਬਹੁਤ ਜ਼ੋਰ ਸ਼ੋਰ ਨਾਲ ਲਗਾਈਆਂ ਜਾ ਰਹੀਆਂ ਹਨ।

ਕਿਸਾਨ ਅੰਦੋਲਨ ਦਿੱਲੀ ਦਰਬਾਰ ਦੇ ਨਾਲ-ਨਾਲ ਪੰਜਾਬ ਸਰਕਾਰ ਸਰਕਾਰ ਲਈ ਵੀ ਬੇਹੱਦ ਗੁੰਝਲਦਾਰ ਬਣਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਫ਼ਰਵਰੀ ਵਿੱਚ ਹੋਣ ਵਾਲੀਆਂ ਦਿੱਲੀ

ਅਨੁਭਵੀ ਜਲੰਧਰੀ

ਵਿਧਾਨ ਸਭਾ ਦੀਆਂ ਚੋਣਾਂ ਆਮ ਆਦਮੀ ਪਾਰਟੀ ਲਈ ਵੱਡੀਆਂ ਮੁਸ਼ਕਿਲਾਂ ਖੜੀਆਂ ਕਰ ਰਹੀਆਂ ਹਨ। ਕਾਂਗਰਸ ਪਾਰਟੀ ਨਾਲ ਗਠਜੋੜ ਦਾ ਟੁੱਟ ਜਾਣਾ ਅਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਲੋਂ ਦਿੱਲੀ ਸਰਕਾਰ ਦੀ ਮਹਿਲਾ ਸਨਮਾਨ ਯੋਜਨਾ ਨਾਲ ਸੰਬੰਧਿਤ ਘੁਟਾਲੇ ਦੀ ਜਾਂਚ ਦੇ ਹੁਕਮ ਦੇਣਾ ਵੀ ਆਮ ਆਦਮੀ ਪਾਰਟੀ ਨੂੰ ਮਹਿੰਗਾ ਪੈ ਸਕਦਾ ਹੈ।

ਪੰਜਾਬ ਸਰਕਾਰ ਸਾਹਮਣੇ ਸਭ ਤੋਂ ਵੱਡੀ ਫੌਰੀ ਵੰਗਾਰ ਕੇਂਦਰ ਸਰਕਾਰ ਵੱਲੋਂ ਖੇਤੀ ਮੰਡੀਕਰਨ ਨੀਤੀ ਦੇ ਭੇਜੇ ਗਏ ਖਰੜੇ 'ਤੇ ਕੋਈ ਫੈਸਲਾ ਲੈਣਾ ਹੋਵੇਗੀ।

ਨਵੀਂ ਖੇਤੀ ਨੀਤੀ ਨਾਲ ਸੰਬੰਧਿਤ ਖਰੜੇ ਉਤੇ ਚਰਚਾ ਕਰਨ ਲਈ ਸੂਬਾ ਸਰਕਾਰ ਜਨਵਰੀ ਦੇ ਪਹਿਲੇ ਹਫ਼ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਸਕਦੀ ਹੈ। ਹਾਲਾਂਕਿ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆ ਸੂਬੇ ਦੀਆਂ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਆਗੂਆਂ ਨਾਲ ਮੀਟਿੰਗ ਕਰਕੇ ਚੁੱਕੇ ਹਨ ਤੇ ਕਿਸਾਨ ਆਗੂਆਂ ਨੇ ਪਹਿਲਾਂ ਹੀ ਇਸ ਖਰੜੇ ਨੂੰ ਰੱਦ ਕਰ ਦਿੱਤਾ ਹੈ। ਪਰ ਸਰਕਾਰ ਕਿਸਾਨਾਂ ਦੇ ਵਿਰੋਧ ਨੂੰ ਦੇਖਦੇ ਹੋਏ ਵਿਸ਼ੇਸ਼ ਇਜਲਾਸ ਬੁਲਾ ਕੇ ਇਸ ਖਰੜੇ ਨੂੰ ਰੱਦ ਕਰ ਕੇ ਪ੍ਰਸਤਾਵ ਕੇਂਦਰ ਸਰਕਾਰ ਨੂੰ ਭੇਜਣ ਬਾਰੇ ਵਿਚਾਰ ਕਰ ਰਹੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਅਜੇ ਤੱਕ ਕੋਈ ਪ੍ਰੋਗਰਾਮ ਨਹੀਂ ਭੇਜਿਆ ਗਿਆ, ਪਰ ਸੈਸ਼ਨ ਨੂੰ ਲੈ ਕੇ ਉਹਨਾਂ ਦੀ ਤਿਆਰੀ ਹੈ।



ਮੁੱਖ ਮੰਤਰੀ ਭਗਵੰਤ ਮਾਨ ਨਿੱਜੀ ਦੌਰੇ 'ਤੇ ਪਰਿਵਾਰ ਸਮੇਤ ਆਸਟ੍ਰੇਲੀਆ ਗਏ ਸਨ ਪਰ ਅਚਾਨਕ ਵਾਪਸ ਪਰਤ ਆਏ ਹਨ ਅਤੇ ਵਿਧਾਨ ਸਭਾ ਦੇ ਸੈਸ਼ਨ ਦੀ ਤਿਆਰੀ ਵਿਚ ਜੁੱਟ ਗਏ ਹਨ।

## ਵਿਰੋਧੀ ਧਿਰ ਸਰਕਾਰ ਨੂੰ ਘੇਰਨ ਦੀ ਤਿਆਰੀ 'ਚ

ਨਗਰ ਪੰਚਾਇਤਾਂ ਅਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ 'ਚ ਸਰਕਾਰੀ ਸ਼ਹਿ 'ਤੇ ਵਿਰੋਧੀ ਧਿਰਾਂ ਨਾਲ ਸਬੰਧਤ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਫਾੜਨ ਤੇ ਉਹਨਾਂ ਨੂੰ ਕਾਗਜ਼ ਭਰਨ ਤੋਂ ਰੋਕਣ ਦੀਆਂ ਖ਼ਬਰਾਂ ਤੇ ਵੀਡਿਓ ਵੀ ਜਨਤਕ ਹੋਏ ਹਨ। ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਵੀ ਕਾਫ਼ੀ ਖਰਾਬ ਹੈ, ਪਿਛਲੇ ਸਮੇਂ ਦੌਰਾਨ ਅੱਧਾ ਦਰਜਨ ਦੇ ਕਰੀਬ ਪੁਲਿਸ ਚੌਕੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਵਿਰੋਧੀ ਧਿਰ ਵਿਧਾਨ ਸਭਾ 'ਚ ਸਰਕਾਰ ਨੂੰ ਘੇਰਨ ਲਈ ਤਿਆਰੀ ਖਿੱਚੀ ਬੈਠੀ ਹੈ। ਲੋਕ ਸਭਾ ਚੋਣਾਂ 'ਚ ਆਪ ਨੂੰ ਤਿੰਨ ਸੀਟਾਂ ਮਿਲੀਆਂ ਸਨ।

ਹੁਣ ਪੰਜ ਵੱਡੇ ਸ਼ਹਿਰਾਂ ਦੀਆਂ ਨਗਰ ਨਿਗਮ ਚੋਣਾਂ 'ਚ ਪਟਿਆਲਾ ਨੂੰ ਛੱਡ ਕੇ ਬਾਕੀ ਥਾਵਾਂ 'ਤੇ ਮੇਅਰ ਬਣਾਉਣ ਲਈ ਆਪ ਨੂੰ ਜੋੜ-ਤੋੜ ਦੀ ਰਣਨੀਤੀ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਇਸ ਤਰ੍ਹਾਂ ਜੇਕਰ ਸਰਕਾਰ ਸਰਦ ਰੁੱਤ ਦਾ ਵਿਧਾਨ ਸਭਾ ਦਾ ਸੈਸ਼ਨ ਬਲਾਉਂਦੀ ਹੈ ਤਾਂ ਸਰਕਾਰ ਨੂੰ ਵਿਰੋਧੀ ਧਿਰ ਦੇ ਤਾਬੜਤੋੜ ਹਮਲਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਰਾਜਪਾਲ ਦੇ ਭਾਸ਼ਣ ਬਾਰੇ ਸਰਕਾਰ ਦੁਚਿੱਤੀ 'ਚ

ਵਿਧਾਨ ਸਭਾ ਦੇ ਨਿਯਮਾਂ ਅਨੁਸਾਰ ਨਵੇਂ ਸਾਲ ਦਾ ਪਹਿਲਾ ਸੈਸ਼ਨ ਸੂਬੇ ਦੇ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਹੋਣਾ ਹੈ। ਸਰਕਾਰ ਇਸਨੂੰ ਲੈ ਕੇ ਦੁਚਿੱਤੀ 'ਚ ਹੈ ਕਿ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਇਸੇ ਸੈਸ਼ਨ 'ਚ ਕਰਵਾਈ ਜਾਵੇ ਜਾਂ ਫਿਰ ਅਗਲੇ ਸੈਸ਼ਨ (ਬਜਟ ਸੈਸ਼ਨ) 'ਚ।

ਜੇਕਰ ਰਾਜਪਾਲ ਦੇ ਭਾਸ਼ਣ 'ਤੇ ਚਰਚਾ ਕਰਵਾਈ ਜਾਵੇਗੀ ਤਾਂ ਇਹ ਵਿਸ਼ੇਸ਼ ਇਜਲਾਸ ਨਹੀਂ ਹੋਵੇਗਾ ਤੇ ਦੋ ਜਾਂ ਤਿੰਨ ਦਿਨ ਦਾ ਸੈਸ਼ਨ ਬੁਲਾਇਆ ਜਾਵੇਗਾ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਸਰਦ ਰੁੱਤ ਸੈਸ਼ਨ ਥਲਾਉਣ ਦੀ ਵਾਰ-ਵਾਰ ਮੰਗ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਇਜਲਾਸ ਦੇ ਮੁੱਦੇ 'ਤੇ 'ਆਪ' ਸਰਕਾਰ 'ਤੇ ਰਾਜਪਾਲ ਵਿਚਕਾਰ ਟਕਰਾਅ ਹੋ ਚੁੱਕਾ ਹੈ। ਇਸ ਲਈ ਸਰਕਾਰ ਹੁਣ ਚੌਕਸੀ ਵਰਤੇਗੀ।

# ਮੁੰਡਿਆਂ ਦੇ ਨਾ.ਲ ਲੋਹੜੀ ਧੀਆਂ ਦੀ ਵੀ ਪਾਈਏ

ਬਲਜਿੰਦਰ ਮਾਨ
98150-18947



ਲੋਹੜੀ ਸ਼ਬਦ ਤਿਲ+ਰੋੜੀ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ। ਜੋ ਸਮਾਂ ਪਾ ਕੇ ਤਿਲੋੜੀ ਤੇ ਫਿਰ ਲੋਹੜੀ ਬਣਿਆ। ਈ ਥਾਵਾਂ ਤੇ ਇਸ ਨੂੰ ਲੋਹੀ ਜਾਂ ਲੋਈ ਵੀ ਕਿਹਾ ਜਾਂਦਾ ਹੈ। ਵੈਦਿਕ ਕਾਲ ਵਿਚ ਲੋਕ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਹਵਨ ਕਰਦੇ ਸਨ।ਹਵਨ ਵਿਚ ਗੁੜ, ਘਿਉ, ਤਿਲ,ਚੌਲ,ਸੁੱਕੇ ਮੇਵੇ ਅਤੇ ਸ਼ਹਿਦ ਆਦਿ ਵਸਤਾਂ ਪਾਈਆਂ ਜਾਂਦੀਆਂ ਸਨ। ਇਕ ਕਥਾ ਅਨੁਸਾਰ ਲੋਹੜੀ ਦੇਵੀ ਨੇ ਇਕ ਰਾਕਸ਼ ਨੂੰ ਮਾਰਿਆ ਸੀ।ਜਿਸਦੀ ਯਾਦ ਵਿਚ ਇਹ ਤਿਉਹਾਰ ਮਨਾਇਆ ਜਾਣ ਲੱਗਾ।ਪੌਰਾਣਿਕ ਕਥਾਵਾਂ ਵਿਚ ਇਸ ਦਾ ਸਬੰਧ ਸਤੀ ਦਹਿਨ ਨਾਲ ਵੀ ਜੋੜਿਆ ਜਾਂਦਾ ਹੈ।

ਲੋਹੜੀ ਦੇ ਤਿਉਹਾਰ ਦੇ ਅਰੰਭ ਬਾਰੇ ਵੱਖੋ ਵੱਖਰੀਆਂ ਕਹਾਣੀਆਂ ਪ੍ਰਚੱਲਤ ਹਨ। ਆਮ ਤੌਰ 'ਤੇ ਦੁੱਲੇ ਭੱਟੀ ਦੀ ਕਹਾਣੀ ਨਾਲ ਇਸ ਤਿਉਹਾਰ ਦੇ ਅਰੰਭ ਨੂੰ ਮੰਨਿਆ ਗਿਆ ਹੈ। ਇਸ ਗੱਲ ਦਾ ਸਬੂਤ ਇਸ ਗੀਤ ਵਿਚੋਂ ਮਿਲਦਾ ਹੈ-

ਸੁੰਦਰ ਮੁੰਦਰੀਏ-ਹੋ
ਤੇਰਾ ਕੌਣ ਵਿਚਾਰਾ-ਹੋ
ਦੁੱਲਾ ਭੱਟੀ ਵਾਲਾ-ਹੋ
ਦੁੱਲੇ ਧੀ ਵਿਆਹੀ-ਹੋ
ਸੇਰ ਸ਼ੱਕਰ ਆਈ-ਹੋ
ਕੁੜੀ ਦੇ ਬੋਝੇ ਪਾਈ-ਹੋ
ਕੁੜੀ ਦਾ ਲਾਲ ਪਟਾਕਾ-ਹੋ .....

ਪੋਹ ਮਹੀਨੇ ਦੀ ਆਖਰੀ ਰਾਤ ਨੂੰ ਲੋਹੜੀ ਮੌਕੇ ਆਪਸੀ ਸਾਂਝਾ ਦੇ ਗੀਤ ਛਿੜਦੇ ਨੇ। ਅੱਤ ਦੀ ਸਰਦੀ ਵਿਚ ਗੁੜ ਤੇ ਤਿਲਾਂ ਦੀ ਗਰਮੀ ਅਤੇ ਧੂਣੀਆਂ ਦਾ ਨਿੱਘ ਹਰ ਕਿਸੇ ਨੂੰ ਗਲਵੱਕੜੀ ਪਾ ਲੈਂਦਾ ਹੈ। ਇਸ ਤਿਉਹਾਰ ਦਾ ਸਿੱਧਾ ਸਬੰਧ ਲੜਕੇ ਦੇ ਜਨਮ ਨਾਲ ਜੁੜਦਾ ਹੈ। ਜਿਸ ਘਰ ਲੜਕਾ ਪੈਦਾ ਹੋਇਆ ਹੁੰਦਾ ਹੈ ਜਾਂ ਜਿਸ ਘਰ ਨਵਾਂ ਵਿਆਹ ਹੋਇਆ ਹੁੰਦਾ ਹੈ।ਉਥੇ ਲੋਹੜੀ ਦੀ ਰੌਣਕ ਦੇਖਿਆ ਹੀ ਬਣਦੀ ਹੈ।ਬੱਚਿਆਂ ਦੀਆਂ ਟੋਲੀਆਂ ਲੋਹੜੀ ਦੇ ਗੀਤ ਗਾਉਂਦੀਆਂ। ਨਵੇਂ ਆਏ ਬਾਲ ਅਤੇ ਉਸਦੇ ਮਾਪਿਆਂ ਲਈ ਦੁਆਵਾਂ ਮੰਗਦੀਆਂ ਹਨ। ਘਰ ਵਾਲੇ ਉਹਨਾਂ ਨੂੰ ਖੁਸ਼ੀ ਨਾਲ ਗੁੜ, ਦਾਣੇ, ਮੂੰਗਫਲੀ ਆਦਿ ਵੰਡਦੇ ਹਨ।

ਲੋਹੜੀ ਬਈ ਲੋਹੜੀ ,ਜੀਵੇ ਤੇਰੀ ਜੋੜੀ
ਦਿਉ ਗੁੜ ਦੀ ਰੋੜੀ ਵਈ ਰੋੜੀ

ਜੇਕਰ ਘਰ ਵਾਲੇ ਲੋਹੜੀ ਪਾਉਣ ਵਿਚ ਦੇਰੀ ਕਰ ਦਿੰਦੇ ਤਾਂ ਲੜਕੀਆਂ ਇੰਜ ਗਾਉਣ ਲਗ ਪੈਂਦੀਆਂ:

*ਸਾਡੇ ਰਿਸ਼ਤੇ ਨਾਤਿਆਂ ਵਿਚੋਂ ਖਤਮ ਹੋ ਰਿਹਾ ਨਿੱਘ ਵੀ ਸਾਨੂੰ ਧੂਣੀਆਂ ਤੇ ਇਕੱਠੇ ਹੋਣ ਤੋਂ ਰੋਕ ਲੈਂਦਾ ਹੈ। ਹੁਣ ਇਸ ਖੁਸ਼ੀ ਨੂੰ ਹਰ ਕੋਈ ਨਹੀਂ ਮਾਣਦਾ।ਬਸ ਸਬੰਧਤ ਲੋਕਾਂ ਤਕ ਹੀ ਲੋਹੜੀ ਦੇ ਜਸ਼ਨ ਸੀਮਤ ਹੋ ਕੇ ਰਹਿ ਗਏ ਹਨ।ਮੀਡੀਏ ਦੇ ਪ੍ਰਭਾਵ ਕਾਰਨ ਹਰ ਗੱਲ ਤੇ ਹਰ ਕੰਮ ਵਿਚ ਦਿਖਾਵਾ ਆ ਗਿਆ ਹੈ। ਇਸ ਲਈ ਇਸ ਤਿਉਹਾਰ ਨੂੰ ਕਈ ਅਮੀਰਾਂ ਨੇ ਦਿਖਾਵੇ ਦਾ ਸਾਧਨ ਵੀ ਬਣਾ ਲਿਆ ਹੈ।*



ਸਾਡੇ ਪੈਰਾਂ ਹੇਠ ਸਿਲਾਈਆਂ
ਅਸੀਂ ਕਿਹੜੇ ਵੇਲੇ ਦੀ ਆਈਆਂ।
ਕੋਠੀ ਹੇਠ ਚਾਕੂ
ਗੁੜ ਦਵੇ ਮੁੰਡੇ ਦਾ ਬਾਪੂ।
ਕੋਠੀ ਉਤੇ ਕਾਂ
ਗੁੜ ਦੇਵੇ ਮੁੰਡੇ ਦੀ ਮਾਂ।

ਇਸ ਤਰ੍ਹਾਂ ਲੋਹੜੀ ਮੰਗਣ ਵਾਲੇ ਬੱਚੇ ਮੁੰਡੇ ਵਾਲੇ ਘਰਾਂ ਵਿਚ ਜਾਂਦੇ ਅਤੇ ਲੋਹੜੀ ਮੰਗਦੇ। ਫਿਰ ਵਾਰੀ ਆਉਂਦੀ ਧੂਣੀ ਦੀ। ਸਾਰੇ ਰਿਸ਼ਤੇਦਾਰ ਅਤੇ ਸਾਕ ਸਬੰਧੀ ਧੂਣੀ ਦੁਆਲੇ ਇਕੱਤਰ ਹੋ ਕੇ ਖੁਸ਼ੀ ਦੇ ਮਹੌਲ ਨੂੰ ਤਿਲ ਅਤੇ ਚੌਲਾਂ ਨਾਲ ਗਰਮਾ ਦਿੰਦੇ।ਸੱਸ ਨਣਾਨ ਅਤੇ ਦਰਾਣੀਆਂ ਜਠਾਣੀਆਂ ਇਕੱਠੀਆਂ ਹੋ ਕੇ ਗਿੱਧੇ ਦਾ ਪਿੜ ਵੀ ਧੂਣੀ ਲਾਗੇ ਹੀ ਬੰਨ ਲੈਂਦੀਆਂ ਨੇ।ਇਸ ਮੌਕੇ ਇਹ ਗੀਤ ਵੀ ਗਾਇਆ ਜਾਂਦਾ

ਜਿਤਨੇ ਜਠਾਣੀ ਤਿਲ ਸੁਟੇਸੀ
ਉਤਨੇ ਦਰਾਣੀ ਪੁੱਤ ਜਣੇਸੀ।

ਵਿਆਹੀਆਂ ਲੜਕੀਆਂ ਨੂੰ ਪੇਕਿਆਂ ਵਲੋਂ ਲੋਹੜੀ ਦਾ ਤਿਉਹਾਰ ਦਿੱਤਾ ਜਾਂਦਾ ਹੈ।ਭਾਵ ਇਸ ਮਹੀਨੇ ਪੇਕਿਆਂ ਵਲੋਂ ਪਿੰਨੀਆਂ ਮਠਿਆਈਆਂ ਅਤੇ ਹੋਰ ਲੀੜਾ ਲੱਤਾ ਦਿੱਤਾ ਜਾਂਦਾ ਹੈ। ਇਸ ਮਹੀਨੇ ਭੈਣਾਂ ਨੂੰ ਵੀਰਾਂ ਤੇ ਭਰਜਾਈਆਂ ਦੀ ਉਡੀਕ ਰਹਿੰਦੀ ਹੈ ਕਿ ਉਹਦੇ ਲਈ ਲੋਹੜੀ ਤਿਉਹਾਰ ਲੈਕੇ ਆਉਣਗੇ। ਇਸ ਮੌਕੇ ਜਦ ਭੈਣ ਘਰ ਭਾਈ ਪੁੱਜਦਾ ਹੈ ਤਾਂ ਉਹ ਅਜਿਹਾ ਗੀਤ ਗਾਉਂਦੀ ਹੈ:

ਲੋਹੜੀ ਦਾ ਮੀਹਨਾ ਚੜ੍ਹਿਆ
ਵੀਰ ਪ੍ਰਾਹੁਣਾ ਆਇਆ
ਲੱਸੀ ਛੱਡ ਮੈਂ ਦੁੱਧ ਪਿਲਾਵਾਂ
ਪੀ ਮੇਰੀ ਅੰਮਾ ਦਾ ਜਾਇਆ...

ਜੇਕਰ ਪੇਕਿਆ ਵਲੋਂ ਤਿਉਹਾਰ ਲੈ ਕੇ ਕੋਈ ਨਾ ਜਾਵੇ ਤਾਂ ਉਸਦਾ ਨਿਰਾਸ਼ ਹੋਣਾ ਸੁਭਾਵਿਕ ਹੀ ਹੈ।ਕਿਉਂਕਿ ਧੀਆਂ ਨੂੰ ਪੇਕਿਆਂ ਤੇ ਸਭ ਤੋਂ ਵੱਧ ਮਾਣ ਹੁੰਦਾ ਹੈ। ਉਹ ਆਪ ਮੁਹਾਰੇ ਆਖ ਦਿੰਦੀ ਹੈ- 'ਕੁਰਸੀ ਮੇਰੇ ਵੀਰ ਦੀ ਥਾਣੇਦਾਰ ਬਰੋਬਰ ਡਹਿੰਦੀ'।

ਇਸ ਤਰ੍ਹਾਂ ਸਹੁਰੇ ਘਰ ਵਿਚ ਉਸਦੀ ਟੌਹਰ ਬਣੀ ਰਹਿੰਦੀ ਹੈ।ਪਹਿਲੇ ਪਹਿਲ ਤਾਂ ਲੋਹੜੀ ਮੰਗਣਾ ਲੋਹੜੀ ਵਾਲੇ ਦਿਨ ਤੋਂ ਅੱਠ ਦਸ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਸੀ। ਸਮੇਂ ਦੀ ਤੋਰ ਦੇ ਨਾਲ ਨਾਲ ਸਾਰੇ ਰੀਤੀ ਰਿਵਾਜ਼ ਬਦਲਦੇ ਜਾ ਰਹੇ ਹਨ। ਲੋਹੜੀ ਦਾ ਮੌਜੂਦਾ ਰੂਪ ਵੀ ਕੁਝ ਅਜਿਹਾ ਹੀ ਬਣ ਗਿਆ ਹੈ। ਅਤਿ ਦੀ ਸਰਦੀ ਕਾਰਨ ਇਸ ਤਿਉਹਾਰ ਦਾ ਸਬੰਧ ਮੌਸਮ ਨਾਲ ਵੀ ਗੂੜ੍ਹਾ ਹੈ। ਇਨ੍ਹਾਂ ਦਿਨਾਂ ਵਿਚ ਖਾਣ ਪੀਣ ਲਈ ਸੁੱਕੇ ਮੇਵਿਆਂ ਦੀ ਵਰਤੋਂ ਕੀਤੀ ਜਾਂਦੀ ਹੈ।ਘਰਾਂ ਵਿਚ ਪਿੰਨੀਆਂ ਬਣਾਈਆਂ ਜਾਂਦੀਆਂ ਹਨ ਜੋ ਆਪਸ ਵਿਚ ਵੰਡ ਕੇ ਪਿਆਰ ਨਾਲ ਖਾਧੀਆ ਜਾਂਦੀਆਂ ਹਨ। ਲੋਹੜੀ ਵਾਲੀ ਰਾਤ ਨੂੰ ਪੋਹ ਮਹੀਨਾ ਹੁੰਦਾ ਹੈ ਤੇ ਅਗਲੀ ਸਵੇਰ ਨੂੰ ਨਵਾਂ ਮਹੀਨਾ ਭਾਵ ਮਾਘ ਚੜ੍ਹ ਪੈਂਦਾ ਹੈ। ਔਰਤਾਂ ਘਰਾਂ ਵਿਚ ਚੁੱਲੇ ਤੇ ਸਾਗ ਧਰਦੀਆਂ ਹਨ ਜੋ ਲੋਹੜੀ ਵਾਲੀ ਰਾਤ ਨੂੰ ਧਰਿਆ ਜਾਂਦਾ ਹੈ ਪਰ ਖਾਧਾ ਅਗਲੇ ਦਿਨ ਜਾਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਪੋਹ ਰਿੱਧੀ ਤੇ ਮਾਘ ਖਾਧੀ। ਅਜਕਲ ਦੀਆਂ ਮੁਟਿਆਰਾਂ ਲਈ ਤਾਂ ਇਹ ਇਕ ਬੁਝਾਰਤ ਹੈ। ਜਿਸ ਬਾਰੇ ਬਹੁਤ ਘੱਟ ਲੜਕੀਆਂ ਜਾਣਦੀਆਂ ਹਨ।

ਆਓ ਹੁਣ ਦੇਖੀਏ ਅਜੋਕੇ ਸਮੇ ਦੀ ਲੋਹੜੀ ਦਾ ਨਜ਼ਾਰਾ। ਨਾ ਤਾਂ ਬੱਚੇ ਗਲੀਆਂ ਵਿਚ ਫਿਰਦੇ ਦਿਖਾਈ ਦੇ ਰਹੇ ਹਨ ਅਤੇ ਨਾ ਹੀ ਉਹ ਲੋਹੜੀ ਮੰਗਦੇ ਹਨ।ਪਹਿਲਾਂ ਵਾਲਾ ਸਮੇ ਕਿਤੇ ਦੂਰ ਨਿੱਕਲ ਗਿਆ ਹੈ। ਆਪਸੀ ਪਿਆਰ ਮੁਹੱਬਤ ਵੀ ਹੁਣ ਬੀਤੇ ਦੀਆਂ ਕਹਾਣੀਆਂ ਬਣਕੇ ਰਹਿ ਗਿਆ ਹੈ। ਬਸ ਹੁਣ ਤਾਂ ਸਿਰਫ ਇਹ ਗੱਲਾਂ ਖਾਨਾ ਪੂਰਤੀ ਵਾਂਗ ਲੱਗਣ ਲੱਗ ਪਈਆਂ ਹਨ। ਪਾਥੀਆਂ ਅਤੇ ਬਾਲਣ ਮੰਗ ਕੇ ਧੂਣੀ ਲਾਉਣ ਦਾ ਜ਼ਮਾਨਾ ਤਾਂ ਕਦੋਂ ਦਾ ਲੱਦ ਗਿਆ ਹੈ।ਪਿੰਡਾਂ ਵਿਚ ਵੀ ਬੱਚੇ ਸਿਰਫ ਲੋਹੜੀ ਵਾਲੇ ਦਿਨ ਹੀ ਲੋਹੜੀ ਮੰਗਦੇ ਦਿਖਾਈ ਦਿੰਦੇ ਹਨ। ਉਨ੍ਹਾਂ ਦੀ ਗਿਣਤੀ ਵੀ ਬਹੁਤ ਘੱਟ ਹੋ ਗਈ ਹੈ। ਪੁਰਾਣੇ ਜ਼ਮਾਨੇ ਵੀਹ ਜਾਂ ਪੰਝੀਆਂ ਦੀ ਟੋਲੀ ਲੋਹੜੀ ਮੰਗਣ ਤੁਰਦੀ ਸੀ।ਅਜਕਲ ਨਾ ਤਾਂ ਐਨੀਆਂ ਟੋਲੀਆਂ ਹਨ ਅਤੇ ਨਾ ਹੀ ਇਹਨਾਂ ਦੇ ਐਨੇ ਮੈਂਬਰ। ਲੋਹੜੀ ਦਾ ਚਾਅ ਤਾਂ ਸਭ ਨੂੰ ਹੁੰਦਾ ਹੈ ਪਰ ਬਦਲਦੇ ਜ਼ਮਾਨੇ ਨਾਲ ਕਈ ਬੱਚੇ ਲੋਹੜੀ ਮੰਗਣ ਨਹੀਂ ਜਾਂਦੇ।ਇਸਦਾ ਮੁੱਖ ਕਾਰਨ ਸਮਾਜ ਵਿਚ ਆਈ ਆਰਥਿਕ ਤਬਦੀਲੀ ਵੀ ਮੰਨੀ ਜਾ ਸਕਦੀ ਹੈ।ਕੁਝ ਨੂੰ ਆਪਣੀ ਸ਼ਾਨ ਦਾ ਵੀ ਡਰ ਹੈ।ਪਹਿਲੇ ਜ਼ਮਾਨੇ ਵਿਚ ਸ਼ਾਇਦ ਹੀ ਕੋਈ ਬੱਚਾ ਅਜਿਹੀਆਂ ਗੱਲਾਂ ਤੇ ਵਿਚਾਰ ਕਰਦਾ ਹੋਵੇਗਾ

ਸਾਡੇ ਰਿਸ਼ਤੇ ਨਾਤਿਆਂ ਵਿਚੋਂ ਖਤਮ ਹੋ ਰਿਹਾ ਨਿੱਘ ਵੀ ਸਾਨੂੰ ਧੂਣੀਆਂ ਤੇ ਇਕੱਠੇ ਹੋਣ ਤੋਂ ਰੋਕ ਲੈਂਦਾ ਹੈ। ਹੁਣ ਇਸ ਖੁਸ਼ੀ ਨੂੰ ਹਰ ਕੋਈ ਨਹੀਂ ਮਾਣਦਾ।ਬਸ ਸਬੰਧਤ ਲੋਕਾਂ ਤਕ ਹੀ ਲੋਹੜੀ ਦੇ ਜਸ਼ਨ ਸੀਮਤ ਹੋ ਕੇ ਰਹਿ ਗਏ ਹਨ।ਮੀਡੀਏ ਦੇ ਪ੍ਰਭਾਵ ਕਾਰਨ ਹਰ ਗੱਲ ਤੇ ਹਰ ਕੰਮ ਵਿਚ ਦਿਖਾਵਾ ਆ ਗਿਆ ਹੈ। ਇਸ ਲਈ ਇਸ ਤਿਉਹਾਰ ਨੂੰ ਕਈ ਅਮੀਰਾਂ ਨੇ ਦਿਖਾਵੇ ਦਾ ਸਾਧਨ ਵੀ ਬਣਾ ਲਿਆ ਹੈ। ਇਸੇ ਕਰਕੇ ਅਜੋਕੇ ਸਮੇਂ ਵਿਚ ਲੋਹੜੀ ਵੀ ਇਕ ਦਿਖਾਵੇ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਹਨਾਂ ਅਮੀਰ ਘਰਾਂ ਵਿਚ ਪੁੱਤ ਜੰਮੇ ਹੁੰਦੇ ਨੇ ਉਹ ਲੱਖਾ ਰੁਪੈ ਲਾਈਟਾਂ, ਡੀ. ਜੇ. ਕਲਾਕਾਰ ਅਤੇ ਹੋਰ ਦਿਖਾਵੇ ਦੇ ਬਾਨਣੂ ਬੰਨਣ ਵਿਚ ਲਾ ਦਿੰਦੇ ਹਨ। ਕਈ ਵਾਰ ਤਾਂ ਸ਼ਰਾਬ ਦਾ ਅਜਿਹਾ ਦੌਰ ਚੱਲਦਾ ਹੈ ਕਿ ਮਾਰ ਕੁਟਾਈ ਅਤੇ ਗੋਲੀਆਂ ਚੱਲਣ ਤਕ ਦੀ ਨੌਬਤ ਆ ਜਾਂਦੀ ਹੈ। ਹਾਲਤ ਇੰਨੀ ਵਿਗੜ ਜਾਂਦੀ ਹੈ ਕਿ ਖੁਸ਼ੀਆਂ ਦੇ ਗੀਤਾਂ ਵਿਚ ਵੈਣ ਵੀ ਪੈਣ ਲਗ ਪੈਂਦੇ ਹਨ।ਪੰਜਾਬੀਆਂ ਦਾ ਗੁੱਸਾ ਅਤੇ ਪਿਆਰ ਦੋਨੋਂ ਹੀ ਨਿਰਾਲੇ ਹਨ।ਚਾਅ ਤੇ ਮੁਲ੍ਹਾਰ ਕਰਨਾ ਹਰ ਕਿਸੇ ਦਾ ਹੱਕ ਹੈ ਪਰ ਇਸਦੀ ਬਹੁਲਤਾ ਕਦੀ ਕਿਸੇ ਨੂੰ ਰਾਸ ਨਹੀਂ ਆਉਂਦੀ।

ਕੋਈ ਜ਼ਮਾਨਾ ਹੁੰਦਾ ਸੀ ਜਦੋਂ ਧੀ ਦੇ ਜਨਮ ਨੂੰ ਪੱਥਰ ਆਉਣ ਨਾਲ ਤੁਲਨਾਇਆ ਜਾਂਦਾ ਸੀ ਪਰ ਹੁਣ ਜੁਗ ਬਦਲ ਗਿਆ ਹੈ।ਲੜਕੀਆਂ ਨੇ ਆਪਣੇ ਹਿੰਮਤੀ ਤੇ ਸਤਿਕਾਰਯੋਗ ਕਾਰਜਾਂ ਨਾਲ ਸਮਾਜ ਵਿਚ ਬੜਾ ਮਾਣ ਸਨਮਾਨ ਹਾਸਲ ਕਰ ਲਿਆ ਹੈ। ਉੱਚੇ ਰੁਤਬੇ ਹਾਸਲ ਕਰਨ ਵਾਲੀਆਂ ਔਰਤਾਂ ਧੀ ਦੇ ਜਨਮ ਨੂੰ ਕਦੀ ਮਾੜਾ ਨਹੀਂ ਕਹਿੰਦੀਆਂ ਸਗੋਂ ਪੁੱਤਰਾਂ ਵਾਂਗ ਹੀ ਲਾਡ ਲਡਾਉਂਦੀਆਂ ਹਨ। ਬਦਲੇ ਜ਼ਮਾਨੇ ਦਾ ਇਹ ਇਕ ਹੋਰ ਖੁਸ਼ਨੁਮਾ ਪਹਿਲੂ ਵੀ ਉਭਰਕੇ ਸਾਹਮਣੇ ਆਇਆ ਹੈ। ਉਹ ਹੈ ਲੜਕੀਆਂ ਦੀ ਲੋਹੜੀ ਵੰਡਣ ਦਾ ਰਿਵਾਜ਼।ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਦੇ ਉੱਦਮ ਨਾਲ ਲੋਕਾਂ ਨੂੰ ਜਾਗ੍ਰਤ ਕੀਤਾ ਗਿਆ ਕਿ ਮੁੰਡੇ ਕੁੜੀ ਵਿਚ ਕੋਈ ਅੰਤਰ ਨਹੀਂ। ਇਸ ਲਈ ਅਗਾਂਹ ਵਧੂ ਸੋਚ ਦੇ ਮਾਲਕ ਲੜਕੀਆਂ ਦੀ ਲੋਹੜੀ ਵੀ ਮੁੰਡਿਆ ਵਾਂਗ ਪਾ ਰਹੇ ਹਨ।ਕਈ ਵਾਰ ਤਾਂ ਇਹ ਵੀ ਦੇਖਣ ਵਿਚ ਆਇਆ ਹੈ ਕਿ ਜਿਸ ਘਰ ਮਾਲਕ ਨੇ ਸਿਰਫ ਧੀ ਦੀ ਹੀ ਦਾਤ ਦਿੱਤੀ ਹੁੰਦੀ ਹੈ ਜਾਂ ਵਡੇਰੀ ਉਮਰ ਵਿਚ ਮਾਲਕ ਦੀ ਕਿਰਪਾ ਹੋਈ ਹੁੰਦੀ ਹੈ। ਉਹ ਧੀ ਦੀ ਲੋਹੜੀ ਨੂੰ ਮੁੰਡਿਆਂ ਨਾਲੋਂ ਵੀ ਕਿਤੇ ਵੱਧ ਚਾਵਾਂ ਤੇ ਮੁਲ੍ਹਾਰਾਂ ਨਾਲ ਪਾਉਂਦੇ ਹਨ।ਜਿਵੇਂ ਇਸ ਗੀਤ ਵਿਚ ਬਿਆਨਿਆ ਹੈ :-

ਮੁੰਡਿਆਂ ਦੇ ਨਾਲ ਲੋਹੜੀ ਧੀਆਂ ਦੀ ਵੀ ਪਾਈਏ
ਆਓ ਸਾਰੇ ਲੋਹੜੀ ਦੀਆਂ ਖੁਸ਼ੀਆਂ ਮਨਾਈਏ।
ਮੁੰਡਿਆਂ ਤੋਂ ਵੱਧ ਧੀਆਂ ਲਾਡ ਨੇ ਲਡਾਉਂਦੀਆਂ
ਸਾਰੇ ਭੁੱਲ ਜਾਣ ਉਹ ਕਦੇ ਨਾ ਭੁਲਾਉਂਦੀਆਂ
ਉਚੀ ਅਤੇ ਸੁੱਚੀ ਇਹੋ ਰੀਤ ਅਪਣਾਈਏ
ਮੁੰਡਿਆਂ ਦੇ ਨਾਲ ਲੋਹੜੀ ਦੀਆਂ ਦੀ ਵੀ ਪਾਈਏ।......

ਜਿਹੜੇ ਲੋਕ ਲੋਹੜੀ ਦੇ ਜਸ਼ਨਾਂ ਵਿਚ ਗਰੀਬ ਗੁਰਬੇ ਨੂੰ ਸ਼ਾਮਲ ਕਰਦੇ ਹਨ ਓਹੁਨਾਂ ਨੂੰ ਵਿਸ਼ੇਸ਼ ਸ਼ਾਬਾਸ਼ ਦਿੱਤੀ ਜਾਣੀ ਬਣਦੀ ਹੈ। ਕਿਉਂਕਿ ਲੋੜਵੰਦਾਂ ਦੀ ਮੱਦਦ ਕਰਨ ਦਾ ਇਸਤੋਂ ਵਧੀਆ ਹੋਰ ਕੋਈ ਮੌਕਾ ਨਹੀਂ ਹੋ ਸਕਦਾ।ਕੁਝ ਲੋਕ ਬੱਚਿਆਂ ਦੀ ਸਹਾਇਤਾ ਲਈ ਪੁੱਤਰਾਂ ਦੀ ਖੁਸ਼ੀ ਮੌਕੇ ਕੁਝ ਬੱਚਿਆਂ ਨੂੰ ਗੋਦ ਲੈ ਕੇ ਪੜ੍ਹਾਈ ਲਿਖਾਈ ਵੀ ਕਰਵਾਉਂਦੇ ਹਨ। ਅਜਿਹੇ ਸਮਾਜ ਭਲਾਈ ਦੇ ਕਾਰਜ ਹਰ ਮਾਂ ਬਾਪ ਨੂੰ ਕਰਨੇ ਚਾਹੀਦੇ ਹਨ ਜਿਨ੍ਹਾਂ ਦੇ ਘਰ ਲੋਹੜੀ ਦਾ ਜਸ਼ਨ ਮਨਾਇਆ ਜਾ ਰਿਹਾ ਹੈ।ਆਓ ਅਜ ਇਨਾਂ ਜਸ਼ਨਾਂ ਨੂੰ ਅਧੁਨਿਕਤਾ ਦਾ ਸ਼ਾਨਦਾਰ ਰੂਪ ਪ੍ਰਦਾਨ ਕਰਦੇ ਹੋਏ ਉਹਨਾਂ ਘਰਾਂ ਵਿਚ ਵੀ ਲੋਹੜੀ ਪਹੁੰਚਾਈਏ ਜਿਹੜੇ ਇਸ ਸ਼ਗਨ ਨੂੰ ਤਰਸ ਰਹੇ ਨੇ। ਸਮਾਜ ਵਿਚ ਆਈ ਇਸ ਚਾਨਣ ਦੀ ਲੋਅ ਵਿਚ ਹਰ ਭਾਰਤ ਵਾਸੀ ਨੂੰ ਨਹਾਉਣ ਚਾਹੀਦਾ ਹੈ।ਜਦੋਂ ਸਮਾਜ ਦੀ ਮਾਨਸਿਕਤਾ ਵਿਚ ਮੁੰਡੇ ਕੁੜੀ ਲਈ ਬਰਾਬਰ ਸਤਿਕਾਰ ਹੋ ਜਾਵੇਗਾ ਫਿਰ ਇਸ ਲੋਹੜੀ ਦਾ ਮਹੱਤਵ ਹੋਰ ਵੀ ਵਧ ਜਾਵੇਗਾ। ਅਜ ਸਾਨੂੰ ਸਿਰਫ ਲੜਕੀ ਦੇ ਜਨਮ ਤੇ ਹੀ ਲੋਹੜੀ ਦਾ ਜਸ਼ਨ ਨਹੀਂ ਮਨਾਉਣ ਚਾਹੀਦਾ ਜਦਕਿ ਲੜਕੀ ਦਾ ਵੀ ਉਸ ਦੇ ਬਰਾਬਰ ਚਾਅ ਲਾਡ ਕਰਨਾ ਚਾਹੀਦਾ ਹੈ।ਇਸ ਮੌਕੇ ਲੋਹੜੀ ਦੀ ਮੁਬਾਰਕ ਅਗਾਂਹ ਵਧੂ ਸੋਚ ਦਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਵਿਸ਼ੇਸ਼ ਸਤਿਕਾਰ ਦਿਵਾਉਂਦੀ ਹੈ। ਆਓ ਆਪਾਂ ਲੋਹੜੀ ਦੀ ਧੂਣੀ ਤੇ ਇਕੱਤਰ ਹੋ ਕੇ ਮੁੰਡੇ ਕੁੜੀ ਦੇ ਫਰਕ ਨੂੰ ਭੁਲਾਈਏ ਅਤੇ ਇਕੋ ਜਿਹਾ ਗਿੱਧਾ ਤੇ ਭੰਗੜਾ ਪਾਈਏ ਅਤੇ ਖੁਸ਼ੀਆਂ ਮਨਾਈਏ।

-ਕਰੂੰਬਲਾਂ ਭਵਨ ਮਾਹਿਲਪੁਰ, ਹੁਸ਼ਿਆਰਪੁਰ 146105
Email : karumblan1995@gmail.com

# ਚੋਣਾਂ ਵਿਚ ਕਿੰਨਾ ਚਿਰ ਚੱਲੇਗਾ 'ਗਰੀਬੀ ਹਟਾਓ' ਦਾ ਨਾਹਰਾ

ਭਾਰਤ ਦੀ ਸੁਤੰਤਰਤਾ ਦੇ ਸੰਗਰਾਮ ਵਿਚ ਇਕ ਮਹਾਨ ਸੈਨਾਨੀ ਡਾ. ਰਾਮ ਮਨੋਹਨ ਲੋਹੀਆ, ਸੁਤੰਤਰਤਾ ਤੋਂ ਪਹਿਲਾਂ ਇਕ ਵਾਰ ਨੇਪਾਲ ਸਰਕਾਰ ਦੀ ਕੈਦ ਵਿਚ ਅਤੇ ਦੂਸਰੀ ਵਾਰ ਅੰਗਰੇਜ਼ਾਂ ਦੀ ਕੈਦ ਵਿਚ ਲਾਹੌਰ ਦੇ ਕਿਲ੍ਹੇ ਵਿਚ ਜਿਥੇ ਉਸ ਤੇ ਬਹੁਤ ਤਸ਼ੱਦਦ ਹੋਇਆ ਅਤੇ ਬਾਅਦ ਵਿਚ ਆਗਰਾ ਵਿਚ, ਸੁਤੰਤਰਤਾ ਤੋਂ ਬਾਅਦ ਗੋਆ ਦੀ ਆਜ਼ਾਦੀ ਲਈ ਅਤੇ ਫਿਰ ਆਜ਼ਾਦ ਭਾਰਤ ਦੀ ਜੇਲ੍ਹ ਵਿੱਚ, ਮੈਂਬਰ ਪਾਰਲੀਮੈਂਟ ਬਣ ਕੇ ਅਮਰੀਕਾ ਦੀ ਜੇਲ੍ਹ ਵਿਚ ਵੀ ਕੈਦ ਕੱਟੀ ਉਹ ਉਦੋਂ ਜਦੋਂ ਉਹ ਆਰਾਮ ਨਾਲ ਦੇਸ਼ ਦੀ ਕੈਬਨਿਟ ਦਾ ਮੰਤਰੀ, ਪ੍ਰਾਂਤ ਦਾ ਮੁੱਖ ਮੰਤਰੀ, ਗਣਰਾਜ ਜਾਂ ਕੋਈ ਅਹੁਦਾ ਲੈ ਸਕਦਾ ਸੀ ਜਦੋਂ ਉਸ ਦੇ ਸਾਥੀ ਉਨ੍ਹਾਂ ਅਹੁਦਿਆਂ ਤੋਂ ਬਿਰਾਜਮਾਨ ਸਨ ਉਸ ਨੇ ਵਿਰੋਧੀ ਪਾਰਟੀ ''ਸੋਸ਼ਲਿਸਟ ਪਾਰਟੀ'' ਇਸ ਖ਼ਾਸ ਮਕਸਦ ਨੂੰ ਮੁੱਖ ਰੱਖ ਕੇ ਬਣਾਈ ਕਿ ਭਾਰਤ ਦੀ ਸੁਤੰਤਰਤਾ ਵਿੱਚ ਉਹ ਕੁੱਝ

**ਡਾ. ਸ.ਸ.ਛੀਨਾ**

ਪ੍ਰਾਪਤ ਨਹੀਂ ਹੋਇਆ ਜਿਸ ਲਈ ਇੰਨੀਆਂ ਕੁਰਬਾਨੀਆਂ ਕਰ ਕੇ ਆਜ਼ਾਦੀ ਪ੍ਰਾਪਤ ਜਿਸ ਵਿੱਚ ਉਨ੍ਹਾਂ ਨੇ ਜਿਸ ਪ੍ਰਾਪਤੀ ਦੀ ਅਣਹੋਂਦ ਨੂੰ ਮੁੱਖ ਦੱਸਿਆ ਉਹ ਸੀ ਅਮੀਰ ਅਤੇ ਗਰੀਬ ਦਾ ਫ਼ਰਕ ਖ਼ਤਮ ਹੋਣਾ ਜਿਹੜਾ ਇਕ ''ਸਟੇਟਸਮੈਨ'' ਨੀਤੀਵਾਨ ਹੀ ਸੋਚ ਸਕਦਾ ਹੈ, ''ਪੋਲੀਟੀਸ਼ਨ'' (ਸਿਆਸੀ ਨੇਤਾ) ਨਹੀਂ।

ਪਰ 1952 ਤੋਂ ਲੈ ਕੇ ਲਗਾਤਾਰ 2024 ਤੱਕ ਹੋਣ ਵਾਲੀਆਂ ਕੇਂਦਰੀ ਪਾਰਲੀਮੈਂਟ ਅਤੇ ਅਸੈਂਬਲੀਆਂ ਦੀਆਂ ਚੋਣਾਂ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਮੈਨੀਫੈਸਟੋ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਸਨ। ਉਨ੍ਹਾਂ ਵਿੱਚ ''ਗਰੀਬੀ'' ਦਾ ਮੁੱਦਾ ਹਰ ਪਾਰਟੀ ਦੇ ਮੈਨੀਫੈਸਟੋ ਦਾ ਧੁਰਾ ਹੈ ਜਿਸ ਵਿਚ ਹੁਣ ਪਿਛਲੇ ਕੁੱਝ ਸਾਲਾਂ ਤੋਂ ਲੋਕਾਂ ਨੂੰ ਮੁਫ਼ਤ ਬਿਜਲੀ, ਮੁਫ਼ਤ ਰਾਸ਼ਨ, ਮੁਫ਼ਤ ਸਫ਼ਰ (ਔਰਤਾਂ ਲਈ) ਅਤੇ ਔਰਤਾਂ ਲਈ ਭੇਤ ਦੇ ਕੇ ਉਨ੍ਹਾਂ ਦੀ ਗਰੀਬੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਪਰ ਸਿੱਟੇ ਸਭ ਦੇ ਸਾਹਮਣੇ ਹਨ ਸਗੋਂ ਪਹਿਲੀਆਂ ਚੋਣਾਂ ਤੋਂ ਬਾਅਦ ਅਗਲੀਆਂ ਚੋਣਾਂ ਵਿੱਚ ਗਰੀਬੀ ਦੀ ਰੇਖਾ ਅਧੀਨ ਲੋਕਾਂ ਦੀ ਗਿਣਤੀ ਪਹਿਲਾਂ ਨਾਲੋਂ ਵੀ ਕਿਤੇ ਵਧੀ ਹੁੰਦੀ ਹੈ ਜਿਸ ਦਾ ਕਾਰਨ ਹੈ, ਅਯੋਗ ਨੀਤੀਆਂ ਅਤੇ ਗਰੀਬੀ ਦੂਰ ਕਰਨ ਦੇ ਅਯੋਗ ਢੰਗ, ਜਿਹੜੀ ਜ਼ਿਆਦਾ ਉਤਪਾਦਨ ਅਤੇ ਹਰ ਇਕ ਦੀ ਉਸ ਹੋਏ ਉਤਪਾਦਨ ਤੱਕ ਪਹੁੰਚ ਹੋਣਾ, ਜਿਹੜੀ ਪਹੁੰਚ ਵੱਧਣ ਦੀ ਬਜਾਏ ਸਗੋਂ ਘੱਟ ਰਹੀ ਹੈ।

ਚੋਣਾਂ ਦੇ ਇਤਿਹਾਸ ਤੇ ਨਜ਼ਰ ਮਾਰਦਿਆਂ ਇਹ ਗੱਲ ਸਪੱਸ਼ਟ ਹੁੰਦੀ ਹੈ ਸੁਤੰਤਰ ਭਾਰਤ ਦੀਆਂ ਪਹਿਲੀਆਂ ਆਮ ਚੋਣਾਂ ਜਿਹੜੀਆਂ 1952 ਵਿਚ ਹੋਈਆਂ ਭਾਵੇਂ ਕਿ ਲੋਕਾਂ ਪੂਰੀਆਂ ਉਮੀਦਾਂ ਸਨ ਕਿ ਪੂਰਵ ਰੁਜ਼ਗਾਰ, ਖੁਸ਼ਹਾਲੀ ਅਤੇ ਭੁੱਖ ਆਦਿ ਖ਼ਤਮ ਹੋ ਜਾਣਗੀਆਂ ਅਤੇ ਮਨੁੱਖੀ ਅਧਿਕਾਰਾਂ ਦਾ ਮਾਨਵਾਂ ਅਸਤ ਹੋ ਜਾਵੇਗਾ ਪਰ ਇਸ ਦੇ ਬਾਵਜੂਦ ਵੀ ਵੱਖ-ਵੱਖ ਪਾਰਟੀਆਂ ਨੇ ਜ਼ਿਆਦਾ ਉਹ ਵਾਅਦੇ ਨਹੀਂ ਸਨ ਕੀਤੇ ਰਾਜਨੀਤਿਕ ਨੇਤਾਵਾਂ ਵਿੱਚ ਜ਼ਿਆਦਾ ਸਟੇਟਸਮੈਨ ਸਨ, ਜਿਹੜੇ ਅਗਲੀਆਂ ਪੀੜ੍ਹੀਆਂ ਬਾਰੇ ਸੋਚਦੇ ਸਨ ਅਤੇ ਆਪਣੀ ਹਰ ਤਰ੍ਹਾਂ ਦੀ ਕੁਰਬਾਨੀ ਵੀ ਕਰਦੇ ਸਨ, ਸੁਤੰਤਰਤਾ ਸੰਗਰਾਮ ਦਾ ਪ੍ਰਭਾਵ ਅਜੇ ਉਨ੍ਹਾਂ ਦੇ ਵਿਵਹਾਰ ਵਿੱਚ ਸ਼ਾਮਿਲ ਸੀ। ਦੇਸ਼ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਸਮਾਜਵਾਦੀ ਸਮਾਜ ਸਥਾਪਿਤ ਕਰਨਾ ਵੀ ਇਕ ਪਦ ਸੀ।

ਸਮਾਜਵਾਦੀ ਢਾਂਚੇ ਵੱਲ ਵਧਦਿਆਂ ਹੋਇਆਂ ਜਿਥੇ ਖੇਤੀਬਾੜੀ ਵਿੱਚ ਸੁਧਾਰ ਕੀਤੇ ਗਏ ਸਨ ਜਿਵੇਂ ਜ਼ਮੀਨ ਦੀ ਉਪਰਲੀ ਹਦ ਮਿਥਣ ਮੁਜ਼ਾਰਾ ਕਾਨੂੰਨ ਬਣਾ ਕੇ ਮੁਜ਼ਾਰਿਆਂ ਨੂੰ ਰਿਆਇਤਾਂ ਦੇਣੀਆਂ, ਨਹਿਰੀ ਪਾਣੀ ਦੀ ਬਹੁਤਲ, ਲੈਂਡ ਮਾਰਗੇਜ ਬੈਂਕ ਸਥਾਪਿਤ ਕਰਨਾ ਆਦਿ ਉਥੇ ਨਾਲ ਹੀ ਸਰਕਾਰੀ ਅਦਾਰਿਆਂ ਅੰਦਰ ਉਦਯੋਗਿਕ ਇਕਾਈਆਂ ਖੋਲ੍ਹਣੀਆਂ, ਹੋਟਲ, ਟਰਾਂਸਪੋਰਟ ਆਦਿ ਨੂੰ ਸਰਕਾਰ ਅਧੀਨ ਚਲਾਉਣਾ ਸ਼ੁਰੂ ਕੀਤਾ ਗਿਆ। ਜਿਥੇ ਖੇਤੀਬਾੜੀ ਦੇ ਸੁਧਾਰਾਂ ਦੇ ਉਪਜ ਵਿੱਚ ਵੱਡਾ ਵਾਧਾ ਕਰਕੇ, ਭਾਰਤ ਨੂੰ ਅਨਾਜ ਅਯਾਤ ਕਰਨ ਵਾਲੇ ਦੇਸ਼ ਤੋਂ ਬਦਲ ਕੇ, ਅਯਾਤ ਨਿਰਯਾਤ ਕਰਨ ਵਾਲਾ ਦੇਸ਼ ਬਣਾਇਆ, ਉਥੇ ਸਰਕਾਰੀ ਖੇਤਰ ਦੇ ਉਦਯੋਗ, ਹੋਟਲ, ਟਰਾਂਸਪੋਰਟ ਆਦਿ ਫੇਲ੍ਹ ਹੋਏ ਅਤੇ ਘਾਟੇ ਵਿੱਚ ਗਏ, ਜੋ ਇਹ ਵਪਾਰਿਕ ਅਦਾਰੇ ਵੀ ਕਾਮਯਾਬ ਹੁੰਦੇ ਤਾਂ ਸਰਕਾਰ ਦੀ ਆਮਦਨ ਵਧਣੀ ਸੀ, ਉਸ ਸਰਕਾਰੀ ਆਮਦਨ ਦੇ ਵਾਧੇ ਨਾਲ ਆਮ ਜਨਤਾ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨੀ ਸੀ ਪਰ ਸਰਕਾਰੀ ਆਮਦਨ ਵੱਧਣ ਦੀ ਬਜਾਏ, ਸਰਕਾਰੀ ਆਮਦਨ ਘਟੀ ਅਤੇ ਉਹ ਬੋਝ ਸਰਕਾਰ ਫਿਰ ਨਹੀਂ ਲੋਕਾਂ ਸਿਰ ਪਿਆ। ਲੋਕਾਂ ਦੀ ਸਮਾਜਿਕ ਸੁਰੱਖਿਆ ਵਧਾਈ ਨਾ ਜਾ ਸਕੀ, ਸਰਕਾਰ ਕਰਜ਼ੇ ਦੇ ਅਧਾਰ 'ਤੇ ਜਲਣ ਲੱਗ ਪਈਆਂ। ਪਰ ਫਿਰ ਵੀ ਸਰਕਾਰ ਨੇ ਮੁਫ਼ਤ ਬਿਜਲੀ, ਪਾਣੀ ਮੁਫ਼ਤ ਸਫ਼ਰ ਵਰਗਾ। ਗ਼ੈਰ ਉਤਪਾਦਿਕ ਸਹੂਲਤਾਂ ਦੇ ਕੇ ਸਰਕਾਰ ਤੇ ਜਾਂ ਆਪਣੇ ਪ੍ਰਾਂਤ ਦੇ ਲੋਕਾਂ ਤੇ ਬੋਝ ਨੂੰ ਹੋਰ ਵਧਾ ਦਿੱਤਾ।

ਆਰਥਿਕ ਤੋਹਫ਼ੇ ਕਿਸੇ ਮੰਤਰੀ ਨੇ ਨਹੀਂ ਦੇਣੇ ਸਗੋਂ ਦੇਸ਼ ਦੀ ਜਨਤਾ ਨੇ ਦੇਣੇ ਹਨ ਇਕ ਹੱਥ ਦੇਵੇ ਅਤੇ ਦੂਸਰੇ ਹੱਥ ਲੈਣੇ ਪਰ ਇਸ ਲਈ ਅਯੋਗਤਾ, ਲਾਪ੍ਰਵਾਹੀ ਅਤੇ ਸਾਧਨਾ ਦਾ ਜਾਇਆ ਜਾਣਾ ਜਾਰੀ ਰਹਿੰਦਾ ਹੈ ਜਿਸ ਤਰ੍ਹਾਂ ਉਨੀ ਬਿਜਲੀ ਵਰਤੀ ਨਹੀਂ ਗਈ ਜਿੰਨੀ ਜਾਇਆ ਗਈ ਹੈ, ਮੁਫ਼ਤ ਪਾਣੀ ਮਿਲਣ ਨਾਲ ਉਨਾਂ ਪਾਣੀ ਵਰਤਿਆ ਨਹੀਂ ਗਿਆ ਜਿੰਨਾ ਜਾਇਆ ਗਿਆ ਹੈ, ਪੈਟਰੋਲ ਦਾ ਜਿੰਨਾ ਬੋਝ ਉਨ੍ਹਾਂ ਤੇ ਪੈਂਦਾ ਹੈ ਜਿੰਨਾਂ ਨੇ ਕਦੀ ਪੈਟਰੋਲ ਵਰਤਿਆ ਹੀ ਨਹੀਂ, ਡਾਲਰ ਦੀ ਕੀਮਤ ਵਧਣ ਦਾ ਉਨ੍ਹਾਂ ਨੂੰ ਜ਼ਿਆਦਾ



ਭਾਰ ਸਹਿਣਾ ਪੈਂਦਾ ਹੈ ਜਿੰਨਾਂ ਕਦੀ ਡਾਲਰ ਦਾ ਨੋਟ ਵੇਖਿਆ ਵੀ ਨਹੀਂ ਹੁੰਦਾ। ਇਹ ਇਸ ਤਰ੍ਹਾਂ ਹੁੰਦਾ ਹੈ ਕਿ ਪੈਟਰੋਲ ਦੇ ਅਯਾਤ ਕਰਨ ਤੇ ਜਦੋਂ ਪੈਟਰੋਲ ਜਾਂ ਡਾਲਰ ਦੀ ਕੀਮਤ ਵੱਧਦੀ ਹੈ, ਵਸਤੂਆਂ ਦੀ ਢੁਆਈ ਅਤੇ ਆਵਾਜਾਈ ਦਾ ਸਫ਼ਰ ਵੱਧ ਜਾਂਦਾ ਹੈ ਪੈਟਰੋਲ ਜਾਂ ਡਾਲਰ ਘੱਟ ਅਨੁਪਾਤ ਨਾਲ ਵੱਧਦਾ ਹੈ ਮਹਿੰਗਾਈ ਜ਼ਿਆਦਾ ਰਫ਼ਤਾਰ ਨਾਲ, ਸਭ ਮੁਫ਼ਤ ਤੋਹਫ਼ੇ ਟੈਕਸਾਂ ਰਾਹੀਂ ਵਾਪਿਸ ਪ੍ਰਾਪਤ ਕੀਤੇ ਜਾਂਦੇ ਹਨ। ਇਕ ਚੀਨੀ ਕਹਾਵਤ ਹੈ, ''ਮੱਛੀਆਂ ਨਾ ਦਿਉ ਮੱਛੀਆਂ ਫੜਣ ਦੀ ਜਾਚ ਸਿਖਾਉ''

ਜਿਸ ਦੇਸ਼ ਵਿੱਚ ਵਿਕਾਸ ਹੁੰਦਾ ਹੈ ਉਥੇ ਖੇਤੀ ਤੇ ਵਸੋਂ ਦੀ ਨਿਰਭਰਤਾ ਘੱਟਦੀ ਜਾਂਦੀ ਹੈ ਅਤੇ ਉਹ ਗ਼ੈਰ ਖੇਤੀ ਪੇਸ਼ਿਆਂ ਵਿੱਚ ਲੱਗਦੀ ਜਾਂਦੀ ਹੈ। ਸੁੱਖ ਆਰਾਮ ਦੀਆਂ ਵਸਤੂਆਂ, ਗ਼ੈਰ ਖੇਤੀ ਖੇਤਰ ਪੈਦਾ ਕਰਦਾ ਹੈ। ਇਹੋ ਵਜਾਹ ਹੈ ਕਿ ਦੁਨੀਆਂ ਦੇ ਹਰ ਵਿਕਸਤ ਦੇਸ਼ ਦੇ 5 ਫੀਸਦੀ ਤੋਂ ਘੱਟ ਵਸੋਂ ਖੇਤੀ ਤੇ ਨਿਰਭਰ ਕਰਦੀ ਹੈ ਅਤੇ ਉਸ 5 ਫੀਸਦੀ ਵਸੋਂ ਦੇਸ਼ ਦੇ ਕੁਲ ਘਰੇਲੂ ਉਤਪਾਦਨ ਜਾਂ ਆਮਦਨ ਵਿੱਚ ਵੀ 5 ਫੀਸਦੀ ਹੀ ਹਿੱਸਾ ਹੈ, ਪਰ ਭਾਰਤ ਦੀ 78 ਸਾਲਾਂ ਦੀ ਸੁਤੰਤਰਤਾ ਤੋਂ ਬਾਅਦ ਅਜੇ ਵੀ 60 ਫੀਸਦੀ ਵਸੋਂ ਖੇਤੀ ਤੇ ਨਿਰਭਰ ਕਰਦੀ ਹੈ ਪਰ ਉਸ ਵਸੋਂ ਆਮਦਨ ਵਿੱਚ ਸਿਰਫ਼ 14 ਫੀਸਦੀ ਪ੍ਰਾਪਤ ਕੀਤੇ ਜਾਂਦੇ ਹਨ, ਜੇ ਕੁਲ ਆਮਦਨ ਵਿੱਚ ਹਿੱਸਾ 14 ਫੀਸਦੀ ਹੈ ਤਾਂ ਵਸੋਂ ਵੀ 14 ਫੀਸਦੀ ਹੋਵੇ ਤਾਂ ਕੋਈ ਸਮੱਸਿਆ ਨਹੀਂ ਪਰ ਗ਼ੈਰ ਖੇਤੀ ਪੇਸ਼ੇ ਵਿਕਸਤ ਹੀ ਨਹੀਂ ਹੋਏ। ਖ਼ਾਸ ਕਰਕੇ ਪਿੰਡਾਂ ਵਿੱਚ ਇਸ ਲਈ ਖੇਤੀ ਤੇ ਲੱਗੀ ਹੋਈ ਵਸੋਂ ਬੇਕਾਰ ਜਾਂ ਅਰਧ ਬੇਕਾਰ ਹੈ, ਉਨ੍ਹਾਂ ਦੀ ਅਰਧ ਬੇਕਾਰੀ (ਦਿਨ ਵਿੱਚ 8 ਘੰਟੇ ਕੰਮ ਅਤੇ ਸਾਲ ਵਿੱਚ 300 ਦਿਨ) ਦਿਨ, ਬਦਿਨ ਵੱਧਦੀ ਜਾ ਰਹੀ ਹੈ। ਠੀਕ ਦਿਸ਼ਾ ਵਿੱਚ ਯੋਜਨਾਵਾਂ ਦੇ ਲਾਗੂ ਨਾ ਹੋਣ ਕਰਕੇ ਗ਼ੈਰ ਖੇਤੀ ਪੇਸ਼ੇ ਵਿਕਸਤ ਨਹੀਂ ਹੋ ਰਹੇ, ਜਿਹੜੇ ਅਰਧ ਬੇਕਾਰ ਵਸੋਂ ਨੂੰ ਰੁਜ਼ਗਾਰ ਦੇ ਸਕਣ।

1970 ਤੋਂ ਪਹਿਲਾਂ ਗਰੀਬੀ ਰੇਖਾ ਤੋਂ ਥੱਲੇ ਦੀ ਪ੍ਰੀਭਾਸ਼ਾ ਇਹ ਦਿੱਤੀ ਜਾਂਦੀ ਸੀ ਕਿ ਜਿਹੜਾ ਵਿਅਕਤੀ ਪਿੰਡਾਂ ਵਿੱਚ 2100 ਕਲੋਰੀ ਜਦੋਂ ਕਿ ਸ਼ਹਿਰਾਂ ਵਿੱਚ 2400 ਕਲੋਰੀਆਂ ਖ਼ੁਰਾਕ ... ਹੈ ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ ਪਰ ਫਿਰ ਵੀ 40 ਫੀਸਦੀ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਸਨ ਜਾਂ ਸਾਰੀ ਦੁਨੀਆਂ ਵਿੱਚੋਂ ਜ਼ਿਆਦਾ ਸਨ, 1970 ਤੋਂ ਬਾਅਦ ਯੋਜਨਾ ਕਮਿਸ਼ਨ ਵੱਲੋਂ ਗਰੀਬੀ ਦੀ ਰੇਖਾ ਦੀ ਪ੍ਰੀਭਾਸ਼ਾ ਇਹ ਦਿੱਤੀ ਗਈ ਕਿ ਜਿਹੜਾ ਵਿਅਕਤੀ ਪਿੰਡਾਂ ਵਿੱਚ ਦਿਨ ਵਿੱਚ 27 ਰੁਪੈ ਜਦੋਂ ਕਿ ਸ਼ਹਿਰਾਂ ਵਿੱਚ 32 ਰੁਪੈ ਰੋਜ਼ ਖ਼ਰਚ ਕਰਦਾ ਹੈ ਉਹ ਗਰੀਬੀ ਦੀ ਰੇਖਾ ਤੋਂ ਥੱਲੇ ਹੈ ਪਰ ਫਿਰ ਵੀ 22 ਫੀਸਦੀ ਲੋਕਾਂ ਦੀ ਪਹਿਚਾਣ ਕੀਤੀ ਗਈ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਸਨ 90ਵਿਆਂ ਦੇ ਅਖ਼ੀਰ ਵਿੱਚ ਵਿਸ਼ਵ ਬੈਂਕ ਨੇ ਇਹ ਪ੍ਰੀਭਾਸ਼ਾ ਦਿੱਤੀ ਕਿ ਜਿਹੜਾ ਵਿਅਕਤੀ ਦਿਨ ਵਿੱਚ 1.90 ਡਾਲਰ ਖ਼ਰਚ ਕਰਦਾ ਹੈ ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ। ਪਰ ਉਸ ਪ੍ਰੀਭਾਸ਼ਾ ਅਨੁਸਾਰ ਵੀ ਕਰੋੜਾਂ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਹਨ। ਜਦੋਂ ਕਿ ਉਪਰ ਦਿੱਤੀਆਂ ਪ੍ਰੀਭਾਸ਼ਾਵਾਂ ਨਾਲ ਸਿਰਫ਼ 2 ਵਕਤ ਦਾ ਖਾਣਾ ਹੀ ਖਾਧਾ ਜਾ ਸਕਦਾ ਹੈ। ਜਦੋਂ ਕਿ ਵਿਕਸਿਤ ਦੇਸ਼ਾਂ ਵਿੱਚ ਜੀਵਨ ਦੀ ਲਾਗਤ ਵਿੱਚ ਅਖ਼ਬਾਰ, ਮਨੋਰੰਜਨ ਤੇ ਕੀਤਾ ਖ਼ਰਚ, ਕੱਪੜੇ, ਵਿੱਦਿਆ, ਸਿਹਤ ਆਦਿ ਸਭ ਕੁੱਝ ਸ਼ਾਮਿਲ ਕੀਤਾ ਜਾਂਦਾ ਹੈ।

ਭਾਰਤ ਦੀ ਆਰਥਿਕਤਾ ਵਿੱਚ ਸੁਧਾਰ ਨਾ ਹੋਣ ਦੀ ਦੂਸਰੀ ਤਸਵੀਰ ਹੈ ਇਸ ਵਕਤ 4 ਕਰੋੜ ਤੋਂ ਵੱਧ ਬੱਚਿਆਂ ਦੇ 8ਵੀਂ ਤੋਂ ਪਹਿਲਾਂ ਸਕੂਲ ਛੱਡ ਜਾਣਾ ਜੋ ਕਿ 100 ਵਿੱਚੋਂ 26 ਬੱਚੇ ਅਨਪੜ੍ਹ ਰਹਿ ਜਾਂਦੇ ਹਨ। ਸੁਤੰਤਰਤਾ ਦੇ ਸਮੇਂ ਇਕ ਕਰੋੜ ਬੱਚੇ ਬਾਲ ਕਿਰਤ ਕਰਦੇ ਸਨ ਜਿਹੜੇ ਹੁਣ 4 ਕਰੋੜ ਤੱਕ ਪਹੁੰਚ ਗਏ ਹਨ ਜਿੰਨਾਂ ਵਿੱਚ ਪਿੰਡਾਂ ਦੇ ਬੱਚੇ ਜ਼ਿਆਦਾ ਹਨ, ਪਿਛਲੇ 40 ਸਾਲਾਂ ਵਿੱਚ 6 ਫੀਸਦੀ ਦਾ ਬੇਰੁਜ਼ਗਾਰੀ ਦੀ ਦਰ ਰਹੀ ਹੈ ਅਤੇ ਖੇਤੀ ਖੇਤਰ ਦੀ ਵੱਡੀ ਅਰਧ ਬੇਰੁਜ਼ਗਾਰੀ ਜਿਸ ਤੋਂ ਸਾਬਿਤ ਹੁੰਦਾ ਹੈ ਕਿ ਚੋਣਾਂ ਦੌਰਾਨ ''ਗਰੀਬੀ ਹਟਾਉ'' ਦੇ ਜਿਹੜੇ ਨਾਹਰੇ 1970 ਤੋਂ ਬਾਅਦ ਹੋਈਆਂ ਚੋਣਾਂ ਵਿੱਚ ਲਗਾਤਾਰ ਵਧੇ ਹਨ ਉਹ ਸਿਰਫ਼ ਚੋਣ ਨਾਹਰਿਆਂ ਤੱਕ ਹੀ ਸੀਮਿਤ ਹੁੰਦੇ ਹਨ ਉਸ ਤੋਂ ਬਾਅਦ ਉਨ੍ਹਾਂ ਨੂੰ ਵਾਅਦਿਆਂ ਨੂੰ ਪੂਰਾ ਕਰਨ ਤੇ ਕੋਈ ਅਮਲ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਪੰਜ ਸਾਲ ਉਸ ਗਰੀਬੀ ਦਾ ਕਿਸੇ ਨੂੰ ਚੇਤਾ ਆਉਂਦਾ ਹੈ। ਚੋਣ ਦੀ ਖੇਡ ਸਿਰਫ਼ ਕੁੱਝ ਕੁ ਵਿਅਕਤੀਆਂ ਤੱਕ ਸੀਮਿਤ ਹੈ ਅਤੇ ਬਾਕੀ ਵੱਡੀਆਂ ਉਮੀਦਾਂ ਨਾਲ ਨਵੀਂ ਸਰਕਾਰ ਚੁਣਦੇ ਹਨ ਪਰ ਹਰ ਚੋਣ ਤੋਂ ਬਾਅਦ ਵੱਡੀ ਨਿਰਾਸ਼ਾ ਦੇਖਣੀ ਪੈਂਦੀ ਹੈ।

ਇਹ ''ਗਰੀਬੀ ਹਟਾਉ'' ਦੇ ਨਾਹਰੇ ਉਨਾਂ ਚਿਰ ਤੱਕ ਜਾਰੀ ਰਹਿਣਗੇ ਜਿੰਨਾ ਚਿਰ ਤੱਕ ਗਰੀਬੀ ਹੈ ਅਤੇ ਗਰੀਬੀ ਉਨਾਂ ਚਿਰ ਜਾਰੀ ਰਹੇਗੀ ਜਿੰਨਾ ਚਿਰ ਆਮਦਨ ਨਾ ਬਰਾਬਰੀ ਹੈ। ਜਿੱਥੇ 1 ਫੀਸਦੀ ਵਿਅਕਤੀਆਂ ਕੋਲ 40 ਫੀਸਦੀ ਜਾਇਦਾਦ ਹੋਵੇ ਅਤੇ 56 ਫੀਸਦੀ ਕੋਲ ਇਕ ਫੀਸਦੀ ਅਤੇ ਇਹ ਫ਼ਰਕ ਦਿਨ-ਬ-ਦਿਨ ਵੱਧ ਰਿਹਾ ਹੋਵੇ ਜਿਹੜਾ ਮਨੁੱਖੀ ਅਧਿਕਾਰਾਂ ਦੇ ਮੰਨਣ ਵਿੱਚ ਵੱਡੀ ਰੁਕਾਵਟ ਹੋਵੇ ਹਰ ਇਕ ਦੇ ਚੋਣਾਂ ਵਿੱਚ ਹਿੱਸਾ ਲੈਣ ਵਿੱਚ ਰੁਕਾਵਟ ਹੋਵੇ, ਅਸਾਵਾਂ ਵਿਕਾਸ ਹੋਵੇ ਜੇ ਪ੍ਰਤੀ ਵਿਅਕਤੀ ਆਮਦਨ ਤੇ ਨਜ਼ਰ ਮਾਰੀਏ ਜਿਹੜੀ ਹੁਣ 1 ਲੱਖ 72 ਹਜ਼ਾਰ ਕਰੋੜ ਰੁਪੈ ਹੈ ਜੇ ਹਰ ਇਕ ਦੀ ਇੰਨੀ ਆਮਦਨ ਹੋਵੇ ਤਾਂ ਇਕ ਵੀ ਵਿਅਕਤੀ ਗਰੀਬੀ ਦੀ ਰੇਖਾ ਥੱਲੇ ਨਹੀਂ ਰਹਿ ਸਕਦਾ। ਪਰ ਜ਼ਿਆਦਾਤਰ ਵਸੋਂ ਦੀ ਪ੍ਰਤੀ ਵਿਅਕਤੀ ਆਮਦਨ 24 ਹਜ਼ਾਰ ਰੁਪੈ ਸਲਾਨਾ ਤੋਂ ਵੀ ਘੱਟ ਹੈ ਜਿਸ ਕਰਕੇ ਗਰੀਬੀ ਹਟਾਉ ਵਾਲਾ ਨਾਹਰਾ ਅਜੇ ਲਗਾਤਾਰ ਚੱਲ ਸਕਦਾ ਹੈ, ਇਹ ਆਰਥਿਕਤਾ ਦਾ ਤਰਕ ਹੈ ਕਿ ਜੇ ਆਮਦਨ ਬਰਾਬਰੀ ਹੈ, ਤਾਂ ਜ਼ਿਆਦਾ ਵਸਤੂਆਂ ਅਤੇ ਸੇਵਾਵਾਂ ਵਿਕਦੀਆਂ ਹਨ, ਜ਼ਿਆਦਾ ਬਣਦੀਆਂ ਹਨ, ਜ਼ਿਆਦਾ ਰੁਜ਼ਗਾਰ ਪੈਦਾ ਹੁੰਦਾ ਹੈ ਅਤੇ ਗਰੀਬੀ ਖ਼ਤਮ ਹੁੰਦੀ ਹੈ, ਵਿੱਦਿਆ ਵੱਧਦੀ ਹੈ, ਜਿਸ ਨਾਲ ਸਮਾਜਿਕ ਅਤੇ ਆਰਥਿਕ ਬਰਾਬਰੀ ਪੈਦਾ ਹੁੰਦੀ ਹੈ।

# ਮਿਕਨਾਤੀਸੀ ਸ਼ਖ਼ਸੀਅਤ ਦਾ ਮਾਲਕ - ਡਾ. ਅਮਰਜੀਤ ਸਿੰਘ ਕਾਂਗ

**ਚੌਦਵੀਂ ਬਰਸੀ 'ਤੇ ਯਾਦ ਕਰਦਿਆਂ**

ਡਾ. ਅਮਰਜੀਤ ਸਿੰਘ ਕਾਂਗ ਨੂੰ ਇਸ ਦੁਨੀਆਂ ਤੋਂ ਗਿਆਂ 14 ਵਰ੍ਹੇ ਤੋਂ ਜ਼ਿਆਦਾ ਹੋ ਗਏ ਹਨ। ਹਕੀਕਤ ਹੈ ਕਿ ਜੋ ਇਸ ਦੁਨੀਆ ਤੋਂ ਅਲਵਿਦਾ ਹੋਇਆ ਹੈ, ਉਹ ਮੁੜ ਕੇ ਕਦੇ ਵਾਪਸ ਨਹੀਂ ਆਇਆ ਪਰ ਮਨ ਅਜੇ ਵੀ ਇਹ ਸਮਝਣ ਤੋਂ ਨਾਬਰ ਹੈ ਕਿ ਡਾ. ਅਮਰਜੀਤ ਕਾਂਗ ਕਦੇ ਵਾਪਸ ਨਹੀਂ ਆਵੇਗਾ। ਮੈਨੂੰ ਪਤਾ ਨਹੀਂ ਕਿਉਂ ਲਗਦਾ ਰਹਿੰਦੈ ਕਿ ਕਿਸੇ ਦਿਨ ਉਹ ਅਛੋਪਲੇ ਹੀ ਵਾਪਸ ਆ ਜਾਏਗਾ ਤੇ ਮਿੱਤਰਾਂ ਦੀਆਂ ਮਹਿਫਲਾਂ ਨੂੰ ਫਿਰ ਸਰਸ਼ਾਰ ਕਰਨ ਲੱਗ ਜਾਏਗਾ ਅਤੇ ਸਟੇਜ

**ਡਾ. ਸੁਰਿੰਦਰਪਾਲ ਸਿੰਘ**

'ਤੇ ਆਪਣੀਆਂ ਨਵੀਆਂ ਫਾਰਮੂਲੇਸ਼ਨ ਨੂੰ ਪੇਸ਼ ਕਰਦਾ ਹੋਇਆ ਕਹੇਗਾ ਕਿ 'ਲੈ ਮੈਂ ਆ ਗਿਆ ਜੇ'! ਇਹ ਸ਼ਾਇਦ ਮੇਰੀ ਮਿੱਥ ਹੈ।

11 ਜਨਵਰੀ, 2011 ਦੀ ਦੁਪਹਿਰ ਸੀ। ਛੁੱਟੀ ਹੋਣ ਕਾਰਨ ਮੈਂ ਵੀ ਕਰਨਾਲ ਤੋਂ ਚੰਡੀਗੜ੍ਹ ਆਇਆ ਹੋਇਆ ਸੀ। ਕੁਰੂਕਸ਼ੇਤਰ ਤੋਂ ਫੋਨ ਆਇਆ ਕਿ ਡਾ. ਅਮਰਜੀਤ ਸਿੰਘ ਕਾਂਗ ਚਲ ਵਸਿਆ ਹੈ। ਇਹ ਖ਼ਬਰ ਸੁਣਦਿਆਂ ਹੀ ਮੈਂ ਇਕਦਮ ਸੁੰਨ ਹੋ ਗਿਆ। ਇਹ ਕੈਸਾ ਭਾਣਾ ਸੀ ਕਿ ਹਰਿਆਣਾ ਦੇ ਸਮੁੱਚੇ ਪੰਜਾਬੀ ਸਾਹਿਤ ਜਗਤ ਅਤੇ ਪੰਜਾਬੀ ਅਧਿਆਪਕ ਵਰਗ ਵਿਚ ਸੋਗ ਦੀ ਲਹਿਰ ਦੌੜ ਗਈ। ਮੈਂ ਇਕਦਮ ਪੰਜਾਬ ਯੂਨੀਵਰਸਿਟੀ 'ਚ ਉਨ੍ਹਾਂ ਦੀ ਰਿਹਾਇਸ਼ 'ਤੇ ਪਹੁੰਚਿਆ ਤਾਂ ਯੂਨੀਵਰਸਿਟੀ ਦੇ ਪ੍ਰੋਫੈਸਰ, ਉਸ ਦੇ ਮਿੱਤਰ ਪਿਆਰੇ ਤੇ ਰਿਸ਼ਤੇਦਾਰ ਇਸ ਮਾਤਮ 'ਚ ਗਮਗੀਨ ਸਨ। ਜਸਪਾਲ ਭੈਣ ਜੀ ਨੂੰ ਦਿੱਤੇ ਜਾ ਰਹੇ ਧਰਵਾਸੇ ਬੇਅਰਥ ਸਾਬਤ ਹੋ ਰਹੇ ਸਨ ਪਰ ਇਹ ਕੈਸਾ ਦਸਤੂਰ ਹੈ ਕਿ ਅੱਜ ਫਿਰ ਸਾਡੀ ਸਾਰਿਆਂ ਦੀ ਜ਼ਿੰਦਗੀ ਆਪਣੀ ਤੋਰ ਤੁਰਦੀ ਜਾ ਰਹੀ ਹੈ। ਭਾਵੇਂ ਉਹ ਡਾ. ਕਾਂਗ ਬਿਨਾਂ ਅਧੂਰੀ ਹੈ।

ਡਾ. ਅਮਰਜੀਤ ਸਿੰਘ ਕਾਂਗ ਨਾਲ ਮੇਰੀ ਪਹਿਲੀ ਮੁਲਾਕਾਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਹੋਈ ਸੀ ਜਦੋਂ ਉਹ ਨਵੇਂ-ਨਵੇਂ ਬਤੌਰ ਰਿਸਰਚ ਸਕਾਲਰ ਪੰਜਾਬੀ ਵਿਭਾਗ ਵਿਚ ਆਇਆ ਸੀ ਅਤੇ ਮੈਂ ਪੰਜਾਬੀ ਵਿਭਾਗ ਵਿਚ ਐਮ.ਏ ਦਾ ਵਿਦਿਆਰਥੀ ਸੀ। ਛੋਟਾ ਕੱਦ, ਗੋਰਾ ਰੰਗ, ਅਤੇ ਬੜਾ ਤੇਜ਼-ਤਰਾਰ। ਵਿਭਾਗ ਵਿਚ ਵਿਚਰਦਿਆਂ ਉਸ ਨੇ ਆਪਣੇ ਸੁਭਾਅ ਮੁਤਾਬਕ ਬਹੁਤ ਥੋੜ੍ਹੇ ਸਮੇਂ ਵਿਚ ਹੀ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਆਪਣੀ ਵੱਖਰੀ ਪਛਾਣ ਸਥਾਪਿਤ ਕਰ ਲਈ। ਵੱਡਿਆਂ ਨਾਲ ਵਿਚਰਦਿਆਂ ਵੱਡੇ ਹੋ ਜਾਣਾ ਅਤੇ ਆਪਣੇ ਹਾਣ ਦਿਆਂ ਨਾਲ ਵਿਚਰਦਿਆਂ ਉਨ੍ਹਾਂ ਦੇ ਹਾਣੀ ਬਣ ਜਾਣਾ, ਇਹ ਡਾ. ਕਾਂਗ ਦੀ ਵਿਸ਼ੇਸ਼ ਖ਼ੂਬੀ ਸੀ। ਉਸਦੇ ਸੁਭਾਅ ਦੀ ਇਹ ਵਿਸ਼ੇਸ਼ਤਾ ਉਸ ਦੇ ਅੰਤਲੇ ਸਮੇਂ ਤੱਕ ਬਣੀ ਰਹੀ। ਆਪਣੀ ਪੜ੍ਹਾਈ ਖ਼ਤਮ ਕਰਨ ਉਪਰੰਤ ਉਹ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਵਿਚ ਬਤੌਰ ਅਧਿਆਪਕ ਨਿਯੁਕਤ ਹੋ ਗਿਆ, ਜਿਥੇ ਪੰਜਾਬੀ ਵਿਭਾਗ ਨਵਾਂ ਖੁੱਲ੍ਹਿਆ ਸੀ। ਵਿਭਾਗ ਦਾ ਪਹਿਲਾ ਅਧਿਆਪਕ ਹੋਣ ਕਾਰਨ ਉਸ ਨੇ ਇਸ ਨਵੇਂ ਮਹਿਕਮੇ ਨੂੰ ਸਥਾਪਿਤ ਕਰਨਾ ਸੀ ਪਰ ਉਸ ਨੇ ਆਪਣੀ ਯੋਗਤਾ ਅਤੇ ਅਸੀਮ ਸਮਰੱਥਾ ਦਾ ਸਬੂਤ ਦੇਂਦਿਆਂ ਇਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਇਆ।

1985 ਵਿਚ ਜਦੋਂ ਮੈਂ ਗੁਰੂ ਨਾਨਕ ਖ਼ਾਲਸਾ ਕਾਲਜ ਕਰਨਾਲ ਵਿਚ ਬਤੌਰ ਪ੍ਰਾਧਿਆਪਕ ਨਿਯੁਕਤ ਹੋਇਆ ਤਾਂ ਮੇਰੀ ਡਾ. ਕਾਂਗ ਨਾਲ ਨੇੜਤਾ ਹੋਰ ਵੀ ਵਧ ਗਈ। ਚੰਡੀਗੜ੍ਹ ਤੋਂ ਆਉਂਦਿਆਂ-ਜਾਂਦਿਆਂ ਕਈ ਵਾਰੀ ਇਕੱਠੇ ਸਫ਼ਰ ਕਰਨ ਦਾ ਮੌਕਾ ਮਿਲਦਾ, ਜਿਸ ਦੌਰਾਨ ਡਾ. ਕਾਂਗ ਕੋਲੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ। ਮੇਰੀ ਉਸ ਨਾਲ ਪਰਿਵਾਰਕ ਸਾਂਝ



ਸੀ। ਮੈਨੂੰ ਉਸ ਨੇ ਛੋਟੇ ਭਰਾਵਾਂ ਵਾਲਾ ਪਿਆਰ ਵੀ ਦਿੱਤਾ ਅਤੇ ਹਰ ਮੁਸ਼ਕਲ ਸਮੇਂ ਸਾਥ ਵੀ ਦਿੱਤਾ।

ਅਸੀਂ ਆਪਣੇ ਕਾਲਜ ਵਿਚ 1996 ਵਿਚ ਪੰਜਾਬੀ ਦੀਆਂ ਪੋਸਟ ਗ੍ਰੈਜੂਏਟ ਕਲਾਸਾਂ ਸ਼ੁਰੂ ਕਰਨ ਦੀ ਪ੍ਰਵਾਨਗੀ ਲੈਣੀ ਸੀ ਤਾਂ ਉਸ ਸਮੇਂ ਵੀ ਡਾ. ਕਾਂਗ ਹੋਰਾਂ ਦਾ ਸਹਿਯੋਗ ਬਹੁਤ ਸ਼ਲਾਘਾਯੋਗ ਰਿਹਾ। ਇਸ ਪੋਸਟ ਗ੍ਰੈਜੂਏਟ ਵਿਭਾਗ ਨੂੰ ਪ੍ਰਫੁੱਲਤ ਕਰਨ ਵਿਚ ਉਸ ਦਾ ਅਹਿਮ ਯੋਗਦਾਨ ਰਿਹਾ। ਉਹ ਹਰ ਸਮੇਂ ਪ੍ਰੇਰਣਾ ਦਾ ਸਰੋਤ ਬਣੇ ਰਹੇ ਅਤੇ ਕਦਮ-ਕਦਮ 'ਤੇ ਪੰਥ ਪਰਦਰਸ਼ਕ ਵੀ। ਇਸ ਵਿਭਾਗ ਵੱਲੋਂ ਕਰਵਾਏ ਗਏ ਬਹੁਤੇ ਸੈਮੀਨਾਰਾਂ ਦੀ ਰੂਪ-ਰੇਖਾ ਉਲੀਕਣ ਅਤੇ ਉਨ੍ਹਾਂ ਦਾ ਸਫਲਤਾ ਸਹਿਤ ਆਯੋਜਨ ਹੋਣ ਦਾ ਸਿਹਰਾ ਡਾ. ਕਾਂਗ ਨੂੰ ਜਾਂਦਾ ਹੈ। ਤਕਰੀਬਨ ਹਰ ਸਾਲ ਸੈਮੀਨਾਰ ਦੇ ਆਯੋਜਨ ਸਮੇਂ ਜਦੋਂ ਵੀ ਡਾ. ਕਾਂਗ ਨਾਲ ਵਿਚਾਰ ਕਰਨੀ ਤਾਂ ਉਸ ਨੇ ਬਹੁਤ ਥੋੜ੍ਹੇ ਸਮੇਂ ਵਿਚ ਸੈਮੀਨਾਰ ਦੀ ਰੂਪ-ਰੇਖਾ ਉਲੀਕ ਦੇਣੀ। ਮੇਰੇ ਕਾਲਜ ਦੇ ਪੰਜਾਬੀ ਵਿਭਾਗ ਨੂੰ ਆਪਣਾ ਸਮਝਦਿਆਂ ਹੋਇਆਂ ਡਾ. ਕਾਂਗ ਹਮੇਸ਼ਾਂ ਵੱਡਿਆਂ ਵਾਲਾ ਫਰਜ਼ ਨਿਭਾਉਂਦੇ ਰਹੇ।

ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਕਿ ਡਾ. ਕਾਂਗ ਦੇ ਹਰਿਆਣਾ ਵਿਚ ਆਉਣ ਤੋਂ ਬਾਅਦ ਜੋ ਤਰੱਕੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੇ ਇਥੇ ਕੀਤੀ ਹੈ, ਉਹ ਬਹੁਤ ਵਡਮੁੱਲੀ ਹੈ। ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਉਣਾ, ਹਰਿਆਣਾ ਪ੍ਰਾਂਤ ਦੇ ਕਾਲਜਾਂ ਦੇ ਪੰਜਾਬੀ ਦੇ ਪ੍ਰਾਧਿਆਪਕਾਂ ਨੂੰ ਪੀ-ਐਚ.ਡੀ ਕਰਨ ਲਈ ਪ੍ਰੇਰਨਾ, ਜਿਸ ਦਾ ਨਤੀਜਾ ਇਹ ਹੈ ਕਿ ਅੱਜ ਪੰਜਾਬੀ ਦੇ ਕਈ ਪ੍ਰੋਫ਼ੈਸਰ ਉੱਚੇ ਅਹੁਦਿਆਂ 'ਤੇ ਸੁਸ਼ੋਭਿਤ ਹਨ। ਹਰਿਆਣਾ ਦੇ ਵੱਖ-ਵੱਖ ਸਥਾਨਾਂ 'ਤੇ ਜਾ ਕੇ ਸੈਮੀਨਾਰਾਂ ਦਾ ਆਯੋਜਨ ਕਰਨਾ ਆਦਿ ਇਹ ਡਾ. ਕਾਂਗ ਦੇ ਸ਼ਖ਼ਸੀ ਗੁਣ ਸਨ। ਚੋਣ ਕਮੇਟੀਆਂ ਵਿਚ ਆਪਣੇ ਵਿਦਿਆਰਥੀਆਂ ਦੀ ਸਿਲੈਕਸ਼ਨ ਕਰਾਉਣ ਵਿਚ ਉਹ ਪੂਰੀ ਵਾਹ ਲਾ ਦੇਂਦੇ ਸਨ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਕਰਾਉਣ ਵਿਚ ਵੀ ਡਾ. ਕਾਂਗ ਦੇ ਯਤਨ ਭੁਲਾਏ ਨਹੀਂ ਜਾ ਸਕਦੇ ਅਤੇ ਉਸ ਉਪਰੰਤ ਅਕਾਦਮੀ ਦੇ ਸਹਿਯੋਗ ਨਾਲ ਪੂਰੇ ਹਰਿਆਣੇ ਵਿਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਆਪਣੇ ਅਖ਼ੀਰਲੇ ਦਮ ਤੱਕ ਯਤਨਸ਼ੀਲ ਰਹੇ। ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਨੂੰ ਪੰਜਾਬੀ ਦੀ ਮੁੱਖ ਧਾਰਾ ਨਾਲ ਜੋੜਨ ਦਾ ਸਿਹਰਾ ਵੀ ਡਾ. ਅਮਰਜੀਤ ਸਿੰਘ ਕਾਂਗ ਦੇ ਸਿਰ ਬੱਝਦਾ ਹੈ। ਸ਼ਾਇਦ ਹੀ ਕੋਈ ਪੰਜਾਬੀ ਦਾ ਵਿਦਵਾਨ ਅਤੇ ਸਾਹਿਤਕਾਰ ਹੋਵੇਗਾ, ਜਿਹੜਾ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਨਾ ਆਇਆ ਹੋਵੇ। ਡਾ. ਕਾਂਗ ਵੱਡੇ ਪੱਧਰ 'ਤੇ ਪੰਜਾਬੀ ਦੇ ਸੈਮੀਨਾਰਾਂ ਦਾ ਆਯੋਜਨ ਕਰਨ ਵਿਚ ਪ੍ਰਬੀਨ ਸੀ ਅਤੇ ਸਾਹਿਤਕ ਸਮਾਗਮਾਂ ਨੂੰ ਮੇਲਾ ਬਣਾ ਦੇਣਾ ਉਸ ਦੀ ਕਮਾਲ ਹੁੰਦੀ ਸੀ। ਉਸ ਦਾ ਘਰ ਪੰਜਾਬੀ ਦੇ ਅਧਿਆਪਕਾਂ ਅਤੇ ਪੰਜਾਬੀ ਦੇ ਸਾਹਿਤਕਾਰਾਂ ਲਈ ਮੱਕਾ ਸੀ। ਜਿਸ ਵੇਲੇ ਵੀ ਉਸ ਦੇ ਘਰ ਜਾਣ ਦਾ ਮੌਕਾ ਮਿਲਦਾ ਉਸ ਸਮੇਂ ਪੰਜਾਬੀ ਦੇ ਕਿਸੇ ਸਿਰਮੌਰ ਸਾਹਿਤਕਾਰ ਦੇ ਦਰਸ਼ਨ ਡਾ. ਕਾਂਗ ਦੇ ਘਰ ਹੋ ਜਾਂਦੇ। ਡਾ. ਕਾਂਗ ਦੇ ਜਾਣ ਤੋਂ ਬਾਅਦ ਇਕ ਬਹੁਤ ਵੱਡਾ ਖੱਪਾ ਜਿਹਾ ਮਹਿਸੂਸ ਹੁੰਦਾ ਹੈ। ਹੁਣ ਜਦੋਂ ਵੀ ਕੋਈ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਉਸਦੀ ਘਾਟ ਹਮੇਸ਼ਾ ਮਹਿਸੂਸ ਹੁੰਦੀ ਹੈ। ਬੇਸ਼ਕ ਡਾ. ਕਾਂਗ ਅੱਜ ਸਾਡੇ ਦਰਮਿਆਨ ਨਹੀਂ ਹਨ ਪਰ ਉਸਦੀ ਜੋ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਪੂਰਨੇ ਪਾਏ ਹਨ। ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ ਅਤੇ ਨਾ ਹੀ ਡਾ. ਕਾਂਗ ਵਰਗੀ ਗਤੀਸ਼ੀਲ ਅਤੇ ਮਿਲਾਪੜੀ ਸ਼ਖ਼ਸੀਅਤ ਦਾ ਬਦਲ ਹਰਿਆਣਾ ਦੇ ਪੰਜਾਬੀ ਭਾਸ਼ਾ, ਸਾਹਿਤ ਅਤੇ ਅਧਿਆਪਕ ਜਗਤ ਵਿਚ ਨਜ਼ਰ ਆਉਂਦਾ ਹੈ।

# ਸ਼੍ਰੋਮਣੀ ਭਗਤ ਨਾਮਦੇਵ ਜੀ: ਜੀਵਨ ਤੇ ਰਚਨਾ

ਬ੍ਰਹਮ ਗਿਆਨੀ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਜਨਮ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਮਰਾਠੀ, ਅੰਗਰੇਜ਼ੀ ਤੇ ਹਿੰਦੀ ਦੇ ਵਿਦਵਾਨ ਵੱਖੋ ਵੱਖਰੀਆਂ ਤਰੀਕਾਂ ਦੇਂਦੇ ਹਨ। ਬੰਸੀਧਰ ਸ਼ਾਸਤਰੀ ਨਾਮਦੇਵ ਦਾ ਜਨਮ 1363 ਈ. ਵਿਚ ਹੋਇਆ ਦੱਸਦੇ ਹਨ। ਪ੍ਰੋ. ਵੀ ਬੀ ਪਟਵਰਧਨ, ਡਾ. ਭੰਡਾਰਕਰ, ਡਾ. ਨਿਕਲ ਮੈਕਲੀਕੋਲ ਤੇ ਭਾਗਤ ਰਾਮ 1370 ਈ. ਵਿਚ ਉਨ੍ਹਾਂ ਦਾ ਜਨਮ ਹੋਇਆ ਲਿਖਦੇ ਹਨ। ਗਰਸਾ-ਡੀ ਟੈਸੀ 1278 ਤੇ ਡਾ. ਮੋਹਨ ਸਿੰਘ ਦੀਵਾਨਾ ਇਹ ਵਰ੍ਹਾ 1390 ਈ. ਲਿਖਦੇ ਹਨ। ਗਿ. ਗੁਰਦਿੱਤ ਸਿੰਘ ਆਪਣੀ

**ਡਾ. ਚਰਨਜੀਤ ਸਿੰਘ ਗੁਮਟਾਲਾ**
**ਫੋਨ: 91-94175-33060**

ਪੁਸਤਕ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਿੱਧ ਕਰਦੇ ਹਨ, ਜਿਸ ਨੂੰ ਕਿ ਡਾ. ਅਤਰ ਸਿੰਘ, ਸ. ਨਰਿੰਦਰ ਸਿੰਘ ਸੋਚ ਆਦਿ ਨੇ ਨਕਾਰਿਆ ਹੈ। ਇਸ ਵਾਦ ਵਿਵਾਦ ਉਪਰ ਡਾ. ਅਵਤਾਰ ਸਿੰਘ ਨੇ ਆਪਣੀ ਪੁਸਤਕ ਨਿਰਗੁਨ-ਕਾਵਿ ਅਤੇ ਭਗਤ ਨਾਮਦੇਵ ਵਿਚ ਪੰਨਾ 56 ਤੇ 57 ਉਪਰ ਲਿਖਿਆ ਹੈ ਕਿ ਭਾਈ ਗੁਰਦਾਸ ਜੀ ਦੀ 10ਵੀਂ ਵਾਰ ਦੀ 15ਵੀਂ ਪੌੜੀ ਵਿਚ ਭਗਤ ਕਬੀਰ ਜੀ ਨੂੰ ਰਾਮਾਨੰਦ ਜੀ ਤੋਂ 'ਰਾਮ ਨਾਮ' ਦਾ ਉਪਦੇਸ਼ ਮਿਲਣ ਦੀ ਘਟਨਾ ਦਾ ਬਿਆਨ ਕੀਤਾ ਹੈ। ਜੇ ਕਬੀਰ ਜੀ ਜਾਂ ਨਾਮਦੇਵ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਹੁੰਦੇ ਤਾਂ ਭਾਈ ਗੁਰਦਾਸ ਜੀ ਨੇ ਇਸ ਦਾ ਜ਼ਿਕਰ ਜ਼ਰੂਰ ਇਸ ਵਾਰ ਵਿਚ ਕਰਨਾ ਸੀ। ਗੁਰੂ ਗ੍ਰੰਥ ਸਾਹਿਬ ਦੇ ਅੰਗ 1372-73 ਵਿਚ ਨਾਮਦੇਵ-ਤ੍ਰਿਲੋਚਨ ਦੇ ਸੰਵਾਦ ਦੀ ਗਵਾਹੀ ਮਿਲਦੀ ਹੈ:

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥212॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥213॥
(ਗੁਰੂ ਗ੍ਰੰਥ ਸਾਹਿਬ, ਅੰਗ 1372-73)

ਸ੍ਰੀ ਨਾਮਦੇਵ ਗਾਥਾ ਸੰਗ੍ਰਹਿ ਦੇ ਅਭੰਗ 1240 ਤੋਂ ਸਾਬਤ ਹੋ ਜਾਂਦਾ ਹੈ ਕਿ ਆਪ ਨੇ 1270 ਈ. ਵਿਚ ਅਵਤਾਰ ਧਾਰਿਆ।

ਉਪਰੋਕਤ ਅਭੰਗ ਦੇ ਆਧਾਰ ਉੱਤੇ ਆਰ.ਡੀ. ਰਾਨਾਡੇ, ਲਕਸ਼ਮਣ ਗਣੇਸ਼ਯੋਗ, ਮਾਧਵ ਗੋਪਾਲ ਦੇਸ਼ਮੁਖ, ਡਾ. ਤਾਰਨ ਸਿੰਘ, ਭਾਈ ਜੋਧ ਸਿੰਘ, ਕਿਰਪਾਲ ਸਿੰਘ ਨਾਰੰਗ, ਗਿਆਨੀ ਖ਼ਜ਼ਾਨ ਸਿੰਘ ਅਤੇ ਡਾ. ਛੰ.ਕੇ. ਆਡਕਰ ਤੋਂ ਬਿਨਾਂ ਅਣਗਿਣਤ ਹੋਰ ਵਿਦਵਾਨ ਵੀ ਆਪ ਦੀ ਜਨਮ ਮਿਤੀ 26 ਅਕਤੂਬਰ 1270 ਈ. (ਸ਼ਕ ਸੰਮਤ 1192. ਕੱਤਕ ਦੀ ਸ਼ੁਕਲ ਇਕਾਦਸ਼ੀ) ਸਵੀਕਾਰ ਚੁੱਕੇ ਹਨ।

**ਜਨਮ ਸਥਾਨ:** ਜਿੱਥੋਂ ਤੀਕ ਜਨਮ ਸਥਾਨ ਦਾ ਸੰਬੰਧ ਹੈ, ਇਸ ਬਾਰੇ ਵੀ ਦੋ ਮਤ ਹਨ, ਕਈ ਲੇਖਕ ਪੰਡਰਪੁਰ ਨੂੰ ਜਨਮ ਸਥਾਨ ਮੰਨਦੇ ਹਨ ਤੇ ਕਈ ਪਿੰਡ ਨਰਸੀ ਨੂੰ ਮੰਨਦੇ ਹਨ। ਹਿੰਦੀ ਵਿਚ ਸਭ ਤੋਂ ਪਹਿਲਾਂ ਚਰਿੱਤਰ ਲਿਖਣ ਵਾਲੇ ਅਨੰਤਦਾਸ, ਨਾਮਦੇਵ ਦਾ ਜਨਮ ਸਥਾਨ ਪੰਡਰਪੁਰ ਮੰਨਦੇ ਹਨ। ਪੰਜਾਬੀ ਦੇ ਸਾਖੀਕਾਰ ਪੂਰਨਦਾਸ, ਸੋਹਨ ਲਾਲ ਮਨੋਹਰ ਤੇ ਗਿਆਨੀ ਖ਼ਜ਼ਾਨਾ ਸਿੰਘ ਵੀ ਪੰਡਰਪੁਰ ਨੂੰ ਜਨਮ ਸਥਾਨ ਮੰਨਦੇ ਹਨ।

ਪਰ ਸ੍ਰੀ ਨਾਮਦੇਵ ਗਾਥਾ ਅਨੁਸਾਰ ਆਪਦਾ ਜਨਮ ਗੋਣਾਈ ਦੇ ਉਦਰ ਤੋਂ ਨਰਸੀ ਪਿੰਡ ਵਿਚ ਹੋਇਆ। ਇਨ੍ਹਾਂ ਵਿਚ ਪ੍ਰੋ. ਸਾਹਿਬ ਸਿੰਘ, ਮੈਕਾਲਿਫ, ਮਰਾਠੀ ਵਿਦਵਾਨ-ਕੇਸ਼ਵ ਰਾਮ ਕੇਹਾਤਪੁਰ, ਅਜਗਾਓਂਕਰ ਆਦਿ ਤੇ ਹਿੰਦੀ ਦੇ ਵਿਦਵਾਨ ਮਾਧਵ ਗੋਪਾਲ ਦੇਸ਼ਮੁਖ, ਡਾ. ਭਗੀਰਥ ਮਿਸਰ ਆਦਿ ਸ਼ਾਮਲ ਹਨ।

ਇਸ ਤਰ੍ਹਾਂ ਅਜਕਲ ਨਰਸੀ ਬਾਹਮਣੀ ਪਿੰਡ ਜੋ ਕਿ ਬੰਬਈ ਸੂਬੇ ਦੇ ਜ਼ਿਲ੍ਹਾ ਸਤਾਰਾ ਵਿਚ ਪੈਂਦਾ ਹੈ, ਉਸ ਨੂੰ ਹੀ ਜਨਮ ਸਥਾਨ ਸਵੀਕਾਰ ਕੀਤਾ ਜਾਂਦਾ ਹੈ।

**ਮਾਤਾ ਪਿਤਾ:** ਕਈਆਂ ਨੇ ਤਾਂ ਮਾਤਾ-ਪਿਤਾ ਬਾਰੇ ਅਣਹੋਣੀ ਗੱਲ ਲਿਖ ਮਾਰੀ ਕਿ ਉਹ ਇੱਕ ਕੁਆਰੀ ਦੇਵਦਾਸੀ ਦੇ ਉਦਰ ਤੋਂ ਪੈਦਾ ਹੋਏ ਜਦਕਿ ਗੁਰਬਾਣੀ ਅਨੁਸਾਰ:

ਛੀਪੇ ਕੈ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ॥
(ਗਉੜੀ ਨਾਮਦੇਵ, ਆਦਿ ਗ੍ਰੰਥ ਅੰਗ 486)

ਭਾਵ ਕਿ ਨਾਮਦੇਵ ਮਾਤਾ ਦੇ ਉਦਰ ਤੋਂ ਪੈਦਾ ਹੋਏ। ਨਾਮਦੇਵ ਜੀ ਦੇ ਪਿਤਾ ਦਾ ਨਾਂ ਦਾਮੇਸ਼ ਮਾਤਾ ਦਾ ਨਾਂ ਗੋਣਾਈ, ਭੈਣ ਅਉਤਾਈ ,ਪਤਨੀ ਦਾ ਨਾਂ ਰਾਜਾਈ, ਜੇਠੇ ਪੁੱਤਰ ਦਾ ਨਾਂ ਨਾਰਾ ਤੇ ਉਸ ਦੀ ਪਤਨੀ ਭਾਵ ਨੂੰਹ ਦਾ ਨਾਂ ਲਾਡਾਈ, ਦੂਸਰੇ ਪੁੱਤਰ ਦਾ ਨਾਂ ਵਿਠਾ ਤੇ ਉਸ ਦੀ ਪਤਨੀ ਦਾ ਨਾਂ ਗੋਡਾਈ, ਤੀਜੇ ਪੁੱਤਰ ਦਾ ਨਾਂ ਗੋਦਾ ਤੇ ਉਸ ਦੀ ਪਤਨੀ ਦਾ ਨਾਂ ਯੇਸਾਈ, ਚੌਥੇ ਪੁੱਤਰ ਦਾ ਨਾਂ ਮਹਾਦਾ ਤੇ ਉਸ ਦੀ ਪਤਨੀ ਦਾ ਨਾਂ ਸਾਖਰਾਈ, ਧੀ ਦਾ ਨਾਂ ਲਿੰਬਾਈ। ਆਪ ਦੀ ਦਾਸੀ (ਸ਼ਿਸ਼) ਦਾ ਨਾਂ ਜਨਾਬਾਈ ਸੀ।

**ਗੁਰੂ:** ਦੇਹਧਾਰੀ ਗੁਰੂ ਦੀ ਲੋੜ ਸੰਬੰਧੀ ਗਿਆਨ ਆਪ ਨੂੰ ਗਿਆਨੇਸ਼ਵਰ ਅਤੇ ਨਵਿਰਤੀ ਨਾਥ ਆਦਿ ਭਗਤਾਂ ਪਾਸੋਂ ਹੋਇਆ। ਇਸ ਮੌਕੇ ਘੁਮਿਆਰ ਭਗਤ ਸ੍ਰੀ ਗੋਰਾ ਵੀ ਉਥੇ ਮੌਜੂਦ ਸੀ। ਉਸ ਨੇ ਆਪ ਨੂੰ ਨਿਰਗੁਣਧਾਰਾ ਵੱਲ ਪ੍ਰੇਰਿਤ ਕੀਤਾ।

ਵਿਸ਼ਬਾਖੇਚਰ ਦੀ ਸੰਗਤ ਨੇ ਨਾਮਦੇਵ ਦੇ ਭਰਮ-ਜਾਲ ਨੂੰ ਤੋੜ ਦਿੱਤਾ। ਉਹ 'ਬੀਠੁਲ' ਹੁਣ ਨਾਮਦੇਵ ਨੂੰ ਘਟ-ਘਟ ਵਿਚ ਰਮਿਆ ਵਿਖਾਈ ਦੇਣ ਲੱਗਾ : ਹੁਣ ਪੰਡਰਪੁਰ ਹੀ ਨਹੀਂ, ਸਗੋਂ ਸਾਰਾ ਸੰਸਾਰ ਆਪ ਨੂੰ ਆਪਣਾ-ਆਪਣਾ ਲੱਗਣ ਲੱਗਾ, ਉਹ ਬੀਠਲ (ਵਿਠੁਲ) ਜਿਹੜਾ ਪੰਡਰਪੁਰ ਦੇ ਮੰਦਰ ਵਿਚਲੀ ਮੂਰਤੀ ਵਿਚੋਂ ਹੀ ਆਪ ਨੂੰ ਦਿਸਦਾ ਸੀ, ਜ਼ਰੇ-ਜ਼ਰੇ ਵਿਚ ਪ੍ਰਤੀਤ ਹੋਣ ਲੱਗ ਪਿਆ:

ਸਭਿ ਗੋਬਿੰਦੁ ਹੈ ਸਭਿ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀ ਕੋਇ
ਅਤੇ
ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥

ਹੁਣ ਆਪ ਨਿਰਗੁਣ ਬ੍ਰਹਮ ਦੇ ਉਪਾਸਕ ਹੋ ਚੁੱਕੇ ਸਨ।

**ਯਾਤਰਾਵਾਂ:** ਆਰੰਭ ਵਿਚ ਉਨ੍ਹਾਂ ਉਤਰੀ ਭਾਰਤ ਦਾ ਭ੍ਰਮਣ ਕੀਤਾ। ਪਹਿਲੀ ਯਾਤਰਾ ਸੰਨ 1293 ਦੇ ਆਸ-ਪਾਸ ਹੋਈ। ਕਾਂਸ਼ੀ ਦੇ ਦਸ਼ਾਂਸ਼ਵਮੇਧ ਘਾਟ ਉਤੇ ਗਿਆਨੇਸ਼ਵਰ ਮੱਠ ਹੈ। ਉਥੇ ਇੱਕ ਸਤੰਭ ਉਤੇ ਸੰਮਤ 1351 ਲਿਖਿਆ ਹੈ। ਸੰਮਤ 1351 ਦੇ ਸਮਾਨੰਤਰ ਸੰਨ 1293 ਆਉਂਦਾ ਹੈ। ਗਿਆਨੇਸ਼ਵਰ ਦੇ ਨਾਲ ਜਦੋਂ ਨਾਮਦੇਵ ਕਾਂਸ਼ੀ ਯਾਤਰਾ 'ਤੇ ਗਏ ਤਾਂ ਉਹ ਉਥੇ ਹੀ ਠਹਿਰੇ ਸਨ। ਕ੍ਰਿਪਾਲ ਸਿੰਘ ਨਾਰੰਗ ਅਨੁਸਾਰ, ਨਾਮਦੇਵ ਗਿਆਨੇਸ਼ਵਰ ਦੇ ਨਾਲ ਪਹਿਲੀ ਯਾਤਰਾ ਸਮੇਂ ਰਾਜਸਥਾਨ ਵੀ ਗਏ। ਇਸ ਇਲਾਕੇ ਵਿਚ ਆਪ ਦੀ ਯਾਤਰਾ ਦੀ ਸਮ੍ਰਿਤੀ ਵਿਚ ਇੱਕ ਖੂਹ ਵੀ ਹੈ। ਇਹ ਖੂਹ ਕੋਲਾਯਾਤ ਵਿਖੇ ਹੈ ਜੋ ਬੀਕਾਨੇਰ ਤੋਂ 40 ਕਿਲੋਮੀਟਰ ਦੂਰ ਹੈ। ਖੂਹ ਵਿਚ ਪਾਣੀ ਇਤਨਾ ਡੂੰਘਾ ਸੀ ਕਿ ਪਾਣੀ ਕੱਢ ਸਕਣਾ ਅਸੰਭਵ ਸੀ। ਗਿਆਨੇਸ਼ਵਰ ਜੋਗ ਮਤ ਦੀ ਲਘਿਮਾ ਸਿੱਧੀ ਰਾਹੀਂ ਖੂਹ ਵਿਚ ਉਤਰ ਕੇ ਪਾਣੀ ਪੀ ਆਏ ਪਰ ਨਾਮਦੇਵ ਰਿਧੀਆਂ-ਸਿਧੀਆਂ ਦੇ ਜਾਲ ਵਿਚ ਨਾ ਪੈ ਕੇ ਪ੍ਰਾਣਾਂ ਦੀ ਆਹੂਤੀ ਦੇਣ ਲਈ ਤਿਆਰ ਹੋ ਗਏ। ਸ੍ਰੀ ਨਾਮਦੇਵ ਗਾਥਾ ਦਾ ਇੱਕ ਅਭੰਗ ਵੀ ਗਵਾਹੀ ਦਿੰਦਾ ਹੈ ਕਿ ਭਗਵਾਨ ਦੀ ਕ੍ਰਿਪਾ ਰਾਹੀਂ ਪਾਣੀ ਉਸ ਸਮੇਂ ਖੂਹ ਵਿਚ ਉਪਰ ਚੜ੍ਹ ਆਇਆ ਅਤੇ ਨਾਮਦੇਵ ਨੇ ਪਿਆਸ ਬੁਝਾ ਲਈ।

ਭਾਈ ਜੋਧ ਸਿੰਘ ਅਨੁਸਾਰ, ਆਪਣੀ ਇਸ ਯਾਤਰਾ ਸਮੇਂ ਉਹ ਦੇਵਗਿਰੀ ਵੀ ਗਏ, ਜਿਥੇ ਆਪ ਸਧਨਾ ਕਸਾਈ ਪਾਸ ਠਹਿਰੇ। ਫਿਰ ਉਹ ਐਲੋਗ, ਘ੍ਰਿਸ਼ਸ੍ਰੇਵਰ, ਪੰਚਵਟੀ ਆਦਿ ਥਾਵਾਂ ਤੋਂ ਹੁੰਦੇ ਹੋਏ ਜੂਨਾਗੜ੍ਹ ਪਹੁੰਚੇ ਅਤੇ ਅੰਤ ਦਿੱਲੀ ਪਧਾਰੇ। ਦਿੱਲੀ ਤੋਂ ਕਾਂਸ਼ੀ, ਪ੍ਰਯਾਗ, ਅਯੁੱਧਿਆ, ਮਥੁਰਾ, ਗੋਕਲ, ਬ੍ਰਿੰਦਾਬਨ, ਜਗਨਨਾਥ ਅਤੇ ਦਵਾਰਕਾ ਵੀ ਗਏ। ਮੈਕਾਲਿਫ ਵੀ ਲਿਖਦਾ ਹੈ ਕਿ ਉਹ ਮਾਰਵਾੜ ਵਿਚੋਂ ਲੰਘਦੇ ਹੋਏ ਕਾਮੇਸ਼ਵਰ ਦਾ ਦਰਸ਼ਨ ਕਰਨ



ਚਲੇ ਗਏ। ਫਿਰ ਔਧਿਆ ਨਾਗ ਨਾਥ ਤੋਂ ਹੁੰਦੇ ਹੋਏ ਪੰਡਰਪੁਰ ਪਰਤ ਗਏ।

ਇਸ ਤਰ੍ਹਾਂ ਭਗਤ ਨਾਮਦੇਵ ਨੇ ਗਿਆਨੇਸ਼ਵਰ ਦੀ ਸੰਗਤ ਵਿਚ ਭਾਰਤ ਦੇ ਪ੍ਰਮੁੱਖ ਤੀਰਥ-ਸਥਾਨਾਂ ਦੀ ਯਾਤਰਾ ਕੀਤੀ। ਜਦੋਂ ਇਹ ਸੰਤ-ਮੰਡਲੀ ਇਸ ਯਾਤਰਾ ਤੋਂ ਵਾਪਸ ਪਰਤੀ ਤਾਂ ਗਿਆਨੇਸ਼ਵਰ ਸ਼ਕ ਸੰਮਤ 1218 (1296 ਈ.) ਨੂੰ ਆਲੰਦੀ ਵਿਖੇ ਸਮਾ ਗਏ। ਇੱਕ ਪਿਆਰੇ ਸੱਜਣ ਦੀ ਮ੍ਰਿਤੂ ਨੇ ਨਾਮਦੇਵ ਦੇ ਹਿਰਦੇ ਨੂੰ ਉਚਾਟ ਕਰ ਦਿੱਤਾ ਅਤੇ ਉਹ ਆਪਣੀ ਮਾਤ-ਭੂਮੀ ਨੂੰ ਅੰਤਮ ਤੌਰ 'ਤੇ ਅਲਵਿਦਾ ਕਹਿ ਕੇ ਸਿੱਧੇ ਪੰਜਾਬ ਆ ਨਿਕਲੇ। ਇਹ ਉਨ੍ਹਾਂ ਦੀ ਦੂਸਰੀ ਯਾਤਰਾ ਸੀ। ਉਹ ਹਰਿਦੁਆਰ ਤੋਂ ਚੱਲ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਇੱਕ ਪਿੰਡ 'ਭੂਤ ਪਿੰਡ' ਵਿਖੇ ਆ ਟਿਕੇ। ਇੱਥੋਂ ਦੇ ਇੱਕ ਪ੍ਰੇਮੀ ਸਿੱਖ ਬਹੁਤ ਦਾਸ ਜਾਂ ਬੋਹੜ ਦਾਸ ਨਾਲ ਉਨ੍ਹਾਂ ਦਾ ਸੰਪਰਕ ਹੋਇਆ।

ਭੂਤਵਿੰਡ ਤੋਂ ਅਗਲੇਰਾ ਪੜਾਅ ਉਨ੍ਹਾਂ ਮਰੜ੍ਹ ਪਿੰਡ (ਜ਼ਿਲ੍ਹਾ ਗੁਰਦਾਸਪੁਰ) ਵਿਚ ਕੀਤਾ। ਮਰੜ੍ਹ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੀ ਇਕ ਹੋਰ ਪਿੰਡ ਭੱਟੀਵਾਲ ਗਏ। ਇਸ ਪਿੰਡ ਵਿਚ ਨਾਮਦੇਵ ਨੇ ਇੱਕ ਖੂਹ ਲਗਵਾਇਆ। ਇਸ ਜ਼ਿਲ੍ਹੇ ਵਿਚ ਭਗਤ ਨਾਮਦੇਵ ਜੀ ਦੀ ਇੱਕ ਹੋਰ ਯਾਦਗਾਰ ਪਿੰਡ ਸੱਖੋਵਾਲ ਵਿਚ ਬਣੀ ਹੈ। ਸਭ ਤੋਂ ਪ੍ਰਸਿੱਧ ਅਤੇ ਕੇਂਦਰੀ ਅਹਿਮੀਅਤ ਰੱਖਣ ਵਾਲਾ ਨਾਮਦੇਵ ਜੀ ਦਾ ਯਾਦਗਾਰੀ ਸਥਾਨ ਘੁਮਾਣ (ਗੁਰਦਾਸਪੁਰ) ਵਿਚ ਹੈ, ਜਿਸ ਨਗਰ ਨਾਲ ਅਨੇਕਾਂ ਲੋਕ-ਸਮ੍ਰਿਤੀਆਂ ਜੁੜੀਆਂ ਹਨ।

**ਜੋਤੀ ਜੋਤ ਸਮਾਉਣਾ:** ਆਪ ਨੇ 1350 ਈਸਵੀ ਵਿਚ ਆਪਣੇ ਪੰਜ ਭੂਤਕ ਸਰੀਰ ਦਾ ਤਿਆਗ ਕੀਤਾ। ਇਸ ਤੱਥ ਦਾ ਆਧਾਰ ਸ੍ਰੀ ਨਾਮਦੇਵ ਗਾਥਾ ਵਿਚਲੇ ਅਭੰਗ ਹਨ। ਉਨ੍ਹਾਂ ਦਾ ਦੇਹੁਰਾ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਮੌਜੂਦ ਹੈ।

**ਰਚਨਾ: (ੳ)** ਆਪਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ 18 ਰਾਗਾਂ ਵਿਚ ਹੈ ਤੇ ਸ਼ਬਦਾਂ ਦੀ ਗਿਣਤੀ 61 ਹੈ।

**ਆਦਿ ਗ੍ਰੰਥ ਤੋਂ ਬਾਹਰ ਹਿੰਦੀ ਬਾਣੀ:** ਆਦਿ ਗ੍ਰੰਥ ਤੋਂ ਬਾਹਰ ਨਾਮਦੇਵ ਕੀ ਹਿੰਦੀ ਪਦਾਵਲੀ ਹਿੰਦੀ ਦੇ ਪਦਾਂ ਦੀ ਕੁਲ ਗਿਣਤੀ 231 ਹੈ ਜੋ 15 ਰਾਗਾਂ ਵਿਚ ਹਨ। ਹਿੰਦੀ ਪਦਾਂ ਵਿਚੋਂ 25 ਤਾਂ ਅਜਿਹੇ ਹਨ ਜੋ ਆਦਿ ਗ੍ਰੰਥ ਵਿਚਲੇ ਸ਼ਬਦਾਂ ਨਾਲ ਹੂ-ਬ-ਹੂ ਮਿਲਦੇ ਹਨ।

**(ੲ) ਮਰਾਠੀ ਰਚਨਾ:** ਨਾਮਦੇਵ ਦੀ ਮਰਾਠੀ ਰਚਨਾ ਅਭੰਗਾਂ ਵਿਚ ਹੈ, ਜੋ ਸ੍ਰੀ ਨਾਮਦੇਵ ਗਾਥਾ ਵਿਚ ਸੰਗ੍ਰਹਿਤ ਹਨ। ਇਨ੍ਹਾਂ ਦੀ ਗਿਣਤੀ 2655 ਹੈ। ਇਨ੍ਹਾਂ ਵਿਚ ਨਾਮਦੇਵ ਦੇ ਪਰਿਵਾਰ ਦੇ ਮੈਂਬਰਾਂ ਵੱਲੋਂ ਰਚਿਤ 548 ਅਭੰਗ ਵੀ ਸ਼ਾਮਲ ਹਨ।

# ਬੱਚੇ ਦੇ ਜਨਮ ਤੋਂ ਬਾਅਦ ਦੀਆਂ ਕਿਰਿਆਵਾਂ

ਨਵ-ਜੀਵਨ ਨੂੰ ਪੈਦਾ ਹੁੰਦੇ ਹੀ ਜਿਨ੍ਹਾਂ ਨਿਸ਼ਚਿਤ ਤਬਦੀਲੀਆਂ ਵਿਚੋਂ ਲੰਘਣਾ ਪੈਂਦਾ ਹੈ, ਉਨ੍ਹਾਂ ਦਾ ਵੇਰਵਾ ਇਸ ਲੇਖ ਵਿਚ ਸਾਂਝਾ ਕੀਤਾ ਜਾ ਰਿਹਾ ਹੈ।

ਮਾਂ ਦੇ ਪੇਟ 'ਚੋਂ ਬਾਹਰ ਨਿਕਲਦਿਆਂ ਹੀ ਬਹੁਤ ਸਾਰੀਆਂ ਕਿਰਿਆਵਾਂ ਨਵਜੀਵਨ ਦੇ ਸਰੀਰ ਵਿਚ ਵਾਪਰਦੀਆਂ ਹਨ। ਪਹਿਲੀ ਕਿਰਿਆ ਕਿ ਫੇਫੜੇ ਜਿਹੜੇ ਹੁਣ ਤੱਕ ਬੰਦ ਪਏ ਸਨ ਉਹ ਖੁੱਲ੍ਹ ਜਾਂਦੇ ਹਨ। ਪਹਿਲੀ ਵਾਰ ਉਨ੍ਹਾਂ ਵਿਚ ਬਾਹਰੀ ਹਵਾ ਬਾਹਰੀ ਵਾਤਾਵਰਨ ਦੇ ਪਰੈਸ਼ਰ ਨਾਲ ਦਾਖਲ ਹੋ ਜਾਂਦੀ ਹੈ।



ਦੂਜੀ ਕਿਰਿਆ ਇਸ

**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

ਦਬਾਅ ਨਾਲ ਦਿਲ ਵਿਚ ਪਹਿਲਾਂ ਜੋ ਮਾਂ ਵੱਲੋਂ ਆਇਆ ਖ਼ੂਨ ਦਿਲ ਦੇ ਉਪਰਲੇ ਸੱਜੇ ਖ਼ਾਨੇ ਵਿਚੋਂ ਦਿਲ ਦੇ ਖੱਬੇ ਪਾਸੇ ਵਾਲੇ ਉਪਰਲੇ ਖ਼ਾਨੇ ਵਿਚ ਸਿੱਧਾ ਜਾ ਰਿਹਾ ਸੀ, ਹੁਣ ਪਹਿਲੀ ਵਾਰ ਸਿੱਧਾ ਸੱਜੇ ਆਟਰੀਅਮ ਤੋਂ ਖੱਬੇ ਆਟਰੀਅਮ ਵਿਚ ਜਾਣ ਦੀ ਬਜਾਏ ਸੱਜੇ ਪਾਸੇ ਦੇ ਹੀ ਹੇਠਲੇ ਖ਼ਾਨੇ ਵਿਚ ਜਿਸ ਨੂੰ ਸੱਜਾ ਵੈਂਟਰੀਕਲ ਕਹਿੰਦੇ ਹਨ, ਵਿਚ ਜਾਣ ਲਗਦਾ ਹੈ।

ਤੀਸਰੀ ਕਿਰਿਆ ਪਲਮੋਨਰੀ ਆਰਟਰੀ ਜਿਹੜੀ ਫੇਫੜਿਆਂ ਵਾਂਗ ਹੀ ਹੁਣ ਤੱਕ ਬੰਦ ਪਈ ਸੀ, ਉਹ ਵੀ ਖੁੱਲ੍ਹਦੀ ਹੈ ਅਤੇ ਹੁਣ ਇਸ ਸੱਜੇ ਵੈਂਟਰੀਕਲ ਵਿਚ ਆਇਆ ਖ਼ੂਨ ਪਹਿਲੀ ਵਾਰ ਪਲਮੋਨਰੀ ਆਰਟਰੀ ਵਿਚ ਧੱਕਿਆ ਜਾਂਦਾ ਹੈ ਤੇ ਉਸ ਰਾਹੀਂ ਫੇਫੜਿਆਂ ਵਿਚ ਪਹੁੰਚਾਇਆ ਜਾਂਦਾ ਹੈ।

ਚੌਥੀ ਕਿਰਿਆ ਫੇਫੜਿਆਂ ਵਿਚੋਂ ਪਹਿਲੀ ਵਾਰ ਚਾਰ ਪਲਮੋਨਰੀ ਵੇਨਜ ਰਾਹੀਂ ਖ਼ੂਨ ਲੈਫਟ ਆਟਰੀਅਮ ਵਿਚ ਪਹੁੰਚਦਾ ਹੈ। ਪੰਜਵੀਂ ਕਿਰਿਆ ਪਹਿਲੀ ਵਾਰ ਹੀ ਫੇਫੜਿਆਂ ਨੂੰ ਜਾਣ ਵਾਲੀ ਤੇ ਫੇਫੜਿਆਂ ਤੋਂ ਵਾਪਸ ਆਉਣ ਵਾਲੀ ਖ਼ੂਨ ਦੀ ਕਿਰਿਆ ਵੀ ਸ਼ੁਰੂ ਹੁੰਦੀ ਹੈ ਪਰ ਨਾਲ ਹੀ ਇਹ ਗੱਲ ਵੀ ਯਾਦ ਰੱਖਣੀ ਪਵੇਗੀ ਕਿ ਸੱਜੇ ਆਟਰੀਅਮ ਤੋਂ ਸਿੱਧਾ ਖੱਬੇ ਆਟਰੀਅਮ ਵਿਚ ਜੋ ਖ਼ੂਨ ਜਾ ਰਿਹਾ ਸੀ ਉਹ ਹਾਲੇ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ ਹੁੰਦਾ। ਹਾਲੇ ਇਸ ਰਸਤੇ ਨੂੰ ਬੰਦ ਹੋਣ 'ਚ ਕੁਝ ਸਮਾਂ ਲੱਗੇਗਾ ਜੋ ਛੇ ਤੋਂ ਅਠਾਰਾਂ ਮਹੀਨੇ ਵੀ ਹੋ ਸਕਦਾ ਹੈ ਤੇ ਕਈ ਵੇਰ ਜ਼ਿੰਦਗੀ ਭਰ ਬੰਦ ਹੀ ਨਹੀਂ ਹੁੰਦਾ। ਅੱਜ-ਕੱਲ੍ਹ ਇਸ ਲਈ ਬੜੀ ਕਾਮਯਾਬੀ ਨਾਲ ਸਰਜਰੀ ਦੀ ਮਦਦ ਲਈ ਜਾਂਦੀ ਹੈ। ਇਸ ਸੁਰਾਖ ਨੂੰ ਫੋਰਾਮੈਨ ਓਵਲ ਕਹਿੰਦੇ ਹਨ ਜੋ ਸੱਜੇ ਆਟਰੀਅਮ ਤੇ ਖੱਬੇ ਆਟਰੀਅਮ ਵਿਚਕਾਰ ਦੀ ਦੀਵਾਰ ਵਿਚ ਹੁੰਦਾ ਹੈ।

ਇਹ ਯਾਦ ਰੱਖਣ ਯੋਗ ਹੈ ਕਿ ਜਦ ਤੱਕ ਦਿਲ ਵਿਚ ਖ਼ੂਨ ਦਾ ਪਹਿਲਾ ਚੱਲਣ ਬੰਦ ਨਹੀਂ ਹੁੰਦਾ ਭਾਵ ਸੱਜੇ ਆਟਰੀਅਮ ਤੋਂ ਖੱਬੇ ਆਟਰੀਅਮ ਵੱਲ ਸਿੱਧਾ ਖ਼ੂਨ ਜਾਣਾ ਬੰਦ ਨਹੀਂ ਹੁੰਦਾ ਤਦ ਤੱਕ ਬੱਚੇ ਦਾ ਰੰਗ ਪੂਰੀ ਤਰ੍ਹਾਂ ਲਾਲੀ ਵਿਚ ਨਹੀਂ ਆਉਂਦਾ ਕਿਉਂਕਿ ਇਸਤੇਮਾਲ ਕੀਤਾ ਖ਼ੂਨ ਫੇਫੜਿਆਂ ਵਿਚੋਂ ਆਏ ਫਰੈਸ਼ ਖ਼ੂਨ ਨਾਲ ਮਿਕਸ ਹੁੰਦਾ ਜਾਂਦਾ ਹੈ। ਬੇਸ਼ਕ ਮਾਂ ਵੱਲੋਂ ਫਰੈਸ਼ ਖ਼ੂਨ ਦਾ ਆਉਣਾ ਹੁਣ ਨਾੜੂ ਕੱਟਣ ਨਾਲ ਬੰਦ ਹੋ ਚੁੱਕਿਆ ਹੈ। ਜਿਸ ਦੇ ਸਿੱਟੇ ਵਜੋਂ ਹੁਣ ਸਰੀਰ ਨੂੰ ਸਪਲਾਈ ਹੋਣ ਵਾਲੇ ਖ਼ੂਨ ਵਿਚ ਆਕਸੀਜਨ ਦੀ ਮਾਤਰਾ ਲੋੜ ਨਾਲੋਂ ਘੱਟ ਹੁੰਦੀ ਹੈ ਜਿਸ ਨੂੰ ਪੂਰਾ ਕਰਨ ਲਈ ਬੱਚੇ ਦਾ ਦਿਲ ਸ਼ੁਰੂ ਸ਼ੁਰੂ ਵਿਚ ਇਕ ਮਿੰਟ ਵਿਚ 120 ਤੋਂ 140 ਵਾਰ ਧੜਕਦਾ ਹੈ ਜਦੋਂਕਿ ਆਮ ਆਦਮੀ ਦਾ ਦਿਲ ਇਕ ਮਿੰਟ ਵਿਚ 72 ਤੋਂ 80 ਵਾਰ ਖ਼ੂਨ ਅੱਗੇ ਧੱਕਣ ਲਈ ਧੜਕਦਾ ਹੈ। ਇਸੇ ਤਰਤੀਬ ਨਾਲ ਸਾਹਾਂ ਦੀ ਗਿਣਤੀ ਸਧਾਰਨ ਆਦਮੀ ਵਿਚ ਇਕ ਮਿੰਟ ਵਿਚ 14 ਤੋਂ 16 ਵਾਰ ਹੁੰਦੀ ਹੈ ਜਦਕਿ ਨਵ ਜਨਮੇ ਬੱਚੇ ਵਿਚ 30 ਤੋਂ 60 ਪਰ ਮਿੰਟ ਵੀ ਹੋ ਸਕਦੀ ਹੈ ਜੋ ਜਨਮ ਸਮੇਂ ਸਹੀ ਪੀੜਾ ਜਾਂ ਆਕਸੀਜਨ ਦੀ ਖ਼ੂਨ ਵਿਚ ਜਾ ਰਹੀ ਘੱਟ ਮਾਤਰਾ 'ਤੇ ਨਿਰਭਰ ਕਰਦਾ ਹੈ ਅਤੇ ਸਰੀਰ ਵਿਚ ਆਕਸੀਜਨ ਦੀ ਕਮੀ ਨੂੰ ਪੂਰਾ ਕਰਨ ਲਈ ਦਿਲ ਨੂੰ ਵੱਧ ਵਾਰ ਧੜਕ ਕੇ ਇਸ ਕਮੀ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੁੰਦੀ ਹੈ। ਸਰੀਰ ਦੀ ਹੁਣ ਹਰ ਦਿਨ ਵਧਦੀ ਆਕਸੀਜਨ ਤੇ ਖੁਰਾਕ ਦੀ ਲੋੜ ਪੂਰੀ ਕਰਨ ਲਈ ਸੈੱਲਾਂ ਵਿਚ ਲੋੜੀਂਦੀ ਮਾਤਰਾ ਖੁਰਾਕ ਮਿਕਸ ਖ਼ੂਨ ਦੀ ਪਹੁੰਚਾਉਣ ਲਈ ਦਿਲ ਨੂੰ ਵੀ ਤੇ ਸਾਹਾਂ ਨੂੰ ਵੀ ਜ਼ਿਆਦਾ ਸਰਕਲ ਘੁੰਮਣਾ ਪੈਂਦਾ ਹੈ। ਇਹੀ ਗਿਣਤੀ ਜਦ ਬੱਚਾ ਸੌਂ ਜਾਂਦਾ ਹੈ ਤਾਂ ਇਕ ਮਿੰਟ ਵਿਚ 20 ਤੱਕ ਵੀ ਆ ਜਾਂਦੀ ਹੈ ਕਿਉਂਕਿ ਉਸ ਵਕਤ ਘੱਟ ਖੁਰਾਕ ਤੇ ਘੱਟ ਆਕਸੀਜਨ ਦੀ ਲੋੜ ਹੁੰਦੀ ਹੈ। ਛੇ ਮਹੀਨੇ ਦੀ ਉਮਰ ਤੱਕ ਇਹ ਗਿਣਤੀ ਘਟ ਕੇ 25 ਤੋਂ 40 ਤੱਕ ਰਹਿੰਦੀ ਹੈ ਜੋ ਬਹੁਤ ਸਾਰੇ ਕਾਰਨਾਂ ਕਰਕੇ ਹੈ ਜਿਵੇਂ ਉਪਰ ਵਾਂਗ ਹੀ ਆਰਾਮ ਕਰਦੇ ਸਮੇਂ ਘੱਟ ਆਕਸੀਜਨ ਤੇ ਘੱਟ ਖੁਰਾਕ ਦੀ ਬੱਚੇ ਨੂੰ ਲੋੜ ਹੁੰਦੀ ਹੈ। ਇਵੇਂ ਹੀ ਆਮ ਆਦਮੀ ਵਿਚ ਆਰਾਮ ਸਮੇਂ ਸਾਹਾਂ ਦੀ ਗਿਣਤੀ ਘੱਟ ਤੇ ਐਕਸਰਸਾਈਜ਼ ਕਰਦਿਆਂ ਜਾਂ ਕੰਮ ਕਾਰ ਦੀ ਐਕਟਿਵਿਟੀ ਕਰਕੇ ਜ਼ਿਆਦਾ ਹੁੰਦੀ ਹੈ।

ਨਵ-ਜੰਮੇ ਬੱਚੇ ਨੂੰ ਜੇ ਲੋੜੀਂਦੀ ਖੁਰਾਕ ਕਿਸੇ ਕਾਰਨ ਨਹੀਂ ਜਾ ਰਹੀ ਤਾਂ ਬੱਚੇ ਦਾ ਭਾਰ ਘਟਦਾ ਹੈ। ਪਹਿਲੇ ਦੋ-ਤਿੰਨ ਹਫ਼ਤੇ ਅਜਿਹਾ ਹੋਣਾ ਸੁਭਾਵਕ ਹੈ। ਦਿਲ ਵਿਚ ਤਾਜ਼ੇ ਤੇ ਇਸਤੇਮਾਲ ਕੀਤੇ ਖ਼ੂਨ ਦੇ ਸੱਜੇ ਆਟਰੀਅਮ ਵਿਚ ਮਿਕਸ ਹੁੰਦੇ ਰਹਿਣ ਕਰਕੇ ਵੀ ਲੋੜੀਂਦੀ ਆਕਸੀਜਨ ਤੇ ਖੁਰਾਕ ਬੱਚੇ ਨੂੰ ਨਹੀਂ ਮਿਲਦੀ ਜਿਸ ਕਰਕੇ ਬੱਚੇ ਦਾ ਭਾਰ ਪਹਿਲੇ ਕੁਝ ਹਫ਼ਤੇ ਘਟਦਾ ਹੈ।

ਸਮਾਂ ਬੀਤਣ ਨਾਲ ਦਿਲ ਦੇ ਉਪਰਲੇ ਦੋਹਾਂ ਸੱਜੇ ਤੇ ਖੱਬੇ ਆਟਰੀਅਮ ਖ਼ਾਨਿਆਂ ਵਿਚਲਾ ਸਾਂਝਾ ਰਸਤਾ ਜਿਸਨੂੰ ਫੋਰਾਮਿਨ ਓਵਲ ਕਹਿੰਦੇ ਹਨ, ਜਿਵੇਂ ਜਿਵੇਂ ਬੰਦ ਹੁੰਦਾ ਜਾਂਦਾ ਹੈ ਉਵੇਂ ਹੀ ਬੱਚੇ ਦਾ ਭਾਰ ਵੀ ਵਧਣ ਲੱਗਦਾ ਹੈ ਤੇ ਰੰਗ ਜੋ ਹੁਣ ਤੱਕ ਨੀਲੀ ਜਾਂ ਫਿੱਕੀ ਗੁਲਾਬੀ ਭਾਅ ਮਾਰਦਾ ਸੀ ਹੁਣ ਲਾਲ ਹੋਣ ਲਗਦਾ ਹੈ ਜਦ ਤੱਕ ਕਿ ਉਹ ਆਪਣੇ ਮਾਂ-ਬਾਪ ਦੇ ਅਸਲੀ ਰੰਗ ਵਿਚ ਨਹੀਂ ਆ ਜਾਂਦਾ।

ਜਨਮ ਤੋਂ ਤੁਰੰਤ ਬਾਅਦ ਬੱਚੇ ਦੇ ਸਾਰੇ ਨਿਕਾਸ ਰਾਹਾਂ ਦਾ ਮੁਆਇਨਾ ਕੀਤਾ ਜਾਣਾ ਚਾਹੀਦਾ ਹੈ ਜਦ ਤੱਕ ਟੱਟੀ ਪੇਸ਼ਾਬ ਬਿਨਾ ਕਿਸੇ ਤਕਲੀਫ਼ ਦੇ ਨਾ ਆ ਜਾਵੇ। ਨੱਕ, ਮੂੰਹ ਤੇ ਕੰਨਾਂ ਦੀ ਸਫਾਈ ਖ਼ਾਸ ਤੌਰ 'ਤੇ ਕੋਸੇ ਪਾਣੀ ਨਾਲ ਨੁਹਾਉਣ ਸਮੇਂ ਜ਼ਰੂਰ ਕਰ ਲੈਣੀ ਚਾਹੀਦੀ ਹੈ।

ਇਕ ਹੋਰ ਗੱਲ ਜਿਸਦਾ ਇਸ ਸਮੇਂ ਪੂਰੀ ਤਰ੍ਹਾਂ ਖਿਆਲ ਰੱਖਣ ਦੀ ਲੋੜ ਹੁੰਦੀ ਹੈ, ਉਹ ਹੈ ਨਵ-ਜੰਮੇ ਬੱਚਿਆਂ ਨੂੰ ਪੀਲੀਆ ਹੋਣਾ। ਆਮ ਤੌਰ 'ਤੇ ਇਕ-ਦੋ ਦਿਨਾਂ ਵਿਚ ਬੱਚੇ ਦਾ ਰੰਗ ਪੀਲਾ ਪੈ ਜਾਂਦਾ ਹੈ, ਚੌਵੀ ਘੰਟਿਆਂ ਦੇ ਅੰਦਰ-ਅੰਦਰ ਪੈਦਾ ਹੋਣ ਵਾਲੇ ਪੀਲੀਏ ਨੂੰ ਸੀਰੀਅਸ ਲਿਆ ਜਾਣਾ ਚਾਹੀਦਾ ਹੈ।

ਅੱਜ ਕੱਲ੍ਹ ਮਾਂ-ਬਾਪ ਬਣਨ ਜਾ ਰਹੇ ਆਦਮੀ ਤੇ ਔਰਤ ਦੇ ਖ਼ੂਨ ਦੀ ਜਾਂਚ ਪਹਿਲਾਂ ਹੀ ਕਰ ਲਈ ਜਾਂਦੀ ਹੈ। ਇਸ ਟੈਸਟ ਦਾ ਨਾਂ ਰੇਸਸ ਫੈਕਟਰ ਟੈਸਟ ਜਾਂ ਰੇਸਿਸ ਇਨਕੰਪੈਟੇਬਿਲਟੀ ਟੈਸਟ ਹੈ। ਉਨ੍ਹਾਂ ਜੋੜਿਆਂ ਵਿਚ ਖ਼ਾਸ ਤੌਰ 'ਤੇ ਇਹ ਟੈਸਟ ਕੀਤਾ ਜਾਂਦਾ ਹੈ ਜਿਸ ਵਿਚ ਡੈੱਡ ਬਰਥ ਜਾਂ ਸਟਿਲ ਬਰਥ ਦੀ ਪਹਿਲਾਂ ਹਿਸਟਰੀ ਹੋਵੇ। ਭਾਵ ਮਰਿਆ ਬੱਚਾ ਪੈਦਾ ਹੋਣਾ ਜਾਂ ਜੰਮਦਿਆਂ ਮਰ ਜਾਣ ਦੀ ਹਿਸਟਰੀ ਵਾਲੇ ਕੇਸਾਂ ਵਿਚ ਇਸ ਦਾ ਅਗਾਊਂ ਟੈਸਟ ਤੇ ਉਪਚਾਰ ਕਰ ਲੈਣ ਦੀ ਲੋੜ ਹੈ। ਸਾਧਾਰਨ ਤੌਰ 'ਤੇ ਪੀਲੀਏ ਦਾ ਕਾਰਨ ਖ਼ੂਨ ਵਿਚ ਮੌਜੂਦ ਬਿਲੀਰੁਬਿਨ ਦੀ ਜ਼ਿਆਦਾ ਮਾਤਰਾ ਹੈ ਜੋ ਆਂਤੜੀਆ ਵਿਚੋਂ ਲਿਵਰ ਵਿਚ ਪਹੁੰਚੇ ਖ਼ੂਨ ਵਿਚ ਮੌਜੂਦ ਆਇਰਨ ਦੇ ਟੁੱਟਣ ਤੋਂ ਬਣਦੇ ਹਨ। ਸੋ ਖ਼ੂਨ ਵਿਚ ਬਿਲਿਰੁਬਿਨ ਦੀ ਜ਼ਿਆਦਾ ਮਾਤਰਾ ਵੀ ਬੱਚੇ ਵਿਚ ਪੀਲੀਆ ਪੈਦਾ ਕਰਦੀ ਹੈ।

# ਫ਼ਿਲਮ ਲੋਕ

## ਕਰੀਨਾ ਕਪੂਰ ਖੇਡੇਗੀ ਇਕ ਹੋਰ ਪਾਰੀ



ਕਰੀਨਾ ਕਪੂਰ ਨੂੰ ਫ਼ਿਲਮੀ ਦੁਨੀਆ ਵਿਚ ਪੈਰ ਰੱਖਿਆਂ 25 ਸਾਲ ਹੋ ਚੁੱਕੇ ਹਨ ਅਤੇ ਉਸ ਨੇ ਆਪਣੇ ਕਰੀਅਰ ਵਿਚ ਕੁਝ ਫਲਾਪ ਤੇ ਕਈ ਹਿੱਟ ਫਿਲਮਾਂ ਦਿੱਤੀਆਂ ਹਨ। ਪਿਛਲੇ ਦਿਨੀਂ ਕਰੀਨਾ ਕਪੂਰ ਨੇ ਆਪਣੀਆਂ ਸਫਲ ਫਿਲਮਾਂ ਦਾ ਸਿਹਰਾ ਸ਼ਾਹਿਦ ਕਪੂਰ ਤੋਂ ਲੈ ਕੇ ਸ਼ਾਹਰੁਖ ਖਾਨ ਤੱਕ ਆਪਣੇ ਕੋ-ਐਕਟਰਾਂ ਨੂੰ ਦਿੱਤਾ ਹੈ। ਇਸ ਲਈ ਉਸ ਨੇ ਉਨ੍ਹਾਂ ਸਭ ਦਾ ਧੰਨਵਾਦ ਵੀ ਕੀਤਾ ਹੈ। ਕਰੀਨਾ ਕਪੂਰ ਪਿਛਲੇ ਦਿਨੀਂ ਮਰਡਰ-ਮਿਸਟਰੀ ਫਿਲਮ 'ਦ ਬਕਿੰਘਮ ਮਰਦਰਜ਼ (2024) ਵਿਚ ਬਰਤਾਨੀਆ-ਭਾਰਤੀ ਜਸੂਸ ਜਸਮੀਤ ਭੰਮਰਾ ਦੀ ਭੂਮਿਕਾ ਨਿਭਾਉਂਦੀ ਨਜ਼ਰ ਆਈ ਸੀ। ਉਸ ਦੀ ਇਹ ਫ਼ਿਲਮ ਪਿਛਲੇ ਸਾਲ ਲੰਦਨ ਵਿਚ ਰਿਲੀਜ਼ ਕੀਤੀ ਗਈ ਸੀ। ਉਥੇ ਵੀ ਇਸ ਫਿਲਮ ਨੇ ਕਾਫੀ ਧੂਮ ਮਚਾਈ ਸੀ। 'ਕਰੂ' (2024) ਤੋਂ ਪਹਿਲਾਂ ਵੀ ਕਰੀਨਾ ਨੇ ਪਿਛਲੇ ਸਾਲ ਫਿਲਮ 'ਜਾਨੇ ਜਾਂ' (2023) ਜ਼ਰੀਏ ਓ.ਟੀ.ਟੀ. ਦੀ ਦੁਨੀਆ ਵਿਚ ਕਦਮ ਰੱਖਦੇ ਹੋਏ ਪ੍ਰਸੰਸਕਾਂ ਦੀ ਬਹੁਤ ਤਾਰੀਫ ਖੱਟੀ ਸੀ। ਕਰੀਨਾ ਰੋਹਿਤ ਸੈਟੀ ਦੀ ਆਉਣ ਵਾਲੀ ਫਿਲਮ 'ਸਿੰਘਮ ਅਗੇਨ' ਵਿਚ ਵੀ ਨਜ਼ਰ ਆਵੇਗੀ। ਇਹ ਫਿਲਮ ਇਸੇ ਸਾਲ ਦੀਵਾਲੀ 'ਤੇ ਵੱਡੇ ਪਰਦੇ 'ਤੇ ਦਸਤਕ ਦੇਣ ਵਾਲੀ ਹੈ।

ਜੇਕਰ ਖ਼ਬਰਾਂ ਵੱਲ ਦੇਖੀਏ ਤਾਂ ਹਾਲ ਹੀ ਵਿਚ ਕਰੀਨਾ ਦੇ ਹੱਥ ਭਾਰਤ ਦੀ ਸਭ ਤੋਂ ਵੱਡੀ ਫਿਲਮ ਲੱਗੀ ਹੈ। ਇਸ ਨੂੰ ਭਾਰਤੀ ਸਿਨੇਮਾ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਰੋਮਾਂਚਕ ਫਿਲਮ ਕਿਹਾ ਜਾ ਰਿਹਾ ਹੈ। ਐਕਟਿੰਗ ਦੀ ਇਕ ਹੋਰ ਪਾਰੀ ਖੇਡਣ ਦੇ ਰੌਂਅ ਵਿਚ ਕਰੀਨਾ ਕਪੂਰ ਬਾਰੇ ਦਾਅਵਾ ਕੀਤਾ ਜਾ ਰਿਹਾ ਹੈ ਕੀ ਇਸ ਸਾਲ ਵਿਚ ਕਰੀਨਾ ਕਪੂਰ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕਰੇਗੀ। ਅਗਲੇ ਸਾਲ 2026 ਵਿਚ ਇਹ ਫ਼ਿਲਮ ਸਿਨੇਮਾ ਘਰਾਂ ਵਿਚ ਦਸਤਕ ਦੇਵੇਗੀ।

ਇਸ ਤੋਂ ਇਲਾਵਾ ਕਰੀਨਾ ਕਪੂਰ ਨਿਰਦੇਸ਼ਕ ਏ. ਆਰ. ਮੁਰੂਗਾਦਾਸ ਦੀ ਫਿਲਮ 'ਸਿਕੰਦਰ' ਵਿਚ ਸਲਮਾਨ ਖਾਨ ਨਾਲ ਨਜ਼ਰ ਆਉਣ ਵਾਲੀ ਹੈ। ਸਾਜਦਿ ਨਾਡਿਆਡਵਾਲਾ ਫਿਲਮ ਨੂੰ ਪ੍ਰੋਡਿਊਸ ਕਰ ਰਹੇ ਹਨ। ਫ਼ਿਲਮ ਸਨਅਤ ਵਿਚ 25 ਸਾਲ ਪੂਰੇ ਕਰ ਚੁੱਕੀ ਕਰੀਨਾ ਵਿਆਹ ਦੇ ਏਨੇ ਸਾਲਾਂ ਬਾਅਦ ਖ਼ਾਸ ਕਰਕੇ ਦੋ ਬੱਚਿਆਂ ਦੀ ਮਾਂ ਬਣ ਜਾਣ ਤੋਂ ਬਾਅਦ ਵੀ ਫਿਲਮ ਸਨਅਤ ਵਿਚ ਜਿਸ ਤਰ੍ਹਾਂ ਨਾਲ ਰੁੱਝੀ ਹੋਈ ਹੈ, ਉਸ ਨੂੰ ਦੇਖਦੇ ਹੋਏ ਹਰ ਕੋਈ ਹੈਰਾਨ ਹੈ।

ਹਾਲਾਂਕਿ ਕਾਫੀ ਸਮੇਂ ਤੋਂ ਕਰੀਨਾ ਕਪੂਰ ਓਨੀ ਸਰਗਰਮ ਨਹੀਂ ਹੈ ਜਿੰਨੀ ਪਹਿਲਾਂ ਹੋਇਆ ਕਰਦੀ ਸੀ ਪਰ ਲਗਦਾ ਹੈ ਕਿ ਐਕਟਿੰਗ ਦੀ ਇਕ ਹੋਰ ਪਾਰੀ ਖੇਡਣ ਲਈ ਇਕ ਵਾਰ ਫਿਰ ਤੋਂ ਉਸ ਨੇ ਤਿਆਰੀ ਕਰ ਲਈ ਹੈ।

## ਫਿਰ ਸੁਰਖੀਆਂ ਵਿਚ ਆਈ ਅਮੀਸ਼ਾ ਪਟੇਲ



ਲਗਭਗ ਪੰਜਾਹ ਸਾਲ ਦੀ ਉਮਰ ਨੂੰ ਢੁੱਕੀ ਹੋਈ ਅਦਾਕਾਰਾ ਅਮੀਸ਼ਾ ਪਟੇਲ ਦੀ ਇਕ ਫੋਟੋ ਅਜਕਲ੍ਹ ਸੋਸ਼ਲ ਮੀਡੀਆ 'ਤੇ ਜ਼ਬਰਦਸਤ ਵਾਇਰਲ ਹੋਈ ਹੈ, ਜਿਸ ਵਿਚ ਉਹ ਇਕ ਸ਼ਖ਼ਸ ਦੇ ਨਾਲ ਨਜ਼ਰ ਆ ਰਹੀ ਹੈ। ਖ਼ਬਰਾਂ ਮੁਤਾਬਿਕ ਤਸਵੀਰ ਵਿਚ ਅਮੀਸ਼ਾ ਦੇ ਨਾਲ ਜੋ ਸ਼ਖ਼ਸ ਨਜ਼ਰ ਆ ਰਹੇ ਹਨ, ਉਹ ਕਰੋੜਪਤੀ ਕਾਰੋਬਾਰੀ ਨਿਰਵਾਣ ਬਿੜਲਾ ਹੈ। ਤਸਵੀਰ ਵਿਚ ਅਮੀਸ਼ਾ ਉਮਰ ਵਿਚ 19 ਸਾਲ ਛੋਟੇ ਨਿਰਵਾਣ ਦੀ ਗੋਦ ਵਿਚ ਬੈਠੀ ਨਜ਼ਰ ਆ ਰਹੀ ਹੈ। ਹਮੇਸ਼ਾ ਤੋਂ ਆਪਣੀ ਪ੍ਰੋਫੈਸ਼ਨਲ ਜ਼ਿੰਦਗੀ ਤੋਂ ਜ਼ਿਆਦਾ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ ਵਿਚ ਰਹੀ ਅਮੀਸ਼ਾ ਪਟੇਲ ਇਸ ਤਸਵੀਰ ਨੂੰ ਲੈ ਕੇ ਫਿਰ ਤੋਂ ਸੁਰਖੀਆਂ ਵਿਚ ਹੈ। ਅਮੀਸ਼ਾ ਪਟੇਲ ਨੇ ਰਿਤਿਕ ਰੌਸ਼ਨ ਨਾਲ ਸਾਲ 2000 ਵਿਚ ਰਿਲੀਜ਼ ਫ਼ਿਲਮ 'ਕਹੋ ਨਾ ਪਿਆਰ ਹੈ' ਤੋਂ ਡੈਬਿਊ ਕੀਤਾ ਸੀ। ਦਰਸ਼ਕਾਂ ਨੂੰ ਦੋਵਾਂ ਦੀ ਆਨ ਸਕ੍ਰੀਨ ਕੈਮਿਸਟਰੀ ਕਾਫ਼ੀ ਪਸੰਦ ਆਈ ਸੀ। 'ਕਹੋ ਨਾ ਪਿਆਰ ਹੈ' ਤੋਂ ਬਾਅਦ ਅਮੀਸ਼ਾ ਦੀ ਦੂਸਰੀ ਫ਼ਿਲਮ 'ਗਦਰ : ਏਕ ਪ੍ਰੇਮ ਕਥਾ' ਸੀ ਤਾਂ ਹੋਰ ਵੀ ਵੱਡੀ ਹਿਟ ਸਾਬਿਤ ਹੋਈ ਸੀ। ਇਸ ਫ਼ਿਲਮ ਵਿਚ ਉਸ ਵਲੋਂ ਨਿਭਾਇਆ ਗਿਆ ਸਕੀਨਾ ਦਾ ਕਿਰਦਾਰ ਹਰ ਕਿਸੇ ਨੂੰ ਬਹੁਤ ਪਸੰਦ ਆਇਆ ਸੀ। ਉਸ ਤੋਂ ਬਾਅਦ 'ਕ੍ਰਾਂਤੀ', 'ਕਿਆ ਯਹੀ ਪਿਆਰ ਹੈ' ਅਤੇ 'ਆਮ ਮੂਬੇ ਅਤੇ ਲਗਨੇ ਲਗੇ' ਵਰਗੀ ਉਨ੍ਹਾਂ ਵਰਗੀਆਂ ਉਨ੍ਹਾਂ ਦੀਆਂ ਫਿਲਮਾਂ ਨਹੀਂ ਚੌਲੀਆਂ ਸਨ। ਉਸੇ ਸਾਲ ਆਈ 'ਹਮਰਾਜ਼' ਨੇ ਜ਼ਰੂਰ ਟਿਕਟ ਖਿੜਕੀ 'ਤੇ ਚੰਗੀ ਕਮਾਈ ਕੀਤੀ ਸੀ ਪਰ ਉਸ ਤੋਂ ਬਾਅਦ ਉਸ ਨੇ ਜੋ ਵੀ ਫ਼ਿਲਮ ਕੀਤੀ, ਉਸ ਨੇ ਦਰਸ਼ਕਾਂ ਨੂੰ ਨਿਰਾਸ਼ ਹੀ ਕੀਤਾ।

ਅਮੀਸ਼ਾ ਦੇ ਕਰੀਅਰ ਵਿਚ ਜ਼ਬਰਦਸਤ ਡਾਉਨ ਫਾਲ ਆਉਂਦਾ ਗਿਆ। ਇਸ ਵਿਚਾਲੇ ਉਸ ਨੇ ਕੁਝ ਤੇਲਗੂ ਫ਼ਿਲਮਾਂ ਵੀ ਕੀਤੀਆਂ ਪਰ ਉਥੇ ਵੀ ਉਸ ਦੀ ਦਾਲ ਨਹੀਂ ਗਲੀ।

## ਵੱਡੇ ਬੰਦਿਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਹੀ ਪੈਂਦਾ: ਗੁਰੂ ਰੰਧਾਵਾ



**ਮੁੰਬਈ:** ਗਾਇਕ ਤੇ ਅਦਾਕਾਰ ਗੁਰੂ ਰੰਧਾਵਾ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਪੋਸਟ ਵਿੱਚ ਟੀ-ਸੀਰੀਜ਼ ਨਾਲ ਸਮੱਸਿਆਵਾਂ ਦਾ ਸੰਕੇਤ ਦਿੱਤਾ ਹੈ। ਉਸ ਨੇ ਆਪਣੇ ਚਾਹੁਣ ਵਾਲਿਆਂ ਨੂੰ ਛੇਤੀ ਹੀ ਇਨ੍ਹਾਂ ਨੂੰ ਸੁਲਝਾਉਣ ਦਾ ਭਰੋਸਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਗਾਇਕ ਦੇ ਪ੍ਰਸ਼ੰਸਕ ਨੇ ਉਸ ਦੇ ਐਕਸ ਹੈਂਡਲ 'ਤੇ ਟੀ-ਸੀਰੀਜ਼ 'ਤੇ ਕਥਿਤ ਤੌਰ 'ਤੇ ਗੁਰੂ ਨੂੰ ਸੁਤੰਤਰ ਤੌਰ 'ਤੇ ਜਾਂ ਕਿਸੇ ਹੋਰ ਨਾਲ ਕੰਮ ਕਰਨ ਤੋਂ ਰੋਕਣ ਦਾ ਦੋਸ਼ ਲਗਾਇਆ ਸੀ। ਇਸ ਦੇ ਜਵਾਬ ਵਿੱਚ ਗੁਰੂ ਨੇ ਲਿਖਿਆ, ਵੱਡੇ ਲੋਕਾਂ ਨੂੰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਮਸਲਾ ਕੁਝ ਦਿਨਾਂ ਵਿੱਚ ਹੱਲ ਹੋ ਜਾਵੇਗਾ ਅਤੇ ਅਸੀਂ ਪਹਿਲਾਂ ਨਾਲੋਂ ਮਜ਼ਬੂਤ ਹੋ ਕੇ ਵਾਪਸ ਆਵਾਂਗੇ। ਇਹ ਸਾਲ ਸੰਗੀਤ ਅਤੇ ਫ਼ਿਲਮਾਂ ਨਾਲ ਭਰਿਆ ਹੋਵੇਗਾ। ਬਸ ਤਿਆਰੀ ਚੱਲ ਰਹੀ ਹੈ। ਉਹ ਅਜਿਹੇ ਸਾਰੇ ਮਾਮਲਿਆਂ ਬਾਰੇ ਸ਼ਾਇਦ ਹੀ ਕਦੇ ਗੱਲ ਕਰਦਾ ਹੈ ਪਰ ਹਾਂ, ਇਸ 'ਤੇ ਗੱਲ ਕਰਨ ਅਤੇ ਤੁਹਾਨੂੰ ਸਾਰਿਆਂ ਨੂੰ ਦੱਸਣ ਦਾ ਸਮਾਂ ਹੈ ਕਿ ਪਿਛਲੇ ਡੇਢ ਸਾਲ ਤੋਂ ਕੀ ਹੋ ਰਿਹਾ ਹੈ।

## ਕਿਆਰਾ ਅਡਵਾਨੀ ਨੂੰ ਆਰਾਮ ਕਰਨ ਦੀ ਸਲਾਹ



**ਮੁੰਬਈ:** ਬਾਲੀਵੁੱਡ ਅਦਾਕਾਰਾ' ਕਿਆਰਾ ਅਡਵਾਨੀ ਨੂੰ ਲੋੜੋਂ ਵੱਧ ਰੁਝੇਵਿਆਂ ਕਾਰਨ ਆਰਾਮ ਕਰਨ ਦੀ ਸਲਾਹ ਦਿੱਤੀ ਗਈ ਹੈ। ਅਦਾਕਾਰਾ ਦੇ ਪ੍ਰਤੀਨਿਧੀ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਉਸ ਦੇ ਹਸਪਤਾਲ 'ਚ ਦਾਖਲ ਹੋਣ ਦੀਆਂ ਖ਼ਬਰਾਂ ਨੂੰ ਖਾਰਜ ਕੀਤਾ ਹੈ। ਉਸ ਦੇ ਦਾਖਲ ਹੋਣ ਦੀ ਖ਼ਬਰ ਉਦੋਂ ਆਈ ਸੀ, ਜਦੋਂ ਉਹ ਆਪਣੀ ਅਗਾਮੀ ਫ਼ਿਲਮ 'ਗੇਮ ਚੇਂਜਰ' ਦੇ ਲਾਂਚ ਸਮਾਗਮ ਵਿੱਚ ਸ਼ਾਮਲ ਨਹੀਂ ਹੋਈ। ਕਿਆਰਾ ਦੇ ਪ੍ਰਤੀਨਿਧੀ ਨੇ ਦੱਸਿਆ, 'ਅਦਾਕਾਰਾ ਹਸਪਤਾਲ 'ਚ ਨਹੀਂ ਹੈ, ਉਸ ਨੂੰ ਲਗਾਤਾਰ ਕੰਮ ਕਰਨ ਕਰਕੇ ਅਰਾਮ ਦੀ ਸਲਾਹ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਕਿਆਰਾ ਅਡਵਾਨੀ 2023 ਵਿੱਚ ਫ਼ਿਲਮ 'ਸੱਤਿਆਪ੍ਰੇਮ ਕੀ ਕਥਾ' ਵਿੱਚ ਕਾਰਤਿਕ ਆਰਿਯਨ ਨਾਲ ਦਿਖਾਈ ਦਿੱਤੀ ਸੀ। 'ਗੇਮ ਚੇਂਜਰ' ਸਿਆਸਤ 'ਤੇ ਆਧਾਰਿਤ ਫ਼ਿਲਮ ਹੈ, ਜਿਸ ਨੂੰ ਐੱਸ. ਸ਼ੰਕਰ ਨੇ ਨਿਰਦੇਸ਼ਿਤ ਕੀਤਾ ਹੈ। ਇਸ ਫ਼ਿਲਮ ਵਿੱਚ ਕਿਆਰਾ ਨੇ ਤੇਲਗੂ ਅਦਾਕਾਰ ਰਾਮ ਚਰਨ ਨਾਲ ਕੰਮ ਕੀਤਾ ਹੈ। ਇਸ ਤੋਂ ਪਹਿਲਾਂ ਇਹ ਦੋਵੇਂ ਅਦਾਕਾਰ 'ਵਿਨਾਇਆ ਵਿਦਿਆ ਰਾਮਾ' ਵਿੱਚ ਨਜ਼ਰ ਆਏ ਸਨ। ਫਿਲਮ ਗੇਮ ਚੇਂਜਰ 10 ਜਨਵਰੀ ਨੂੰ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ।

-0-

KALGIDHAR SOCIETY BARU SAHIB. 1983

# ਕਲਗੀਧਰ ਸੁਸਾਇਟੀ ਬੜੂ ਸਾਹਿਬ

## ਕਲਗੀਧਰ ਸੁਸਾਇਟੀ ਬੜੂ ਸਾਹਿਬ ਵੱਲੋਂ ਅਕਾਲ ਯੂਨੀਵਰਸਿਟੀ ਵਿਖੇ 'ਡਾ. ਮਨਮੋਹਨ ਸਿੰਘ ਚੇਅਰ ਇਨ ਡਿਵੈਲਪਮੈਂਟ ਇਕਨੌਮਿਕਸ' ਦੀ ਸਥਾਪਨਾ

With the sudden passing of Dr. Manmohan Singh, former Prime Minister of India, the nation has lost a remarkable son. Renowned for his unwavering integrity, humility, and profound understanding of public policy, Dr. Singh steered the country out of economic turmoil and set it on a path of high growth and development through his liberalization policies.

In recognition of Dr. Singh's immense contributions to academia and his service to society and the nation, The Kalgidhar Society - Baru Sahib has decided to establish the **'Dr. Manmohan Singh Chair in Development Economics'** at Akal University, Talwandi Sabo (Punjab). This chair will undertake advanced research on his visionary ideas, fostering a deeper understanding of economic development and inspiring future generations to follow in his footsteps.

**About The Kalgidhar Society**

The Kalgidhar Society, also known as Baru Sahib, is a non-profit charitable organization dedicated to providing quality low-cost education through 130 Akal Academies, healthcare, and social welfare.

Founded with the vision of socio-economic upliftment, the society has been instrumental in transforming rural areas in North India through its various initiatives. The Kalgidhar Society operates the largest Women empowerment initiative of Free Teachers Training for rural Girls, numerous educational institutions including two Universities, healthcare facilities, and social service projects, all aimed at creating a better and more equitable society.

"We are honored to establish this chair in memory of Dr. Manmohan Singh, whose legacy of economic reform and public service continues to inspire us all," said the President of The Kalgidhar Society Baru Sahib. "Through this initiative, we aim to perpetuate his vision and contribute to the academic and socio-economic development of our nation."

The **'Dr. Manmohan Singh Chair in Development Economics'** will focus on conducting cutting-edge research, organizing seminars and conferences, and publishing scholarly work that reflects Dr. Singh's contributions to economic policy and development. It will also provide a platform for students and researchers to engage in meaningful dialogue and explore innovative solutions to contemporary economic challenges.



ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਅਚਾਨਕ ਦੇਹਾਂਤ ਨਾਲ ਦੇਸ਼ ਨੇ ਆਪਣੇ ਇਕ ਅਨਮੋਲ ਰਤਨ ਨੂੰ ਖੋ ਦਿੱਤਾ ਹੈ। ਅਡੋਲ ਇਮਾਨਦਾਰੀ, ਨਿਮਰਤਾ ਅਤੇ ਜਨਤਕ ਨੀਤੀ ਵਿਚ ਗਹਿਰੇ ਗਿਆਨ ਕਰਕੇ ਜਾਣੇ ਜਾਣ ਵਾਲੇ ਡਾ. ਸਿੰਘ ਨੇ ਆਪਣੀਆਂ ਉਦਾਰੀਕਰਨ ਨੀਤੀਆਂ ਰਾਹੀਂ ਦੇਸ਼ ਨੂੰ ਗਹਿਰੇ ਆਰਥਿਕ ਸੰਕਟ ਵਿਚੋਂ ਬਾਹਰ ਕੱਢਿਆ ਅਤੇ ਤੇਜ਼ੀ ਨਾਲ ਵਿਕਾਸ ਦੀ ਰਾਹ 'ਤੇ ਲੈ ਕੇ ਜਾਣ ਵਾਲੇ ਉਪਰਾਲੇ ਕੀਤੇ।

ਡਾ. ਸਿੰਘ ਦੇ ਮਹਾਨ ਅਕਾਦਮਿਕ ਯੋਗਦਾਨ ਅਤੇ ਦੇਸ਼ ਅਤੇ ਸਮਾਜ ਪ੍ਰਤੀ ਉਨ੍ਹਾਂ ਦੀ ਸੇਵਾ ਨੂੰ ਸਨਮਾਨਿਤ ਕਰਦੇ ਹੋਏ, ਕਲਗੀਧਰ ਸੁਸਾਇਟੀ ਬੜੂ ਸਾਹਿਬ ਨੇ ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਪੰਜਾਬ) ਵਿਖੇ 'ਡਾ. ਮਨਮੋਹਨ ਸਿੰਘ ਚੇਅਰ ਇਨ ਡਿਵੈਲਪਮੈਂਟ ਇਕਨੌਮਿਕਸ' ਦੀ ਸਥਾਪਨਾ ਕਰਨ ਦਾ ਫੈਸਲਾ ਕੀਤਾ ਹੈ। ਇਹ ਚੇਅਰ ਡਾ. ਸਿੰਘ ਦੇ ਦਰਸ਼ਨਾਤਮਕ ਵਿਚਾਰਾਂ 'ਤੇ ਗਹਿਨ ਖੋਜ ਕਰੇਗੀ, ਜੋ ਆਰਥਿਕ ਵਿਕਾਸ ਦੀ ਸਮਝ ਨੂੰ ਡੂੰਘਾ ਕਰਨ ਦੇ ਨਾਲ-ਨਾਲ ਭਵਿੱਖ ਦੀ ਪੀੜ੍ਹੀ ਨੂੰ ਉਨ੍ਹਾਂ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕਰੇਗੀ।

### ਕਲਗੀਧਰ ਸੁਸਾਇਟੀ ਬਾਰੇ:

ਕਲਗੀਧਰ ਸੁਸਾਇਟੀ, ਜੋ 'ਬੜੂ ਸਾਹਿਬ' ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ, ਇੱਕ ਗੈਰ-ਲਾਭਕਾਰੀ ਚੈਰੀਟੇਬਲ ਸੰਸਥਾ ਹੈ ਜੋ 130 ਅਕਾਲ ਅਕੈਡਮੀਆਂ ਰਾਹੀਂ ਗੁਣਵੱਤਾ ਅਤੇ ਘੱਟ ਲਾਗਤ ਵਾਲੀ ਸਿੱਖਿਆ, ਸਿਹਤ ਸੰਭਾਲ ਅਤੇ ਸਮਾਜਿਕ ਭਲਾਈ ਪ੍ਰਦਾਨ ਕਰਨ ਲਈ ਸਮਰਿਪਤ ਹੈ।

ਸਮਾਜਿਕ-ਆਰਥਿਕ ਤਰੱਕੀ ਲਿਆਉਣ ਦੇ ਆਸ਼ੇ ਨਾਲ ਸਥਾਪਿਤ ਇਹ ਸੰਸਥਾ ਉਤਰ ਭਾਰਤ ਦੇ ਪਿੰਡਾਂ ਵਿਚ ਅਨੇਕ ਪਹਿਲਾਂ ਕਰਦਿਆਂ ਇਕ ਸਕਾਰਾਤਮਕ ਬਦਲਾਅ ਲਿਆ ਰਹੀ ਹੈ। ਕਲਗੀਧਰ ਸੁਸਾਇਟੀ ਪਿੰਡਾਂ ਦੀਆਂ ਲੜਕੀਆਂ ਲਈ ਮੁਫ਼ਤ ਅਧਿਆਪਕ ਸਿਖਲਾਈ ਦੇ ਸਭ ਤੋਂ ਵੱਡੇ ਉਪਰਾਲੇ ਦੇ ਨਾਲ-ਨਾਲ ਦੋ ਯੂਨੀਵਰਸਿਟੀਆ, ਅਨੇਕਾਂ ਸਿੱਖਿਆ ਸੰਸਥਾਵਾਂ, ਸਿਹਤ ਸਹੂਲਤਾਂ ਅਤੇ ਸਮਾਜ ਸੇਵਾ ਦੇ ਪ੍ਰਾਜੈਕਟਾਂ ਨੂੰ ਚਲਾਉਂਦੀ ਹੈ, ਜੋ ਸਮਾਜ ਵਿਚ ਬਰਾਬਰੀ ਅਤੇ ਸਕਾਰਾਤਮਕ ਬਦਲਾਅ ਲਈ ਵਚਨਬੱਧ ਹੈ।

ਕਲਗੀਧਰ ਸੁਸਾਇਟੀ ਬੜੂ ਸਾਹਿਬ ਦੇ ਪ੍ਰਧਾਨ ਅਨੁਸਾਰ: "ਡਾ. ਮਨਮੋਹਨ ਸਿੰਘ ਦੀ ਯਾਦ ਵਿਚ ਇਸ ਚੇਅਰ ਦੀ ਸਥਾਪਨਾ ਕਰਨਾ ਸਾਡੇ ਲਈ ਮਾਣ ਵਾਲੀ ਗੱਲ ਹੈ, ਜਿਨ੍ਹਾਂ ਦੀ ਆਰਥਿਕ ਸੁਧਾਰ ਅਤੇ ਜਨਸੇਵਾ ਦੀ ਵਿਰਾਸਤ ਸਾਨੂੰ ਸਦਾ ਪ੍ਰੇਰਿਤ ਕਰਦੀ ਰਹੇਗੀ। ਇਸ ਉਪਰਾਲੇ ਦਾ ਉਦੇਸ਼ ਉਨ੍ਹਾਂ ਦੇ ਇਸ ਆਸ਼ੇ ਨੂੰ ਸਦੀਵੀ ਬਣਾਉਣ ਅਤੇ ਦੇਸ਼ ਦੇ ਅਕਾਦਮਿਕ ਅਤੇ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਦਾ ਹੈ।"

'ਡਾ. ਮਨਮੋਹਨ ਸਿੰਘ ਚੇਅਰ ਇਨ ਡਿਵੈਲਪਮੈਂਟ ਇਕਨੌਮਿਕਸ' ਡਾ. ਸਿੰਘ ਦੇ ਆਰਥਿਕ ਨੀਤੀ ਅਤੇ ਵਿਕਾਸ ਸੰਬੰਧੀ ਯੋਗਦਾਨ ਨੂੰ ਦਰਸਾਉਂਦੇ ਹੋਏ ਗਹਿਨ ਖੋਜ, ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਨ ਅਤੇ ਵਿਦਵਾਨੀ ਕਿਤਾਬਾਂ ਪ੍ਰਕਾਸ਼ਿਤ ਕਰਨ 'ਤੇ ਧਿਆਨ ਦੇਵੇਗੀ। ਇਹ ਵਿਦਿਆਰਥੀਆਂ ਅਤੇ ਖੋਜੀਆਂ ਨੂੰ ਅਰਥਪੂਰਨ ਸੰਵਾਦ ਅਤੇ ਸਮਕਾਲੀ ਆਰਥਿਕ ਚੁਣੌਤੀਆਂ ਲਈ ਨਵੇਂ ਉਸਾਰੂ ਹੱਲਾਂ ਦੀ ਪੜਚੋਲ ਕਰਨ ਦਾ ਮੰਚ ਪ੍ਰਦਾਨ ਕਰੇਗੀ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਦਿ ਕਲਗੀਧਰ ਸੁਸਾਇਟੀ ਬੜੂ ਸਾਹਿਬ**
**ਫੋਨ: +91-98111-08329 (ਜਸਪ੍ਰੀਤ ਸਿੰਘ); ਈ-ਮੇਲ: info@barusahib.org**

**The Kalgidhar Society**
**Delhi Office: F-3, Rajouri Garden, New Delhi: 110027, Call: 011-42434243**
**info@barusahib.org**

**REGD. Office: Baru Sahib, Via Rajgarh,**
**Distt. Sirmaur, Himachal Pardesh 173101, INDIA**
**www.barusahib.org**

**ਵੱਲੋਂ: ਮੇਜਰ ਗੁਰਚਰਨ ਸਿੰਘ ਝੱਜ**